ਸਤਾਰਵਾਂ ਸਾਲ

PARDES TIMES

17th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ | pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 17 | No. 411 | November 30, 2022 | E-mali : info@pardestimes.com | Ph 510-938-7771, 510-516-3536

## ਦੁਨੀਆ ਦਾ ਸਭ ਤੋਂ ਵੱਡਾ ਜਵਾਲਾਮੁਖੀ ਫਟਿਆ, ਕਈ ਕਿਲੋਮੀਟਰ ਤੱਕ ਫੈਲਿਆ ਧੂੰਆਂ

ਹੋਨੋਲੂਲੂ- ਅਮਰੀਕਾ ਦੇ ਹਵਾਈ ਟਾਪੂ ਵਿੱਚ ਮੌਨਾ ਲੋਆ ਜਵਾਲਾਮੁਖੀ ਫਟਣਾ ਸ਼ੁਰੂ ਹੋ ਗਿਆ ਹੈ। ਅਧਿਕਾਰੀਆਂ ਨੇ ਸੋਮਵਾਰ ਨੂੰ ਦੱਸਿਆ ਕਿ ਜਵਾਲਾਮੁਖੀ ਦੇ ਫਟਣ ਨਾਲ ਕਈ ਕਿਲੋਮੀਟਰ ਤੱਕ ਅਸਮਾਨ ਸੁਆਹ ਅਤੇ ਧੂੰਏਂ ਨਾਲ ਭਰ ਗਿਆ। ਅਮਰੀਕੀ ਭੂ-ਵਿਗਿਆਨ ਸਰਵੇਖਣ ਨੇ ਕਿਹਾ ਕਿ ਬਿਗ ਆਈਲੈਂਡ 'ਤੇ ਜਵਾਲਾਮੁਖੀ ਦੇ ਸਿਖਰ 'ਤੇ ਕੈਲਡੇਰਾ ਐਤਵਾਰ ਦੇਰ ਰਾਤ ਫਟਣਾ ਸ਼ੁਰੂ ਹੋ ਗਿਆ। ਅਧਿਕਾਰੀਆਂ ਨੇ ਮੌਨਾ ਲੋਆ ਲਾਵਾ ਦੇ ਨੇੜੇ ਰਹਿਣ



ਵਾਲੇ ਨਿਵਾਸੀਆਂ ਨੂੰ ਸੁਚੇਤ ਰਹਿਣ ਦੀ ਚੇਤਾਵਨੀ ਦਿੱਤੀ ਹੈ। ਜਵਾਲਾਮੁਖੀ ਦੇ ਸਿਖਰ 'ਤੇ ਹਾਲ ਹੀ ਵਿਚ ਆਏ ਭੂਚਾਲ ਕਾਰਨ ਵਿਗਿਆਨੀ ਅਲਰਟ 'ਤੇ ਸਨ। ਆਖਰੀ ਵਾਰ ਇਹ ਜਵਾਲਾਮੁਖੀ ਸਾਲ 1984 ਵਿੱਚ ਫਟਿਆ ਸੀ। ਨਿਊਜ਼ ਏਜੰਸੀ ਰਾਇਟਰਜ਼ ਨੇ ਵੱਖ-ਵੱਖ ਸਾਲਾਂ ਤੋਂ ਮੌਨਾ ਲੋਆ ਜਵਾਲਾਮੁਖੀ ਦੀਆਂ ਦੋ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਪਹਿਲੀ ਤਸਵੀਰ ਜਵਾਲਾਮੁਖੀ ਫਟਣ ਤੋਂ ਪਹਿਲਾਂ ਦੇ ਸਾਲ 1975 ਦੀ ਹੈ ਅਤੇ ਦੂਜੀ ਤਸਵੀਰ 25 ਮਾਰਚ 1984 ਦੀ ਹੈ। ਦੱਸ ਦੇਈਏ ਕਿ ਮੌਨਾ ਲੋਆ ਸਮੁੰਦਰ ਤਲ ਤੋਂ 13,679 ਫੁੱਟ (4,169 ਮੀਟਰ) ਉਚਾਈ 'ਤੇ ਹੈ। ਕਿਲਾਉਆ ਜਵਾਲਾਮੁਖੀ ਮੌਨਾ ਲੋਆ ਦੇ ਨੇੜੇ ਸਥਿਤ ਹੈ। ਸਾਲ 2018 ਵਿੱਚ, ਕਿਲਾਉਆ ਜਵਾਲਾਮੁਖੀ ਫਟਿਆ, ਜਿਸ ਨਾਲ 700 ਘਰ ਤਬਾਹ ਹੋ ਗਏ।

ਜ਼ਿਕਰਯੋਗ ਕਿ ਬਿਗ ਆਈਲੈਂਡ 'ਤੇ ਕਰੀਬ 2 ਲੱਖ ਲੋਕ ਰਹਿੰਦੇ ਹਨ, ਜਿਨ੍ਹਾਂ 'ਚ ਰੋਜ਼ੇਨ ਬਾਰ ਅਤੇ ਮੈਥਿਊ ਮੈਕਕੌਂਕੀ ਵਰਗੀਆਂ ਮਸ਼ਹੂਰ ਹਸਤੀਆਂ ਸ਼ਾਮਲ ਹਨ। ਮੌਨਾ ਲੋਆ ਜੁਆਲਾਮੁਖੀ ਦੀ ਵਿਸ਼ਾਲਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਇਹ ਹਵਾਈ ਦੇ ਅੱਧੇ ਤੋਂ ਵੱਧ ਹਿੱਸੇ 'ਤੇ ਕਾਬਜ਼ ਹੈ। ਵਰਣਨਯੋਗ ਹੈ ਕਿ 14 ਅਕਤੂਬਰ ਨੂੰ ਮੌਨਾ ਲੋਆ 'ਚ 5.0 ਤੀਬਰਤਾ ਦੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਸਨ।

## ਅੱਤਵਾਦੀਆਂ, ਗੈਂਗਸਟਰਾਂ ਤੇ ਨਸ਼ਾ ਸਮਗਲਰਾਂ ਵਿਰੁੱਧ ਛਾਪੇਮਾਰੀਆਂ ਜਾਰੀ

### ਪੰਜਾਬ 'ਚ ਨਵੇਂ ਅਸਲਾ ਲਾਇਸੈਂਸ ਜਾਰੀ ਕਰਨ 'ਤੇ ਕੋਈ ਪਾਬੰਦੀ ਨਹੀਂ

ਨਵੀਂ ਦਿੱਲੀ- ਰਾਸ਼ਟਰੀ ਜਾਂਚ ਏਜੰਸੀ ਨੇ ਮੰਗਲਵਾਰ ਨੂੰ ਉੱਤਰ ਪ੍ਰਦੇਸ਼, ਪੰਜਾਬ ਤੇ ਦਿੱਲੀ ਸਮੇਤ ਕਈ ਰਾਜਾਂ 'ਚ ਛਾਪੇਮਾਰੀ ਕੀਤੀ। ਐਨਆਈਏ ਨੇ ਗੈਂ-ਗਸਟਰਾਂ ਦੇ ਟਿਕਾਣਿਆਂ ਦਾ ਪਰਦਾਫਾਸ਼ ਕਰਨ ਲਈ ਮੰਗਲਵਾਰ ਸਵੇਰੇ ਦਿੱਲੀ, ਪੰਜਾਬ, ਰਾਜਸਥਾਨ, ਹਰਿਆਣਾ ਅਤੇ ਯੂਪੀ ਦੇ ਕਈ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਭਾਰਤ ਅਤੇ ਵਿਦੇਸ਼ਾਂ 'ਚ ਸਥਿਤ ਅੱਤਵਾਦੀਆਂ, ਗੈਂਗਸਟਰਾਂ ਅਤੇ ਡਰੱਗ ਸਮੱਗਲਰਾਂ ਵਿਚਾਲੇ ਵਧ ਰਹੇ ਗਠਜੋੜ ਦਾ ਪਰਦਾਫਾਸ਼ ਕਰਨ ਲਈ ਐਨਆਈਏ ਨੇ ਦਿੱਲੀ ਸਮੇਤ ਚਾਰ ਸੂਬਿਆਂ ਦੇ ਛੇ ਤੋਂ ਵੱਧ ਜ਼ਿਲਿਆਂ 'ਚ ਛਾਪੇਮਾਰੀ ਕੀਤੀ। ਐਨਆਈਏ ਵੱਲੋਂ ਗੈਂਗਸਟਰਾਂ ਨਾਲ ਜੁੜੇ ਰਿਹਾਇਸ਼ੀ ਅਤੇ ਹੋਰ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਇਹ ਛਾਪੇ ਲਾਰੈਂਸ ਬਿਸ਼ਨੋਈ, ਨੀਰਜ ਬਵਾਨਾ, ਟਿੱਲੂ ਤਾਜਪੁਰੀਆ ਅਤੇ ਗੋਲਡੀ ਬਰਾੜ ਦੇ ਗਠਜੋੜ 'ਤੇ ਕੇਂਦਰਿਤ ਸਨ। ਇਹ ਪਹਿਲਾਂ ਹੀ ਅੱਤਵਾਦ ਵਿਰੋਧੀ ਏਜੰਸੀ ਦੇ ਨਿਸ਼ਾਨੇ 'ਤੇ ਹੈ। ਐਨਆਈਏ ਵੱਲੋਂ ਕਈ ਗੈਂਗਸਟਰਾਂ ਤੋਂ ਪੁੱਛਗਿੱਛ ਤੋਂ ਬਾਅਦ ਛਾਪੇਮਾਰੀ ਦੀ ਯੋਜਨਾ ਬਣਾਈ ਗਈ ਸੀ। ਅਕਤੂਬਰ ਵਿੱਚ ਐਨਆਈਏ ਨੇ ਦਿੱਲੀ ਸਮੇਤ ਉੱਤਰੀ ਭਾਰਤ ਦੇ ਚਾਰ ਰਾਜਾਂ ਵਿੱਚ 52 ਥਾਵਾਂ 'ਤੇ ਛਾਪੇ ਮਾਰੇ ਸਨ। ਛਾਪੇਮਾਰੀ ਵਿੱਚ ਹਰਿਆਣਾ ਦੇ ਇੱਕ ਵਕੀਲ ਅਤੇ ਇੱਕ ਗੈਂਗਸਟਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫਤਾਰ ਵਕੀਲ ਦੀ ਪਛਾਣ ਉੱਤਰ ਪੂਰਬੀ ਦਿੱਲੀ ਦੇ ਉਸਮਾਨਪੁਰ ਖੇਤਰ ਦੇ ਗੌਤਮ ਵਿਹਾਰ ਦੇ ਰਹਿਣ ਵਾਲੇ ਆਸਿਫ ਖਾਨ ਵਜੋਂ ਹੋਈ ਹੈ। ਏਜੰਸੀ ਦੇ ਅਧਿਕਾਰੀਆਂ ਨੇ ਉਸ ਦੇ ਘਰ ਦੀ ਤਲਾਸ਼ੀ ਦੌਰਾਨ ਉਸ ਦੇ ਘਰੋਂ ਚਾਰ ਹਥਿਆਰ ਅਤੇ ਕੁਝ ਪਿਸਤੌਲਾਂ ਸਮੇਤ ਗੋਲਾ ਬਾਰੂਦ ਬਰਾਮਦ ਕੀਤੇ ਜਾਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।



ਇੱਧਰ ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈਜੀਪੀ) ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਸਪੱਸ਼ਟ ਕੀਤਾ ਹੈ ਕਿ ਸੂਬੇ ਵਿੱਚ ਨਵੇਂ ਅਸਲਾ ਲਾਇਸੈਂਸ ਜਾਰੀ ਕਰਨ ਅਤੇ ਸਵੈ-ਰੱਖਿਆ ਲਈ ਇਨ੍ਹਾਂ ਨੂੰ ਆਪਣੇ ਕੋਲ ਰੱਖਣ 'ਤੇ ਕੋਈ ਪਾਬੰਦੀ ਨਹੀਂ ਹੈ। ਹਥਿਆਰਾਂ ਦੇ ਦਿਖਾਵੇ ਖ਼ਿਲਾਫ਼ ਵਿੱਢੀ ਮੁਹਿੰਮ ਬਾਰੇ ਭਰਮ-ਭੁਲੇਖਿਆਂ ਨੂੰ ਦੂਰ ਕਰਦਿਆਂ ਉਨ੍ਹਾਂ ਦੱਸਿਆ ਕਿ ਕੋਈ ਵੀ ਵਿਅਕਤੀ ਆਪਣਾ ਲਾਇਸੈਂਸਸ਼ੁਦਾ ਹਥਿਆਰ ਆਪਣੇ ਕੋਲ ਰੱਖ ਸਕਦਾ ਹੈ, ਪਰ ਮਹਿਜ਼ ਦਿਖਾਵੇ ਜਾਂ ਕਿਸੇ ਨੂੰ ਡਰਾਉਣ ਧਮਕਾਉਣ ਲਈ ਇਸ ਦਾ ਪ੍ਰਦਰਸ਼ਨ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਅੱਗੇ ਕਿਹਾ ਕਿ ਇਸੇ ਤਰ੍ਹਾਂ ਨਵੇਂ ਅਸਲਾ ਲਾਇਸੈਂਸ ਚੰਗੀ ਤਰ੍ਹਾਂ ਤਸਦੀਕ ਕਰਨ ਉਪਰੰਤ ਕਿਸੇ ਵਿਅਕਤੀ ਨੂੰ ਖ਼ਤਰੇ ਸਬੰਧੀ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਮੈਰਿਟ ਦੇ ਆਧਾਰ 'ਤੇ ਜਾਰੀ ਕੀਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਹਥਿਆਰਾਂ ਦੇ ਦਿਖਾਵੇ ਅਤੇ ਇਸ ਨੂੰ ਉਤਸ਼ਾਹਿਤ ਕਰਨ ਸਬੰਧੀ ਰੁਝਾਨ ਨੂੰ ਠੱਲ੍ਹ ਪਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ 'ਤੇ ਇਹ ਮੁਹਿੰਮ ਚਲਾਈ ਗਈ ਹੈ। ਇਸ ਮੁਹਿੰਮ ਤਹਿਤ ਲਾਇਸੈਂਸਧਾਰਕਾਂ ਦੇ ਪਤੇ ਦੀ ਤਸਦੀਕ ਕਰਨ ਦੇ ਨਾਲ-ਨਾਲ ਲਾਇਸੈਂਸਸ਼ੁਦਾ ਹਥਿਆਰਾਂ ਦੀ ਪੜਤਾਲ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਲੋਕਾਂ ਨੂੰ ਹਥਿਆਰਾਂ ਦੇ ਪ੍ਰਦਰਸ਼ਨ ਤੋਂ ਰੋਕਣ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਹਥਿਆਰਾਂ ਨਾਲ ਆਪਣੀਆਂ ਤਸਵੀਰਾਂ ਹਟਾਉਣ ਲਈ 72 ਘੰਟਿਆਂ ਦਾ ਸਮਾਂ ਦਿੱਤਾ ਗਿਆ ਸੀ।

ਆਈਜੀਪੀ ਨੇ ਕਿਹਾ ਕਿ ਇਸ ਦੇ ਨਾਲ ਹੀ ਨਫ਼ਰਤੀ ਅਪਰਾਧਾਂ ਸਬੰਧੀ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਸਾਰੇ ਸੀਪੀਜ਼/ਐੱਸਐੱਸਪੀਜ਼ ਨੂੰ ਨਫ਼ਰਤ ਫੈਲਾਉਣ ਵਾਲਿਆਂ, ਜੋ ਸਮਾਜਿਕ ਤੇ ਆਪਸੀ ਭਾਈਚਾਰੇ ਦੇ ਤਾਣੇ-ਬਾਣੇ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਕਰਦੇ ਹਨ, ਖ਼ਿਲਾਫ਼ ਜ਼ੀਰੋ ਸਹਿਣਸ਼ੀਲਤਾ ਨੀਤੀ ਅਪਣਾਉਣ ਲਈ ਵੀ ਕਿਹਾ।

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545


See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL


Allstate
You're in good hands.
Avninder Singh
Insurance Specialist, CA Lic. # 0822501
Auto • Home • Life • Health • Business • Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544


Raj Budwal
(Investment and Fiancial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ
ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ
ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ

TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000

Gurdawar Singh Mann

Gurcharan Singh Mann
MANN@GGIABA.COM
Mann Insurance Brokers Inc.
4123 Dyer St., #230, Union City, CA 94587

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ

ਕੈਲੀਫੋਰਨੀਆ ਦਫਤਰ: 3155 Kearney Street Fremont , CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

# ਫੀਫਾ ਵਿਸ਼ਵ ਕੱਪ ਅਤੇ ਕਤਰ ਨਾਲ ਜੁੜੇ ਵਿਵਾਦ ਕੀ ਨੇ




ਫੀਫਾ ਵਿਸ਼ਵ ਕੱਪ ਦੀ ਜੋਰ ਸ਼ੋਰ ਨਾਲ ਸ਼ੁਰੂਆਤ ਹੋ ਗਈ ਹੈ ਪਰ ਵਿਵਾਦ ਇਸ ਫੁੱਟਬਾਲ ਟੂਰਨਾਮੈਂਟ ਦਾ ਪਿੱਛਾ ਨਹੀਂ ਛੱਡ ਰਹੇ ਹਨ। ਅਕਸਰ ਗਰਮੀਆਂ ਵਿੱਚ ਹੋਣ ਵਾਲਾ ਵਿਸ਼ਵ ਕੱਪ ਇਸ ਵਾਰ ਸਰਦੀਆਂ ਦੇ ਮੌਸਮ ਵਿੱਚ ਕਤਰ ਵਿੱਚ ਹੋ ਰਿਹਾ ਹੈ। ਇਸ ਫੁੱਟਬਾਲ ਵਿਸ਼ਵ ਕੱਪ ਵਿੱਚ ਦੁਨੀਆਂ ਭਰ ਤੋਂ ਆਈਆਂ ਕੁੱਲ 32 ਟੀਮਾਂ ਹਿੱਸਾ ਲੈ ਰਹੀਆਂ ਹਨ। ਲੱਖਾਂ ਦਰਸ਼ਕ ਵੀ ਮੈਚਾਂ ਦਾ ਆਨੰਦ ਮਾਣਨ ਕਤਰ ਪਹੁੰਚ ਰਹੇ ਹਨ। ਕਤਰ ਵਲੋਂ ਮਹਿਮਾਨਾਂ ਲਈ ਲੋੜੀਂਦੇ ਪ੍ਰਬੰਧ ਕਰਨ ਲਈ ਨਵੇਂ ਬੁਨਿਆਦੀ ਢਾਂਚੇ ਦੇ ਨਿਰਮਾਣ 'ਤੇ ਕਾਫ਼ੀ ਜ਼ੋਰ ਦਿੱਤਾ ਗਿਆ। ਸਟੇਡੀਅਮਾਂ ਤੋਂ ਇਲਾਵਾ 100 ਨਵੇਂ ਹੋਟਲ ਵੀ ਬਣਵਾਏ। ਇੰਨਾਂ ਹੀ ਨਹੀਂ ਨਵੀਂਆਂ ਸੜਕਾਂ ਵੀ ਬਣਾਈਆਂ ਗਈਆਂ। ਪਰ ਇਹ ਉਤਸ਼ਾਹ ਭਰਿਆ ਆਗਾਜ਼ ਕਤਰ ਲਈ ਸੌਖਾ ਨਹੀਂ ਰਿਹਾ। ਕਿਸੇ ਖਾੜੀ ਮੁਲਕ ਵਿੱਚ ਹੋ ਰਹੇ ਪਹਿਲੇ ਵਿਸ਼ਵ ਕੱਪ ਦੇ ਨਾਲ ਵਿਵਾਦ ਵੀ ਸ਼ੁਰੂਆਤ ਤੋਂ ਹੀ ਜੁੜ ਗਏ ਸਨ। ਕਤਰ 'ਤੇ ਮੇਜ਼ਬਾਨੀ ਲਈ ਫੀਫਾ ਨੂੰ ਰਿਸ਼ਵਤ ਦੇਣ ਦੇ ਇਲਜ਼ਾਮ ਲੱਗੇ, ਮਨੁੱਖੀ ਅਧਿਕਾਰਾਂ ਦਾ ਮਸਲਾ 'ਤੇ ਐੱਲਜੀਬੀਟੀਕਿਉ ਭਾਈਚਾਰੇ ਦੇ ਲੋਕਾਂ ਨਾਲ ਰਵੱਈਏ ਦਾ ਮਾਮਲਾ ਅੱਜ ਤੱਕ ਭਖਿਆ ਹੋਇਆ ਹੈ।

**ਪ੍ਰਵਾਸੀ ਮਜ਼ਦੂਰਾਂ ਦੀਆਂ ਮੌਤਾਂ**

ਪਿਛਲੇ ਸਾਲ ਗਾਰਡੀਅਨ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਮੁਤਾਬਕ ਕਤਰ ਦੇ ਮੇਜ਼ਬਾਨ ਬਣਨ ਤੋਂ ਬਾਅਦ 2010 ਤੋਂ ਲੈ ਕੇ 2020 ਦਰਮਿਆਨ ਭਾਰਤ, ਪਾਕਿਸਤਾਨ, ਨੇਪਾਲ, ਸ਼੍ਰੀਲੰਕਾ ਅਤੇ ਬੰਗਲਾਦੇਸ਼ ਤੋਂ ਕਤਰ ਵਿੱਚ ਨਿਰਮਾਣ ਕਾਰਜਾਂ ਲਈ ਗਏ ਮਜ਼ਦੂਰਾਂ ਵਿੱਚੋਂ 6,500 ਪ੍ਰਵਾਸੀ ਮਜ਼ਦੂਰਾਂ ਦੀ ਮੌਤ ਹੋ ਚੁੱਕੀ ਹੈ। ਕਾਮਿਆਂ ਦੇ ਅਧਿਕਾਰਾਂ ਨਾਲ ਸਬੰਧਤ ਸਮੂਹ ਫੇਅਰ ਸਕੁਏਅਰ ਦਾ ਕਹਿਣਾ ਹੈ ਕਿ ਮਰਨ ਵਾਲਿਆਂ ਵਿੱਚ ਕਈ ਵਰਲਡ ਕੱਪ ਇੰਫਰਾਸਟਰੱਕਚਰ ਪ੍ਰਾਜੈਕਟ 'ਚ ਕੰਮ ਕਰ ਰਹੇ ਸਨ।

ਕਤਰ ਸਰਕਾਰ ਨੇ ਇਸ ਬਾਰੇ ਸਪੱਸ਼ਟੀਕਰਨ ਦਿੰਦਿਆਂ ਅੰਕੜਿਆਂ ਨੂੰ ਗੁੰਮਰਾਹ ਕਰ ਵਾਲੇ ਦੱਸਿਆ ਸੀ। ਸਰਕਾਰ ਦਾ ਕਹਿਣਾ ਸੀ ਕਿ ਮਰਨ ਵਾਲਿਆਂ ਵਿੱਚ ਹਜ਼ਾਰਾਂ ਅਜਿਹੇ ਲੋਕ ਸ਼ਾਮਿਲ ਹਨ ਜੋ ਕਤਰ ਵਿੱਚ ਕਈ ਸਾਲਾਂ ਤੱਕ ਰਹਿਣ ਅਤੇ ਕੰਮ ਕਰਨ ਤੋਂ ਬਾਅਦ ਮੌਤ ਦਾ ਸ਼ਿਕਾਰ ਹੋਏ ਸਨ। ਸਰਕਾਰ ਦੇ ਮੁਤਾਬਕ ਇਨ੍ਹਾਂ ਵਿੱਚੋਂ ਕਈ ਲੋਕ ਭਵਨ ਨਿਰਮਾਣ ਸੈਕਟਰ ਵਿੱਚ ਨੌਕਰੀ ਨਹੀਂ ਕਰ ਰਹੇ ਸਨ। ਕਤਰ ਦਾ ਕਹਿਣਾ ਹੈ ਕਿ 2014-2020 ਦਰਮਿਆਨ ਵਰਲਡ ਕੱਪ ਸਟੇਡੀਅਮ ਬਣਾਉਣ ਵਾਲੇ ਮਜ਼ਦੂਰਾਂ ਵਿਚੋਂ 37 ਦੀ ਮੌਤ ਗਈ ਸੀ। ਦੱਸਿਆ ਗਿਆ ਹੈ ਕਿ ਇਨ੍ਹਾਂ ਵਿੱਚੋਂ 34 ਮੌਤਾਂ ਕੰਮ ਕਰਕੇ ਨਹੀਂ ਹੋਈਆਂ ਸਨ।

**ਮਨੁੱਖੀ ਅਧਿਕਾਰ ਸੰਸਥਾਵਾਂ ਦਾ ਕੀ ਕਹਿਣਾ ਹੈ?**

ਇਸ ਮਾਮਲੇ 'ਤੇ ਐਮਨੈਸਟੀ ਇੰਟਰਨੈਸ਼ਨਲ ਦਾ ਕਹਿਣਾ ਹੈ ਕਿ ਉਸ ਕੋਲ ਕੋਈ ਸਪੱਸ਼ਟ ਅੰਕੜਾ ਨਹੀਂ ਹੈ ਕਿਉਂਕਿ ਕਤਰ ਦੇ ਅਧਿਕਾਰੀ ਪਿਛਲੇ ਦਹਾਕੇ ਦੌਰਾਨ ਹਜ਼ਾਰਾਂ ਪ੍ਰਵਾਸੀ ਮਜ਼ਦੂਰਾਂ ਦੀਆਂ ਮੌਤਾਂ ਦੀ ਜਾਂਚ ਕਰਨ ਵਿੱਚ ਅਸਫ਼ਲ ਰਹੇ ਹਨ।

ਸਾਲ 2016 ਵਿੱਚ ਮਾਨਵ ਅਧਿਕਾਰ ਸਮੂਹ ਐਮਨੈਸਟੀ ਇੰਟਰਨੈਸ਼ਨਲ ਨੇ ਕਤਰ ਉੱਪਰ ਜ਼ਬਰਦਸਤੀ ਮਜ਼ਦੂਰਾਂ ਤੋਂ ਕੰਮ ਕਰਵਾਉਣ ਦੇ ਇਲਜ਼ਾਮ ਲਗਾਏ ਸਨ। ਇਨ੍ਹਾਂ ਇਲਜ਼ਾਮਾਂ ਵਿੱਚ ਆਖਿਆ ਗਿਆ ਸੀ ਕਿ ਬਹੁਤ ਸਾਰੇ ਮਜ਼ਦੂਰਾਂ ਨੂੰ ਗ਼ੈਰ-ਮਨੁੱਖੀ ਤਰੀਕੇ ਨਾਲ ਰੱਖਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਰਿਹਾਇਸ਼ ਲਈ ਸਹੀ ਵਿਵਸਥਾ ਨਹੀਂ ਕੀਤੀ ਗਈ। ਇਲਜ਼ਾਮਾਂ ਵਿੱਚ ਆਖਿਆ ਗਿਆ ਕਿ ਕਈ ਮਜ਼ਦੂਰਾਂ ਦੇ ਪਾਸਪੋਰਟ ਵੀ ਜ਼ਬਤ ਕਰ ਲਏ ਗਏ ਸਨ। ਹਿਊਮਨ ਰਾਈਟ ਵਾਚ ਦੀ 2021 ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਪਰਵਾਸੀ ਮਜ਼ਦੂਰ ਹੁਣ ਵੀ ਤਨਖ਼ਾਹ ਵਿੱਚ ਗ਼ੈਰਕਾਨੂੰਨੀ ਤਰੀਕੇ ਨਾਲ ਕੀਤੀ ਗਈ ਕਟੌਤੀ ਝੱਲ ਰਹੇ ਹਨ। ਇਸ ਦੇ ਨਾਲ ਹੀ ਦਿਨ ਭਰ ਵਿੱਚ ਕਈ ਘੰਟੇ ਕੰਮ ਕਰਨ ਦੇ ਬਾਵਜੂਦ ਕਈ ਮਹੀਨੇ ਤੱਕ ਬਿਨਾਂ ਤਨਖ਼ਾਹ ਤੋਂ ਕੰਮ ਕਰਨ ਲਈ ਮਜਬੂਰ ਸਨ।

**ਕਾਮਿਆਂ ਦੇ ਅਧਿਕਾਰ**

ਕਤਰ ਵਿੱਚ ਨਿਰਮਾਣ ਮਜ਼ਦੂਰਾਂ ਦੇ ਹੱਕ ਵਿੱਚ ਆਵਾਜ਼ ਚੁੱਕਣਾ ਇੱਕ ਮੁੱਦਾ ਬਣ ਚੁੱਕਿਆ ਹੈ। ਮਨੁੱਖੀ ਅਧਿਕਾਰ ਅਤੇ ਲੇਬਰ ਰਾਈਟਸ ਇਨਵੈਸਟੀ- ਗੇਟਿਵ ਕ - ਸਲਟੈਂਸੀ ਇਕਇਡੇਮ ਦੇ ਸੰ- ਸਥਾਪਕ ਮੁਸਤਫ਼ਾ ਕਾਦਰੀ ਕਹਿੰਦੇ ਹਨ, "ਮੈਨੂੰ ਲਗਦਾ ਹੈ ਕਿ ਫੀਫਾ ਦਾ ਇਸ ਸਭ ਨੂੰ ਸਿਆਸੀ ਮਸਲਾ ਦੱਸਣਾ ਗ਼ਲਤ ਹੈ। ਇਸ ਨਾਲ ਤੁਹਾਡੇ ਆਵਾਜ਼ ਚੁੱਕਣ 'ਤੇ ਪਾਬੰਦੀ ਲੱਗ ਸਕਦੀ ਹੈ।" ਇਸ ਸੰਗਠਨ ਨੇ ਕਤਰ ਵਿੱਚ ਸਟੇਡੀਅਮਾਂ ਦੀ ਉਸਾਰੀ ਵਿੱਚ ਕੰਮ ਕਰ ਰਹੇ ਕਾਮਿਆਂ ਨਾਲ ਗੱਲ ਕੀਤੀ ਹੈ ਅਤੇ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਮਜ਼ਦੂਰਾਂ ਨੇ ਇੱਥੇ ਨੌਕਰੀਆਂ ਲੈਣ ਲਈ ਪੈਸੇ ਦਿੱਤੇ ਹਨ। ਕਰਮਚਾਰੀਆਂ ਨੂੰ ਤਨਖ਼ਾਹ ਲੈਣ ਵਿੱਚ ਦਿੱਕਤਾਂ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਬਹੁਤ ਹੀ ਤਪਸ਼ ਵਿੱਚ ਵੱਧ ਤਾਪਮਾਨ ਵਿੱਚ ਕੰਮ ਕਰਨਾ ਪਿਆ। ਕਈ ਰਿ-ਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ 2010 ਵਿੱਚ ਕਤਰ ਦੇ ਵਿਸ਼ਵ ਕੱਪ ਦੀ ਮੇਜ਼ਬਾਨੀ ਮਿਲਣ ਤੋਂ ਬਾਅਦ 6,000 ਮਜ਼ਦੂਰਾਂ ਦੀ ਮੌਤ ਹੋ ਚੁੱਕੀ ਹੈ। ਹਾਲਾਂਕਿ, ਕਤਰ ਸਰਕਾਰ ਕਾਮਿਆਂ ਦੀ ਮੌਤ ਦੇ ਇਨ੍ਹਾਂ ਅੰਕੜਿਆਂ ਤੋਂ ਇਨਕਾਰ ਕਰਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਮਰਨ ਵਾਲਿਆਂ ਵਿੱਚ ਮਹਿਜ਼ ਤਿੰਨ ਮਜ਼ਦੂਰ ਸਨ ਜੋ ਸਟੇਡੀਅਮ ਦੀ ਉਸਾਰੀ ਦੇ ਕਾਰਜਾਂ ਨਾਲ ਸਬੰਧ ਰੱਖਦੇ ਸਨ। ਅਧਿਕ-ਾਰੀਆਂ ਦਾ ਕਹਿਣਾ ਹੈ ਕਿ ਕਤਰ ਵਿੱਚ ਕਾਫਲਾ ਪ੍ਰਣਾਲੀ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਇਹ ਇਸ ਗੱਲ ਦਾ ਸਬੂਤ ਹੈ ਕਿ ਸਥਿਤੀ ਵਿੱਚ ਸੁਧਾਰ ਹੋਇਆ ਹੈ। ਕਤਰ ਵਿੱਚ ਕਾਫਲਾ ਪ੍ਰਣਾਲੀ ਤਹਿਤ, ਕਿਸੇ ਵੀ ਪ੍ਰਵਾਸੀ ਮਜ਼ਦੂਰ ਲਈ ਨੌਕਰੀ ਬਦਲਣ ਜਾਂ ਕੋਈ ਹੋਰ ਕੰਮ ਕਰਨ ਲਈ ਆਪਣੇ ਮਾਲਕ ਦੀ ਆਗਿਆ ਲੈਣੀ ਲਾਜ਼ਮੀ ਸੀ।




**ਕਤਰ ਦਾ ਸਮ-ਲਿੰਗਿਕ ਸਬੰਧਾਂ ਬਾਰੇ ਕਾਨੂੰਨ ਕੀ ਹੈ?**

ਕਤਰ ਵਿੱਚ ਸਮ-ਲਿੰਗਿਕ ਸਬੰਧ ਗ਼ੈਰ-ਕਾਨੂੰਨੀ ਹਨ ਕਿਉਂਕਿ ਇਸਲਾਮ ਦੇ ਸ਼ਰਿਆ ਕਾਨੂੰਨ ਵਿੱਚ ਅਜਿਹੇ ਸਬੰਧਾਂ ਨੂੰ ਅਨੈਤਿਕ ਮੰਨਿਆ ਜਾਂਦਾ ਹੈ। ਸਮ-ਲਿੰਗਿਕ ਸਬੰਧਾਂ ਦੇ ਮਾਮਲੇ ਵਿੱਚ ਸਜ਼ਾ ਜ਼ੁਰਮਾਨਾਂ ਸੱਤ ਸਾਲਾਂ ਦੀ ਜੇਲ੍ਹ ਅਤੇ ਕਈ ਮਾਮਲਿਆਂ ਵਿੱਚ ਪੱਥਰ ਮਾਰ ਕੇ ਮੌਤ ਦੇ ਅੰਜਾਮ ਤੱਕ ਪਹੁੰਚਾਉਣਾ ਵੀ ਹੋ ਸਕਦੀ ਹੈ। ਕਤਰ ਵਿਸ਼ਵ ਕੱਪ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਹ ਹਰ ਇੱਕ ਦਾ ਸਵਾਗਤ ਕਰਦੇ ਹਨ ਅਤੇ ਦਾਅਵਾ ਹੈ ਕਿ ਕਿਸੇ ਨਾਲ ਵੀ ਵੱਖਰੇਵੇਂ ਵਾਲਾ ਰਵੱਈਆ ਨਹੀਂ ਰੱਖਿਆ ਜਾਵੇਗਾ। ਹਾਲਾਂਕਿ ਕਤਰ 2022 ਦੇ ਚੀਫ਼ ਐਗਜ਼ੀਕਿਊਟਿਵ ਨਾਸੀਰ ਅਲ ਖ਼ਾਤੇਰ ਕਹਿੰਦੇ ਹਨ ਕਿ ਸਮਲਿੰਗਕ ਸਬੰਧਾਂ ਬਾਰੇ ਕਾਨੂੰਨ ਨਹੀਂ ਬਦਲੇਗਾ ਤੇ ਆਉਣ ਵਾਲੇ ਲੋਕਾਂ ਨੂੰ ਸਾਡੇ ਸੱਭਿਆਚਾਰ ਦਾ ਆਦਰ ਕਰਨਾ ਪਵੇਗਾ। ਹਾਲ ਹੀ ਵਿੱਚ ਹਿਊਮਨ ਰਾਈਟਸ ਵਾਚ ਦੀ ਆਈ ਰਿਪੋਰਟ ਵਿੱਚ ਕਿਹਾ ਗਿਆ ਕਿ ਕਤਰ ਦੀਆਂ ਸੁਰੱਖਿਆ ਕਰਮਚਾਰੀ ਗੇਅ, ਲੈਸਬਈਅਨ ਤੇ ਟਰਾਂਸਜੈਂਡਰ ਲੋਕਾਂ ਨੂੰ ਗ੍ਰਿਫ਼ਤਾਰ ਕਰਨਾ ਜਾਰੀ ਰੱਖਣਗੇ। ਕਤਰ ਵਲੋਂ ਇਨ੍ਹਾਂ ਸਾਰੇ ਇਲਜ਼ਾਮਾਂ ਨੂੰ ਨਕਾਰਿਆ ਗਿਆ ਹੈ ਅਤੇ ਝੂਠੇ ਇਲਜ਼ਾਮ ਦੱਸਿਆ ਗਿਆ ਹੈ। ਫੀਫਾ ਨੇ ਵਿਸ਼ਵ ਕੱਪ ਵਿੱਚ ਹਿੱਸਾ ਲੈਣ ਵਾਲੀਆਂ 32 ਟੀਮਾਂ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ "ਹੁਣ ਫੁੱਟਬਾਲ 'ਤੇ ਧਿਆਨ ਦਿਓ"। ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਫੁੱਟਬਾਲ ਨੂੰ ਵਿਚਾਰਧਾਰਕ ਜਾਂ ਸਿਆਸੀ "ਲੜਾਈਆਂ" ਵਿੱਚ "ਘਸੀਟਿਆ" ਨਹੀਂ ਜਾਣਾ ਚਾਹੀਦਾ। ਜਵਾਬ ਵਿੱਚ, 10 ਯੂਰਪੀਅਨ ਫੁੱਟਬਾਲ ਐਸੋਸੀਏਸ਼ਨਾਂ ਜਿਨ੍ਹਾਂ ਵਿੱਚ ਇੰਗਲੈਂਡ ਅਤੇ ਵੇਲਜ਼ ਦੀਆਂ ਸੰਸਥਾਵਾਂ ਵੀ ਸ਼ਾਮਿਲ ਸਨ ਨੇ ਕਿਹਾ ਕਿ "ਮਨੁੱਖੀ ਅਧਿਕਾਰ ਸਰਵ ਵਿਆਪਕ ਹਨ ਅਤੇ ਹਰ ਥਾਂ ਲਾਗੂ ਹੁੰਦੇ ਹਨ"। ਇੰਗਲੈਂਡ ਦੇ ਕਪਤਾਨ ਹੈਰੀ ਕੇਨ ਅਤੇ ਹੋਰ ਨੌਂ ਟੀਮਾਂ ਦੇ ਕਪਤਾਨਾਂ ਵਲੋਂ ਐੱਲਜੀਬੀਟੀ-ਕਿਊ ਦੇ ਲੋਕਾਂ ਲਈ ਸਮਰਥਨ ਦਿਖਾਉਣ ਲਈ "ਵਨ ਲਵ" ਲਿਖੇ ਬੈਂਡ ਬਾਹਾਂ 'ਤੇ ਪਹਿਨੇ ਜਾਣਗੇ।

**ਕਤਰ ਵਿਸ਼ਵ ਕੱਪ ਵਿੱਚ ਸ਼ਰਾਬ ਦੀ ਪ੍ਰਵਾਨਗੀ ਬਾਰੇ ਰੌਲਾ**

ਕਤਰ ਵਿੱਚ ਬੀਅਰ ਜਾਂ ਸ਼ਰਾਬ ਪੀਣ ਵਾਲਿਆਂ ਲਈ ਜਗ੍ਹਾ ਨਿਧਾਰਿਤ ਕੀਤੀ ਗਈ ਹੈ ਜਿਥੋਂ ਉਹ ਖ਼ਰੀਦ ਸਕਣਗੇ ਤੇ ਜਿੱਥੇ ਪੀ ਸਕਣਗੇ। ਅਲਕੋਲ ਰਹਿਤ ਬੀਅਰ ਸਟੇਡੀਅਮ ਵਿੱਚ ਵੀ ਵਿਕਰੀ ਲਈ ਉਪਲੱਬਧ ਹੋਵੇਗੀ। ਕਤਰ ਵਿੱਚ ਇੱਕ ਬੀਅਰ ਦੀ ਕੀਮਤ 10 ਤੋਂ 15 ਪੌਂਡ (ਕਰੀਬ ਇੱਕ ਹਜ਼ਾਰ ਤੋਂ 1500 ਰੁਪਏ) ਹੈ।

ਆਮ ਤੌਰ 'ਤੇ ਕਤਰ ਵਿੱਚ ਲਾਇਸੰਸਸ਼ੁਦਾ ਹੋਟਲਾਂ, ਬਾਰਾਂ ਅਤੇ ਰੈਸਟੋਰੈਂਟਾਂ ਵਿੱਚ ਬੀਅਰ ਉਪਲਬਧ ਹੁੰਦੀ ਹੈ। ਹਾਲਾਂਕਿ ਵਿਸ਼ਵ ਕੱਪ ਦੌਰਾਨ ਸਟੇਡੀਅਮ ਦੇ ਫੈਨ ਜ਼ੋਨ ਅਤੇ ਬਾਹਰਲੇ ਮੈਦਾਨਾਂ ਵਿੱਚ ਬੀਅਰ ਵੇਚੀ ਜਾਵੇਗੀ। ਫੈਨ ਜ਼ੋਨ ਵਿੱਚ 500 ਮਿਲੀਲੀਟਰ ਬੀਅਰ ਦੀ ਕੀਮਤ ਲਗਭਗ 1125 ਰੁਪਏ ਹੋਵੇਗੀ। ਇਹਨਾਂ ਨਿਰਧਾਰਤ ਥਾਵਾਂ ਤੋਂ ਇਲਾਵਾ ਕਿਤੇ ਹੋਰ ਸ਼ਰਾਬ ਪੀਣ ਦੇ ਨਤੀਜੇ ਖ਼ਤਰਨਾਕ ਹੋ ਸਕਦੇ ਹਨ। ਜਿਵੇਂ ਛੇ ਮਹੀਨੇ ਦੀ ਜੇਲ੍ਹ ਜਾਂ ਕਰੀਬ 67,934 ਰੁਪਏ ਦਾ ਜੁਰਮਾਨਾ ਹੋ ਸਕਦਾ ਹੈ।

**ਠਹਿਰਣ ਦੇ ਪ੍ਰਬੰਧਾਂ ਵਿੱਚ ਕਮੀ**

ਇੱਕ ਅਜਿਹੇ ਦੇਸ਼ ਲਈ ਜੋ ਆਬਾਦੀ ਜਾਂ ਆਕਾਰ ਪੱਖੋਂ ਦੁਨੀਆ ਦੇ ਚੋਟੀ ਦੇ 100 ਸ਼ਹਿਰਾਂ ਵਿੱਚ ਵੀ ਸ਼ਾਮਲ ਨਾ ਹੋਵੇ, ਉਹ ਅਜਿਹੇ ਪ੍ਰਬੰਧ ਨਹੀਂ ਕਰ ਸਕਦਾ ਜੋ ਆਮ ਤੌਰ 'ਤੇ ਵਿਸ਼ਵ ਕੱਪ ਦੌਰਾਨ ਕੀਤੇ ਜਾਂਦੇ ਹਨ। ਮਾਰਚ ਵਿੱਚ, ਦੇਸ਼ ਵਿੱਚ ਸਿਰਫ 30,000 ਹੋਟਲ ਦੇ ਕਮਰੇ ਸਨ। ਜਦੋਂ ਕਿ ਸਰਕਾਰੀ ਅੰਕੜੇ ਦੱਸਦੇ ਹਨ ਕਿ ਇਸ ਟੂਰਨਾਮੈਂਟ ਲਈ ਦੁਨੀਆ ਭਰ ਤੋਂ ਕਰੀਬ 15 ਲੱਖ ਲੋਕ ਆ ਰਹੇ ਹਨ। ਪ੍ਰਬੰਧਕਾਂ ਨੂੰ ਉਮੀਦ ਹੈ ਕਿ ਉਹ 1 ਲੱਖ 30 ਹਜ਼ਾਰ ਕਮਰਿਆਂ ਦਾ ਪ੍ਰਬੰਧ ਕਰ ਲੈਣਗੇ। ਇਸ ਵਿੱਚ ਪ੍ਰਸ਼ੰਸਕਾਂ ਲਈ ਵੱਖਰੇ ਪਿੰਡ ਫ਼ੈਨਜ਼ ਵਿਲਜ਼ ਵਿੱਚ 9,000 ਬਿਸਤਰੇ, ਫ਼ਲੈਟਾਂ ਤੇ ਬੰਗਲਿਆਂ ਵਿੱਚ 60,000 ਕਮਰੇ, ਹੋਟਲਾਂ ਵਿੱਚ 50,000 ਕਮਰੇ ਅਤੇ ਟੂਰਨਾਮੈਂਟ ਦੌਰਾਨ ਤਟ ਉੱਤੇ ਰੋਕੇ ਗਏ ਦੋ ਕਰੂਜ਼ ਜਹਾਜ਼ਾਂ ਵਿੱਚ 4,000 ਕਮਰੇ ਸ਼ਾਮਲ ਹਨ। ਦਰਸ਼ਕਾਂ ਨੇ ਉਦਘਾਟਨੀ ਸਮਾਰੋਹ ਦੀ ਸ਼ੁਰੂਆਤ ਤੋਂ ਹੀ ਆਉਣਾ ਸ਼ੁਰੂ ਕਰ ਦਿੱਤਾ ਸੀ ਪਰ ਹਾਲੇ ਤੱਕ ਫ਼ੈਨ ਵਿਲੇਜ਼ ਦੇ ਸਾਰੇ ਕਮਰੇ ਤਿਆਰ ਨਹੀਂ ਹੋ ਸਕੇ। ਹਾਲੇ ਵੀ ਉਸਾਰੀ ਦਾ ਕੰਮ ਚੱਲ ਰਿਹਾ ਹੈ। ਇਥੇ ਰਹਿਣ ਲਈ ਇੱਕ ਰਾਤ ਦਾ ਖ਼ਰਚਾ 175 ਯੂਰੋ ਹੈ।

ਦਰਸ਼ਕਾਂ ਦਾ ਕਹਿਣਾ ਹੈ ਕਿ ਜੋ ਬੁਕਿੰਗ ਵੈੱਬਸਾਈਟ 'ਤੇ ਨਜ਼ਰ ਆ ਰਿਹਾ ਸੀ ਉਹ ਬਿਲਕੁਲ ਪੰਜ ਤਾਰਾ ਹੋਟਲ ਵਰਗਾ ਸੀ ਪਰ ਅਸਲ ਵਿੱਚ ਹਾਲਾਤ ਇਸ ਤੋਂ ਬਿਲਕੁਲ ਉਲਟ ਹਨ। ਕੁਝ ਖੇਡ ਪ੍ਰਸ਼ੰਸਕਾਂ ਨੂੰ ਓਮਾਨ, ਸਾਊਦੀ ਅਰਬ ਅਤੇ ਯੂਏਈ ਵਰਗੇ ਗੁਆਂਢੀ ਦੇਸ਼ਾਂ ਵਿੱਚ ਠਹਿਰਣਾ ਪਿਆ ਅਤੇ ਮੈਚ ਦੇਖਣ ਲਈ ਹਵਾਈ ਸਫ਼ਰ ਕਰਕੇ ਆਉਣਾ ਪੈ ਰਿਹਾ ਹੈ। ਓਮਾਨ ਮਸਕਟ ਤੋਂ ਦੋਹਾ ਲਈ ਰੋਜ਼ਾਨਾ 24 ਵਿਸ਼ੇਸ਼ ਉਡਾਣਾਂ ਅਤੇ ਮੁਫਤ ਵੀਜ਼ਾ ਦੀ ਪੇਸ਼ਕਸ਼ ਵੀ ਕਰ ਰਿਹਾ ਹੈ।

(ਬਾਕੀ ਸਫਾ 22 'ਤੇ)

# ਆਲਮੀ ਫੁੱਟਬਾਲ ਕੱਪ ਅਤੇ ਮਜ਼ਦੂਰਾਂ ਦੇ ਹਾਲਾਤ

ਰਵਿੰਦਰ

ਹਰ ਚਾਰ ਸਾਲਾਂ ਬਾਅਦ ਹੋਣ ਵਾਲਾ ਫੁੱਟਬਾਲ ਫੀਫਾ ਸੰਸਾਰ ਕੱਪ ਇਸ ਵਾਰ ਅਰਬ ਦੇਸ਼ ਕਤਰ ਵਿਚ ਹੋ ਰਿਹਾ ਹੈ। ਇਹ ਇਤਿਹਾਸ ਦਾ ਸਭ ਤੋਂ ਮਹਿੰਗਾ ਵਿਸ਼ਵ ਕੱਪ ਹੋਵੇਗਾ। ਇਸ ਵਿਸ਼ਵ ਕੱਪ ਲਈ ਬੁਨਿਆਦੀ ਢਾਂਚੇ ਅਤੇ ਹੋਰ ਪ੍ਰਾਜੈਕਟਾਂ ਲਈ ਕਤਰ ਦਾ ਅੰਦਾਜ਼ਨ 220 ਅਰਬ ਡਾਲਰ ਦਾ ਬਜਟ ਹੈ। ਦੁਨੀਆ ਵਿਚ ਆਬਾਦੀ ਦਾ ਇੱਕ ਹਿੱਸਾ ਅਜਿਹਾ ਹੈ ਜੋ ਬੜੀ ਬੇਸਬਰੀ ਨਾਲ ਇਸ ਦੀ ਉਡੀਕ ਕਰ ਰਿਹਾ ਸੀ। ਆਬਾਦੀ ਵਿਚੋਂ ਛੋਟਾ ਜਿਹਾ ਹਿੱਸਾ ਅਜਿਹਾ ਹੈ ਜੋ ਮੈਚ ਦੇਖਣ, ਸਟੇਡੀਅਮ ਨੇੜੇ ਰਹਿਣ ਲਈ ਲੱਖਾਂ, ਕਰੋੜਾਂ ਰੁਪਏ ਖਰਚਦਾ ਹੈ। ਇਸ ਦੀ ਠਾਠ-ਬਾਠ, ਚੈਨਲਾਂ 'ਤੇ ਪ੍ਰਸਾਰਨ, ਮਹਿੰਗੇ ਹੋਟਲਾਂ ਦੀ ਸਜ-ਧਜ ਅੱਖਾਂ ਚੁੰਧਿਆਂ ਦੇਣ ਵਾਲੀ ਹੈ। ਮੀਡੀਆ ਵਿਚ ਜ਼ੋਰ-ਸ਼ੋਰ ਨਾਲ ਇਹ ਦਿਖਾਇਆ ਜਾ ਰਿਹਾ ਹੈ ਕਿ ਇਸ ਮੁਕਾਬਲੇ ਲਈ ਕਿੰਨੇ ਆਧੁਨਿਕ ਸਟੇਡੀਅਮ ਉਸਾਰੇ ਗਏ ਹਨ; ਖਿਡਾਰੀਆਂ, ਪ੍ਰਬੰਧਕਾਂ ਤੇ ਦਰਸ਼ਕਾਂ ਲਈ ਕਿਹੋ ਜਿਹੇ ਆਲੀਸ਼ਾਨ ਹੋਟਲ ਖੜ੍ਹੇ ਕੀਤੇ ਗਏ ਹਨ ਪਰ ਇਹਨਾਂ ਖ਼ਬਰਾਂ ਵਿਚ ਇਸ ਗੱਲ ਦਾ ਜ਼ਿਕਰ ਨਹੀਂ ਕਿ ਇਹਨਾਂ ਆਧੁਨਿਕ ਸਟੇਡੀਅਮਾਂ, ਹੋਟਲਾਂ ਤੇ ਹੋਰ ਇਮਾਰਤਾਂ ਦੀ ਉਸਾਰੀ ਕਰਦੇ ਹੋਏ ਹਜ਼ਾਰਾਂ ਮਜ਼ਦੂਰ ਆਪਣੀ ਜਾਨ ਗਵਾ ਚੁੱਕੇ ਹਨ। 'ਦਿ ਗਾਰਡੀਅਨ' ਅਖ਼ਬਾਰ ਮੁਤਾਬਕ ਇਹਨਾਂ ਮੌਤਾਂ ਦੀ ਗਿਣਤੀ 6500 ਤੋਂ ਉੱਪਰ ਹੈ। ਕਿਧਰੇ ਵੀ ਇਹ ਚਰਚਾ ਨਹੀਂ ਹੋ ਰਹੀ ਕਿ ਆਲਮੀ ਫੁੱਟਬਾਲ ਕੱਪ ਦੇ ਜਸ਼ਨ ਮਨਾਉਣ ਲਈ ਮਜ਼ਦੂਰਾਂ ਤੋਂ ਅਣਮਨੁੱਖੀ ਹਾਲਾਤ ਵਿਚ ਕੰਮ ਲੈਂਦੇ ਹੋਏ ਉਹਨਾਂ ਨੂੰ ਮੌਤ ਵੱਲ ਧੱਕਿਆ ਗਿਆ ਹੈ। ਇਹ ਮਜ਼ਦੂਰ ਕਿੱਥੋਂ ਆਏ, ਇਹਨਾਂ ਕੀ ਖੱਟਿਆ ਤੇ ਕੀ ਗਵਾਇਆ, ਇਹ ਹੁਣ ਕਿੱਥੇ ਗਏ, ਕਿਸੇ ਨੂੰ ਇਹਨਾਂ ਗੱਲਾਂ ਦੀ ਕੋਈ ਫਿਕਰ ਨਹੀਂ ਕਿਉਂਕਿ ਇਹ ਸਰਮਾਏਦਾਰਾ ਸਮਾਜ ਦਾ ਦਸਤੂਰ ਹੈ ਕਿ ਧਨਾਢਾਂ ਲਈ ਮਜ਼ਦੂਰਾਂ ਦਾ ਲਹੂ ਪਾਣੀ ਤੋਂ ਵੀ ਸਸਤਾ ਹੈ।



ਕਤਰ ਵਿਚ ਫੁੱਟਬਾਲ ਦੇ ਵਿਸ਼ਵ ਕੱਪ ਲਈ 2017 ਤੋਂ ਤਿਆਰੀਆਂ ਚੱਲ ਰਹੀਆਂ ਸਨ। ਦੋਹਾ ਦੇ ਲੁਸੈਲ ਸਟੇਡੀਅਮ ਵਿਚ ਮੈਚ ਖੇਡੇ ਜਾਣੇ ਹਨ, ਉਸ ਦੀ ਤਿਆਰੀ 'ਤੇ ਲਗਭਗ 76.7 ਕਰੋੜ ਡਾਲਰ ਖਰਚ ਕੀਤੇ ਗਏ ਹਨ। ਇਹ ਸਟੇਡੀਅਮ 2017 ਵਿਚ ਬਣਨਾ ਸ਼ੁਰੂ ਹੋਇਆ ਸੀ ਅਤੇ 2021 ਵਿਚ ਪੂਰਾ ਹੋਇਆ। ਕਤਰ ਵਿਚ ਉਸਾਰੀ ਦੇ ਕੰਮ ਕਰਨ ਲਈ ਕਾਮੇ ਭਾਰਤ, ਪਾਕਿਸਤਾਨ, ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਤੇ ਹੋਰ ਦੇਸ਼ਾਂ ਤੋਂ ਆਉਂਦੇ ਹਨ। ਕਤਰ ਵਿਚ ਲਗਭਗ 20 ਲੱਖ ਪਰਵਾਸੀ ਮਜ਼ਦੂਰ ਹਨ ਜੋ ਕਤਰ ਦੇਸ਼ ਦੀ ਕੁੱਲ ਮਜ਼ਦੂਰ ਆਬਾਦੀ ਦਾ ਲਗਭਗ 95 ਫੀਸਦੀ ਹੈ ਅਤੇ ਇਸ ਦੀ ਪੂਰੀ ਅਬਾਦੀ ਦਾ ਦੋ ਤਿਹਾਈ ਹਿੱਸਾ ਬਣਦਾ ਹੈ। ਕਤਰ ਵਿਚ ਉਸਾਰੀ ਅਤੇ ਹੋਰ ਕੰਮਾਂ ਲਈ ਸਰਕਾਰ ਦੁਆਰਾ 'ਪਰਵਾਸੀ ਮਜ਼ਦੂਰ ਭਰਤੀ ਪ੍ਰਣਾਲੀ' ਲਾਗੂ ਕੀਤੀ ਜਾਂਦੀ ਹੈ ਜਿਸ ਨੂੰ 'ਕਾਫਲਾ' ('ਸਪਾਂਸਰਸ਼ਿਪ' ਲਈ ਅਰਬੀ ਸ਼ਬਦ) ਕਿਹਾ ਜਾਂਦਾ ਹੈ। ਇਸ ਪ੍ਰਣਾਲੀ ਦੀ ਵਰਤੋਂ ਫਾਰਸੀ ਖਾੜੀ ਰਾਜਾਂ ਜਿਵੇਂ ਕਤਰ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਵਿਚ ਕੀਤੀ ਜਾਂਦੀ ਹੈ। ਇਸ ਪ੍ਰਣਾਲੀ ਵਿਚ ਮਜ਼ਦੂਰ ਠੇਕੇਦਾਰ ਰਾਹੀਂ ਕੰਮ ਕਰਨ ਲਈ ਆਉਂਦੇ ਹਨ। ਕਾਫਲਾ ਮਜ਼ਦੂਰ ਪੂਰੀ ਤੌਰ 'ਤੇ ਆਪਣੇ ਠੇਕੇਦਾਰਾਂ ਦੇ ਰਹਿਮ 'ਤੇ ਹੁੰਦੇ ਹਨ। ਮਜ਼ਦੂਰਾਂ ਦਾ ਪਾਸਪੋਰਟ ਠੇਕੇਦਾਰ ਕੋਲ ਹੀ ਰਹਿੰਦਾ ਹੈ, ਮਜ਼ਦੂਰ ਆਪਣੇ ਮਾਲਕ ਠੇਕੇਦਾਰ ਦੀ ਮਨਜ਼ੂਰੀ ਤੋਂ ਬਿਨਾ ਨੌਕਰੀ ਨਹੀਂ ਬਦਲ ਸਕਦੇ। ਮਜ਼ਦੂਰ

(ਬਾਕੀ ਸਫਾ 22 'ਤੇ)

# ਭਾਰਤ ਨੂੰ ਦਸੰਬਰ 'ਚ ਸੁਰੱਖਿਆ ਪ੍ਰੀਸ਼ਦ ਦੀ ਪ੍ਰਧਾਨਗੀ ਦੀ ਮਿਲੇਗੀ ਜ਼ਿੰਮੇਵਾਰੀ

ਸੰਯੁਕਤ ਰਾਸ਼ਟਰ- ਭਾਰਤ ਨੂੰ ਦਸੰਬਰ ਵਿੱਚ ਇੱਕ ਮਹੀਨੇ ਲਈ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਪ੍ਰਧਾਨਗੀ ਮਿਲੇਗੀ। ਸੁਰੱਖਿਆ ਪ੍ਰੀਸ਼ਦ ਵਿੱਚ ਭਾਰਤ ਦਾ ਕਾਰਜਕਾਲ ਗੈਰ-ਸਥਾਈ ਮੈਂਬਰ ਵਜੋਂ ਦੋ ਸਾਲ ਦਾ ਹੈ। ਸੁਰੱਖਿਆ ਪ੍ਰੀਸ਼ਦ ਦੀ ਪ੍ਰਧਾਨਗੀ ਦੌਰਾਨ ਭਾਰਤ ਲਈ ਅੱਤਵਾਦ ਵਿਰੁੱਧ ਕਾਰਵਾਈ ਨੂੰ ਤਰਜੀਹ ਦਿੱਤੀ ਜਾਵੇਗੀ। ਦੱਸ ਦੇਈਏ ਕਿ ਸੰਯੁਕਤ ਰਾਸ਼ਟਰ ਦੇ ਨਿਯਮਾਂ ਮੁਤਾਬਕ 15 ਮੈਂਬਰੀ ਸੁਰੱਖਿਆ ਪ੍ਰੀਸ਼ਦ 'ਚ ਚਿੱਠੀ ਦੇ ਆਧਾਰ 'ਤੇ ਹਰ ਕਿਸੇ ਨੂੰ ਇਸ ਦੀ ਪ੍ਰਧਾਨਗੀ ਕਰਨ ਦਾ ਅਧਿਕਾਰ ਮਿਲਦਾ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਭਾਰਤ ਦੀ ਸਥਾਈ ਪ੍ਰਤੀਨਿਧੀ ਰੁਚਿਰਾ ਕੰਬੋਜ ਦਾ ਕਹਿਣਾ ਹੈ ਕਿ ਦਸੰਬਰ 'ਚ ਉਨ੍ਹਾਂ ਦੀ ਪ੍ਰਧਾਨਗੀ ਦੌਰਾਨ ਅੱਤਵਾਦ ਨਾਲ ਲੜਨਾ ਪਹਿਲ ਹੋਵੇਗੀ। ਭਾਰਤ ਨੇ ਪਿਛਲੇ ਦੋ ਮਹੀਨਿਆਂ 'ਚ ਇਸ ਮੁੱਦੇ 'ਤੇ ਕਾਫੀ ਕੁਝ ਕੀਤਾ ਹੈ ਅਤੇ ਮੈਂਬਰਾਂ ਵਿਚਾਲੇ ਇਸ ਵਿਸ਼ੇ 'ਤੇ ਤਾਲਮੇਲ ਕੀਤਾ ਹੈ।

ਭਾਰਤ ਦੀ ਮੈਂਬਰਸ਼ਿਪ 2021-2022 ਇਸ ਸਾਲ ਦਸੰਬਰ ਵਿੱਚ ਖਤਮ ਹੋ ਰਹੀ ਹੈ। ਇਸ ਤੋਂ ਪਹਿਲਾਂ ਭਾਰਤ ਨੂੰ ਅਗਸਤ 2021 ਵਿੱਚ ਸੁਰੱਖਿਆ ਪ੍ਰੀਸ਼ਦ ਦੀ ਪ੍ਰਧਾਨਗੀ ਮਿਲੀ ਸੀ। ਇਸ ਵਾਰ ਭਾਰਤ ਦੀ ਪਹਿਲੀ ਸਥਾਈ ਮਹਿਲਾ ਪ੍ਰਤੀਨਿਧੀ ਸੁਰੱਖਿਆ ਪ੍ਰੀਸ਼ਦ ਦੀ ਕੁਰਸੀ 'ਤੇ ਬੈਠੇਗੀ। ਮਹੱਤਵਪੂਰਨ ਗੱਲ ਇਹ ਹੈ ਕਿ ਸੁਰੱਖਿਆ ਪ੍ਰੀਸ਼ਦ



ਨੂੰ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਸੰਸਥਾ ਮੰਨਿਆ ਜਾਂਦਾ ਹੈ। ਅਜਿਹੇ 'ਚ ਇਸ ਦੀ ਪ੍ਰਧਾਨਗੀ ਮਿਲਣਾ ਭਾਰਤ ਲਈ ਵੱਡੀ ਗੱਲ ਹੈ। ਪਿਛਲੀ ਵਾਰ ਵੀ ਜਦੋਂ ਇਸ ਦੀ ਪ੍ਰਧਾਨਗੀ ਮਿਲੀ ਸੀ ਤਾਂ ਭਾਰਤ ਨੇ ਅੱਤਵਾਦ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਸੀ। ਕੰਬੋਜ ਦਾ ਕਹਿਣਾ ਹੈ ਕਿ ਸੁਰੱਖਿਆ ਪ੍ਰੀਸ਼ਦ 'ਤੇ ਭਾਰਤ ਦਾ ਰੁਖ ਹਮੇਸ਼ਾ ਹੀ ਸਪੱਸ਼ਟ ਰਿਹਾ ਹੈ। ਭਾਰਤ ਚਾਹੁੰਦਾ ਹੈ ਕਿ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਅਤੇ ਗੈਰ-ਸਥਾਈ ਮੈਂਬਰਾਂ ਦੀ ਗਿਣਤੀ ਵਧਾਈ ਜਾਵੇ। ਭਾਰਤ ਨੇ ਕਈ ਮੰਚਾਂ 'ਤੇ ਇਸ ਤੱਥ ਨੂੰ ਦੁਹਰਾਇਆ ਹੈ। ਕਈ ਦੇਸ਼ਾਂ ਨੇ ਵੀ ਸੁਰੱਖਿਆ ਪ੍ਰੀਸ਼ਦ ਵਿੱਚ ਭਾਰਤ ਦੀ ਸਥਾਈ ਮੈਂਬਰਸ਼ਿਪ ਦਾ ਸਮਰਥਨ ਕੀਤਾ ਹੈ। ਭਾਰਤ ਸੁਰੱਖਿਆ ਪ੍ਰੀਸ਼ਦ 'ਚ ਕਈ ਪੱਧਰਾਂ 'ਤੇ ਸੁਧਾਰ ਚਾਹੁੰਦਾ ਹੈ।

ਭਾਰਤ ਨੂੰ 1 ਦਸੰਬਰ ਨੂੰ ਹੀ ਜੀ-20 ਦੀ ਪ੍ਰਧਾਨਗੀ ਵੀ ਮਿਲ ਜਾਵੇਗੀ। ਇਸ ਦੇ ਲਈ ਕੇਂਦਰੀ ਮੰਤਰੀ ਐਸ ਜੈਸ਼ੰਕਰ ਨਿਊਯਾਰਕ ਜਾਣਗੇ ਅਤੇ ਇਸ ਦੇ ਤਹਿਤ ਹੋਣ ਵਾਲੇ ਹਸਤਾਖਰ ਸਮਾਗਮ ਦਾ ਹਿੱਸਾ ਹੋਣਗੇ। ਸੁਰੱਖਿਆ ਪ੍ਰੀਸ਼ਦ ਵਿੱਚ 14-15 ਦਸੰਬਰ ਦਾ ਦਿਨ ਬਹੁਤ ਮਹੱਤਵਪੂਰਨ ਹੈ। 14 ਦਸੰਬਰ ਨੂੰ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਅਤੇ ਸੰਯੁਕਤ ਰਾਸ਼ਟਰ ਦੇ 77ਵੇਂ ਸੈਸ਼ਨ ਦੇ ਮੁਖੀ, ਸੰਯੁਕਤ ਰਾਸ਼ਟਰ ਮਹਾਸਭਾ ਦੇ ਮੁਖੀ ਕਾਸਾਬਾ ਕੋਰੋਸੀ ਵੀ ਇਸ ਦਿਨ ਸੁਰੱਖਿਆ ਪ੍ਰੀਸ਼ਦ ਦੀ ਬੈਠਕ ਵਿੱਚ ਹਿੱਸਾ ਲੈਣਗੇ ਅਤੇ ਮੈਂਬਰਾਂ ਨੂੰ ਸੰਬੋਧਨ ਵੀ ਕਰਨਗੇ। ਭਾਰਤ 1 ਜਨਵਰੀ 2021 ਨੂੰ ਸੁਰੱਖਿਆ ਪ੍ਰੀਸ਼ਦ ਦਾ ਗੈਰ-ਸਥਾਈ ਮੈਂਬਰ ਬਣਿਆ। ਇਸ ਵਾਰ ਭਾਰਤ ਦਸੰਬਰ 'ਚ ਅੱਤਵਾਦ ਵਿਰੋਧੀ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾਉਣ ਲਈ ਤਿਆਰ ਹੈ। ਇਸ ਦੇ ਲਈ ਭਾਰਤ ਨੇ ਅੱਠ ਬਿੰਦੂਆਂ ਦਾ ਐਕਸ਼ਨ ਪਲਾਨ ਤਿਆਰ ਕੀਤਾ ਹੈ। ਕੰਬੋਜ ਦਾ ਕਹਿਣਾ ਹੈ ਕਿ ਇਸ ਮੁੱਦੇ 'ਤੇ ਕਿਸੇ ਵੀ ਤਰ੍ਹਾਂ ਦੀ ਦਲੀਲਬਾਜ਼ੀ ਕਰਨਾ ਠੀਕ ਨਹੀਂ ਹੈ। ਅੱਤਵਾਦ ਦੀ ਹਰ ਖੇਤਰ ਵਿੱਚ ਸਖ਼ਤ ਨਿਖੇਧੀ ਦਾ ਵਿਸ਼ਾ ਹੈ।

# ਫੀਫਾ ਵਿਸ਼ਵ ਕੱਪ 'ਚ ਮੋਰੱਕੋ ਦੀ ਜਿੱਤ ਤੋਂ ਬਾਅਦ ਬੈਲਜੀਅਮ ਤੇ ਨੀਦਰਲੈਂਡਜ਼ 'ਚ ਦੰਗੇ ਭੜਕੇ

ਬਰੱਸਲਸ- ਫੁਟਬਾਲ ਵਿਸ਼ਵ ਕੱਪ ਵਿੱਚ ਐਤਵਾਰ ਨੂੰ ਬੈਲਜੀਅਮ 'ਤੇ ਮੋਰੱਕੋ ਦੀ 2-0 ਨਾਲ ਹੋਈ ਜਿੱਤ ਤੋਂ ਬਾਅਦ ਬੈਲਜੀਅਮ ਅਤੇ ਨੀਦਰਲੈਂਡਜ਼ ਦੇ ਕਈ ਸ਼ਹਿਰਾਂ ਵਿੱਚ ਦੰਗੇ ਭੜਕ ਗਏ। ਬਰੱਸਲਸ ਵਿੱਚ ਭੀੜ ਨੂੰ ਖਦੇੜਨ ਲਈ ਪੁਲੀਸ ਨੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਅਤੇ ਅੱਥਰੂ ਗੈਸ ਦੇ ਗੋਲੇ ਦਾਗੇ। ਪੁਲੀਸ ਨੇ ਬਰੱਸਲਸ ਵਿੱਚ ਕਰੀਬ ਇਕ ਦਰਜਨ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਜਦਕਿ ਉੱਤਰੀ ਸ਼ਹਿਰ



ਐਂਟਵਰਪ 'ਚ ਵੀ ਅੱਠ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਕਈ ਦੰਗਾਕਾਰੀਆਂ ਨੇ ਕਾਰਾਂ, ਈ-ਸਕੂਟਰਾਂ 'ਚ ਅੱਗ ਲਗਾ ਦਿੱਤੀ ਤੇ ਗੱਡੀਆਂ 'ਤੇ ਪਥਰਾਅ ਕੀਤਾ। ਘਟਨਾ ਵਿੱਚ ਇਕ ਵਿਅਕਤੀ ਦੇ ਜ਼ਖ਼ਮੀ ਹੋਣ ਤੋਂ ਬਾਅਦ ਪੁਲੀਸ ਨੇ ਕਾਰਵਾਈ ਕੀਤੀ। ਗੁਆਂਢੀ ਦੇਸ਼ ਨੀਦਰਲੈਂਡਜ਼ ਵਿੱਚ ਪੁਲੀਸ ਨੇ ਕਿਹਾ ਕਿ ਰੌਟਰਡਮ ਵਿੱਚ ਵੀ ਹਿੰਸਾ ਭੜਕ ਗਈ ਅਤੇ ਦੰਗਾ ਵਿਰੋਧੀ ਅਧਿਕਾਰੀਆਂ ਨੇ ਕਰੀਬ 500 ਵਿਅਕਤੀਆਂ ਦੇ ਫੁਟਬਾਲ ਸਮਰਥਕ ਸਮੂਹ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਨੇ ਪੁਲੀਸ 'ਤੇ ਪਥਰਾਅ ਕੀਤਾ ਅਤੇ ਅੱਗਾਂ ਲਾਉਣ ਤੋਂ ਇਲਾਵਾ ਭੰਨਤੋੜ ਵੀ ਕੀਤੀ। ਘਟਨਾ ਵਿੱਚ ਦੋ ਪੁਲੀਸ ਅਧਿਕਾਰੀ ਜ਼ਖ਼ਮੀ ਹੋ ਗਏ। ਮੀਡੀਆ ਦੀਆਂ ਖ਼ਬਰਾਂ ਮੁਤਾਬਕ ਦੇਸ਼ ਦੀ ਰਾਜਧਾਨੀ ਐਮਸਟਰਡਮ ਤੇ ਹੇਗ ਵਿੱਚ ਵੀ ਅਸ਼ਾਂਤੀ ਦਾ ਮਾਹੌਲ ਹੈ।

# ਗੁਰੂ ਤੇਗ ਬਹਾਦਰ ਜੀ ਨੇ ਬੇਇਨਸਾਫ਼ੀ ਖ਼ਿਲਾਫ਼ ਲੜਨਾ ਸਿਖਾਇਆ-ਮੋਦੀ

ਨਵੀਂ ਦਿੱਲੀ- ਗੁਰੂ ਤੇਗ ਬਹਾਦਰ ਜੀ ਨੇ ਜ਼ੁਲਮ ਅਤੇ ਅਨਿਆਂ ਦੇ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੀਆਂ ਸਿੱਖਿਆਵਾਂ ਸਾਨੂੰ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਦੀ ਲਾਸਾਨੀ ਸ਼ਹਾਦਤ ਨੂੰ ਨਮਨ ਕਰਦਿਆਂ ਉਕਤ ਵਿਚਾਰ ਪ੍ਰਗਟ-ਾਏ। ਪ੍ਰਧਾਨ ਮੰਤਰੀ ਨੇ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਹਾੜੇ ਮੌਕੇ ਟਵਿੱਟਰ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਗੁਰੂ



ਸਾਹਿਬ ਦੀ ਬੇਜੋੜ ਹਿੰਮਤ ਅਤੇ ਸਿਧਾਂਤਾਂ ਦੇ ਨਾਲ-ਨਾਲ ਆਦਰਸ਼ਾਂ ਦੇ ਪ੍ਰਤੀ ਅਟੁੱਟ ਵਚਨਬੱਧਤਾ ਦੇ ਲਈ ਉਨ੍ਹਾਂ ਨੂੰ ਦੁਨੀਆ ਭਰ 'ਚ ਸਲਾਹਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਧਾਰਮਿਕ ਸੁਤੰਤਰਤਾ ਦੇ ਹਮਾਇਤੀ ਗੁਰੂ ਤੇਗ ਬਹਾਦਰ ਨੂੰ 1675 ਈ. 'ਚ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਆਦੇਸ਼ 'ਤੇ ਦਿੱਲੀ 'ਚ ਉਸ ਵੇਲੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਸੀ, ਜਦੋਂ ਉਨ੍ਹਾਂ ਨੇ ਲੋਕਾਂ ਦੇ ਜਬਰੀ ਧਰਮ ਪਰਿਵਰਤਨ ਦਾ ਵਿਰੋਧ ਕੀਤਾ ਸੀ।

# ਪੰਜਾਬ 'ਚ ਕੜਾਕੇ ਦੀ ਠੰਢ ਆਰੰਭ ਹੋਈ


ਲੁਧਿਆਣਾ- ਪੰਜਾਬ 'ਚ ਕੜਾਕੇ ਦੀ ਠੰਢ ਸ਼ੁਰੂ ਹੋ ਗਈ ਹੈ। ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਮੰਗਲਵਾਰ ਸਵੇਰੇ ਕੜਾਕੇ ਦੀ ਠੰਢ ਪਈ। ਜਲੰਧਰ 'ਚ ਸਵੇਰੇ 7 ਵਜੇ ਦੇ ਕਰੀਬ ਘੱਟੋ-ਘੱਟ ਤਾਪਮਾਨ 5.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਤਾਪਮਾਨ ਕਾਫੀ ਹੇਠਾਂ ਆ ਚੁੱਕਾ ਹੈ। ਜਦੋਂਕਿ ਮੋਗਾ ਤੇ ਬਰਨਾਲਾ 'ਚ ਤਾਪਮਾਨ 6.8 ਡਿਗਰੀ ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਸਵੇਰ ਵੇਲੇ ਸੜਕਾਂ 'ਤੇ ਆਵਾਜਾਈ ਘੱਟ ਹੁੰਦੀ ਹੈ। ਲੋਕ ਘੱਟ ਹੀ ਘਰਾਂ ਤੋਂ ਬਾਹਰ ਨਿਕਲ ਰਹੇ ਹਨ।

### 3 ਦਸੰਬਰ ਤਕ ਸਾਫ਼ ਰਹੇਗਾ ਮੌਸਮ

ਸੋਮਵਾਰ ਨੂੰ ਬਠਿੰਡਾ ਤੇ ਲੁਧਿਆਣਾ ਪੰਜਾਬ 'ਚ ਸਭ ਤੋਂ ਵੱਧ ਠੰਢੇ ਰਹੇ। ਬਠਿੰਡਾ 'ਚ ਘੱਟੋ-ਘੱਟ ਤਾਪਮਾਨ ਛੇ ਡਿਗਰੀ ਸੈਲਸੀਅਸ ਤੇ ਵੱਧ ਤੋਂ ਵੱਧ ਤਾਪਮਾਨ 6.7 ਡਿਗਰੀ ਰਿਹਾ। ਦੋਵਾਂ ਸ਼ਹਿਰਾਂ 'ਚ ਠੰਢੀਆਂ ਹਵਾਵਾਂ ਵੀ ਚੱਲੀਆਂ। ਗੁਰਦਾਸਪੁਰ 'ਚ 7 ਡਿਗਰੀ, ਅੰਮ੍ਰਿਤਸਰ 'ਚ ਤਾ-ਪਮਾਨ 7.2 ਡਿਗਰੀ, ਬਰਨਾਲਾ ਤੇ ਜਲੰਧਰ 'ਚ 7.4 ਡਿਗਰੀ, ਫਿਰੋਜ਼ਪੁਰ 'ਚ 7.5 ਡਿਗਰੀ, ਮੋਗਾ 'ਚ 7.7 ਡਿਗਰੀ, ਪਟਿਆਲਾ 'ਚ 8. ਡਿਗਰੀ ਤੇ ਚੰਡੀਗੜ੍ਹ 'ਚ 11 ਡਿਗਰੀ ਸੈਲਸੀਅਸ ਤਾਪਮਾਨ ਰਿਹਾ। ਮੌਸਮ ਵਿਭਾਗ ਦੀ ਪੇਸ਼ੀਨਗੋਈ ਮੁਤਾਬਕ ਤਿੰਨ ਦਸੰਬਰ ਤਕ ਪੰਜਾਬ 'ਚ ਮੌਸਮ ਖ਼ੁਸ਼ਕ ਰਹੇਗਾ। ਬਾਰਿਸ਼ ਦੇ ਆਸਾਰ ਨਹੀਂ ਹਨ। ਪਰ ਪਹਾੜਾਂ 'ਚ ਹੋ ਰਹੀ ਬਰਫ਼ਬਾਰੀ ਕਾਰਨ ਮੈਦਾਨਾਂ 'ਚ ਠੰਢ ਵਧੇਗੀ। ਦਸੰਬਰ ਦੇ ਪਹਿਲੇ ਹਫ਼ਤੇ ਦੇ ਅਖ਼ੀਰ 'ਚ ਪੱਛਮੀ ਗੜਬੜੀ ਸਰਗਰਮ ਹੋ ਸਕਦੀ ਹੈ। ਜਿਸ ਨਾਲ ਠੰਢ ਹੋਰ ਵਧ ਜਾਵੇਗੀ।

ਸਰਦੀ ਸ਼ੁਰੂ ਹੋਣ ਦੇ ਨਾਲ ਹੀ ਪ੍ਰਦੂਸ਼ਣ ਵੀ ਵਧਣਾ ਸ਼ੁਰੂ ਹੋ ਗਿਆ ਹੈ। ਕਈ ਸ਼ਹਿਰਾਂ ਦਾ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) ਮਾੜੀ ਸ਼੍ਰੇਣੀ ਵਿਚ ਹੈ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਸਮੇਂ ਸ਼ਹਿਰ ਦੇ ਬਾਹਰੀ ਇਲਾਕਿਆਂ 'ਚ ਧੁੰਦ ਤੇਜ਼ੀ ਨਾਲ ਵਧ ਰਹੀ ਹੈ, ਹਾਲਾਂਕਿ ਅੰਦਰਲੇ ਇਲਾਕਿਆਂ 'ਚ ਧੁੰਦ ਦਾ ਕੋਈ ਬਹੁਤਾ ਅਸਰ ਨਹੀਂ ਦਿਖਾਈ ਦਿੱਤਾ ਪਰ ਜੇਕਰ ਮੌਸਮ ਦਾ ਇਹੀ ਹਾਲ ਰਿਹਾ ਤਾਂ ਪਹਿਲੇ ਹਫਤੇ ਤੋਂ ਠੰਢ ਹੋਰ ਵਧ ਜਾਵੇਗੀ ਜੋ ਪਰੇਸ਼ਾਨੀ ਵੀ ਵਧਾਏਗੀ।

SINGH WORLD travel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991



To buy Home, business or any kind of property
Please consult before finalizing your deal or decision
To get polite and best service call
Gurjeet Rai
DRE 02149422
408-802-5303
Address - 2221 Oakland Road , Suite 268 San Jose 95131



# ਸੰਪਾਦਕੀ

## ਗੰਭੀਰ ਸਮੱਸਿਆ ਬਣਿਆ ਨਸ਼ਾ

ਪੰਜਾਬ ਵਿਚ ਨਸ਼ਿਆਂ ਦਾ ਪਸਾਰ ਇਕ ਗੰਭੀਰ ਸਮੱਸਿਆ ਤਾਂ ਬਣੀ ਹੋਈ ਹੈ ਹੀ, ਇਸ ਦੇ ਨਾਲ ਹੀ ਹੋਰ ਵੀ ਜ਼ਿਆਦਾ ਚਿੰਤਾਜਨਕ ਹਾਲਤ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਸਾਡੇ ਸਮਾਜ ਨੂੰ ਅੱਗੇ ਵਧਾਉਣ ਵਾਲੀਆਂ ਔਰਤਾਂ ਅਤੇ ਲੜਕੀਆਂ ਨਸ਼ਿਆਂ ਦੀ ਦਲਦਲ ਵਿਚ ਫਸਦੀਆਂ ਜਾ ਰਹੀਆਂ ਹਨ। ਹਾਲ ਹੀ ਵਿਚ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਅਜਿਹੀ ਅਣਸੁਖਾਵੀਂ ਅਤੇ ਡਰਾਉਣੀ ਤਸਵੀਰ ਸਾਡੇ ਸਮਾਜ ਦੇ ਮੱਥੇ 'ਤੇ ਧੱਬਾ ਹੈ ਅਤੇ ਅਜਿਹਾ ਵਰਤਾਰਾ ਨੈਤਿਕਤਾ ਅਤੇ ਕਿਰਦਾਰ ਦੇ ਨਿਘਾਰ ਦਾ ਸਿਖ਼ਰ ਹੈ। ਕੁਝ ਸਮਾਂ ਪਹਿਲਾਂ ਲੁਧਿਆਣਾ ਵਿਚ ਗਿਰੋਹ ਬਣਾ ਕੇ ਚਿੱਟਾ ਵੇਚਦੀਆਂ ਕੁੜੀਆਂ ਪੁਲਿਸ ਦੀ ਗ੍ਰਿਫਤ ਵਿਚ ਆਈਆਂ ਸਨ। ਉਨ੍ਹਾਂ ਵੱਲੋਂ ਵੀ ਅਜਿਹੇ ਸੁੰਨ ਕਰਨ ਵਾਲੇ ਕਾਰਨਾਮਿਆਂ ਦਾ ਪ੍ਰਗਟਾਵਾ ਕੀਤਾ ਗਿਆ ਸੀ। ਛੱਬੀ ਜੂਨ 2018 ਨੂੰ ਨਸ਼ਾ ਵਿਰੋਧੀ ਦਿਵਸ ਮੌਕੇ ਕਪੂਰਥਲਾ ਵਿਚ ਨਸ਼ੇੜੀ ਲੜਕੀਆਂ ਦੇ ਇਲਾਜ ਲਈ ਸਰਕਾਰੀ ਤੌਰ 'ਤੇ ਨਸ਼ਾ ਛੁਡਾਊ ਕੇਂਦਰ ਖੋਲ੍ਹਣਾ ਅਤੇ ਵੱਡੇ ਸ਼ਹਿਰਾਂ ਵਿਚ ਖੋਲ੍ਹੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਅੱਗੇ ਇਸ ਤਰ੍ਹਾਂ ਦਾ ਲੱਗਿਆ ਬੋਰਡ, "ਇੱਥੇ ਲੜਕੀਆਂ ਦਾ ਨਸ਼ਾ ਛੁਡਾਉਣ ਦਾ ਵਿਸ਼ੇਸ਼ ਪ੍ਰਬੰਧ ਹੈ।" ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੰਜਾਬ ਵਿਚ ਬਹੁਤ ਸਾਰੀਆਂ ਲੜਕੀਆਂ ਨੂੰ ਵੀ ਨਸ਼ੇ ਦਾ ਸੇਕ ਲੱਗ ਚੁੱਕਾ ਹੈ। ਪਿੱਛੇ ਜਿਹੇ ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਵਿਚ ਬੈਂਕ ਲੁੱਟਣ ਦੀ ਕੋਸ਼ਿਸ਼ ਕੀਤੀ ਗਈ। ਇਸ ਸਬੰਧ ਵਿਚ ਦੋ ਔਰਤਾਂ ਗ੍ਰਿਫ਼ਤਾਰ ਕੀਤੀਆਂ ਗਈਆਂ। ਗਿਰੋਹ ਨਾਲ ਸਬੰਧਤ ਇਹ ਦੋਨੋਂ ਔਰਤਾਂ ਭਾਰੀ ਮਾਤਰਾ ਵਿਚ ਚਿੱਟੇ ਦਾ ਸੇਵਨ ਕਰਦੀਆਂ ਸਨ। ਨਸ਼ੇ ਦੀ ਪੂਰਤੀ ਤੇ ਐਸ਼-ਪ੍ਰਸਤੀ ਭਰਿਆ ਜੀਵਨ ਬਤੀਤ ਕਰਨ ਲਈ ਉਨ੍ਹਾਂ ਨੇ ਲੁੱਟਾਂ-ਖੋਹਾਂ ਨੂੰ ਅੰਜਾਮ ਦੇਣਾ ਸ਼ੁਰੂ ਕਰ ਦਿੱਤਾ ਸੀ। ਬਠਿੰਡਾ ਵਿਖੇ ਨਸ਼ੇ ਦੀ ਓਵਰਡੋਜ਼ ਕਾਰਨ ਬੇਹੋਸ਼ ਹੋਈਆਂ ਤਿੰਨ ਕੁੜੀਆਂ ਦਾ ਰੇਲਵੇ ਦੀ ਪਟੜੀ ਲਾਗੇ ਡਿੱਗੀਆਂ ਪਈਆਂ ਮਿਲਣਾ ਵੀ ਸਮਾਜਿਕ ਨਮੋਸ਼ੀ ਦਾ ਕਾਰਨ ਬਣਿਆ ਸੀ। ਕੁਝ ਦਿਨ ਪਹਿਲਾਂ ਹੀ ਐਸਟੀਐਫ ਦੀ ਟੀਮ ਨੇ ਲੁਧਿਆਣਾ ਦੇ ਇਕ ਥਾਣੇ ਵਿਚ ਨਿਯੁਕਤ ਵਧੀਕ ਥਾਣੇਦਾਰ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਆਪਣੀ ਨਸ਼ਾ ਤਸਕਰ ਔਰਤ ਨਾਲ ਮਿਲ ਕੇ 10 ਤੋਂ ਵੱਧ ਟਿਕਾਣਿਆਂ 'ਤੇ ਚਿੱਟੇ ਦੀ ਸਪਲਾਈ ਕਰਦਾ ਸੀ। ਔਰਤ ਅਤੇ ਥਾਣੇਦਾਰ ਸਲਾਖਾਂ ਪਿੱਛੇ ਹਨ। ਇਨ੍ਹਾਂ ਕੋਲੋਂ ਅੰਦਾਜ਼ਨ ਸਵਾ 400 ਕਰੋੜ ਮੁੱਲ ਦਾ ਚਿੱਟਾ ਬਰਾਮਦ ਹੋਇਆ ਹੈ। ਅਜਿਹੇ ਖਤਰਨਾਕ ਹਾਲਾਤਾਂ ਵਿਚ ਪੰਜਾਬ ਦਾ ਭਵਿੱਖ ਬਹੁਤ ਚਿੰਤਾਜਨਕ ਨਜਰ ਆ ਰਿਹਾ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Ranjit Kandola ,Managing Editor
email-Kandola@macloans.net

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਹਾਦਸਿਆਂ ਦਾ ਕਾਰਨ ਪੰਜਾਬ 'ਚ ਡਰਾਈਵਿੰਗ ਸਕੂਲਾਂ ਦੀ ਭਾਰੀ ਘਾਟ

ਇਹ ਆਪਣੇ-ਆਪ 'ਚ ਇਕ ਵੱਡੀ ਪਰ ਮਾੜੀ ਖ਼ਬਰ ਹੈ ਕਿ ਪੰਜਾਬ ਦੇ 22 ਜ਼ਿਲ੍ਹਿਆਂ 'ਚ ਕੋਈ ਸਰਕਾਰੀ ਡਰਾਈਵਿੰਗ ਸਕੂਲ ਨਹੀਂ ਹੈ। ਸਰਕਾਰੀ ਅੰਕੜੇ ਇਸ ਤੱਥ ਦੇ ਗਵਾਹ ਹਨ ਕਿ ਸੂਬੇ ਵਿਚ ਰੋਜ਼ਾਨਾ 10 ਤੋਂ 12 ਜਾਨਾਂ ਸਿਰਫ਼ ਸੜਕ ਹਾਦਸਿਆਂ 'ਚ ਚਲੀਆਂ ਜਾਂਦੀਆਂ ਹਨ। ਸੜਕਾਂ 'ਤੇ ਚੱਲਣ ਤੋਂ ਲੈ ਕੇ ਸਾਈਕਲ, ਮੋਟਰਸਾਈਕਲ, ਕਾਰ, ਟਰੱਕ ਤੇ ਹੋਰ ਵਾਹਨ ਚਲਾਉਣ ਤਕ ਲਾਪਰਵਾਹੀ ਤੇ ਕੋਤਾਹੀ ਦੀਆਂ ਹਜ਼ਾਰਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਹਾਲੇ ਸਿਰਫ਼ ਕੁਝ ਸਮਾਂ ਪਹਿਲਾਂ ਤਕ ਨਸ਼ੇ ਕਰਨ ਨੂੰ 'ਮਰਦਾਨਗੀ' ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ ਅਤੇ ਨਸ਼ਿਆਂ ਦੀ ਤਸਕਰੀ ਵਿਚ ਬਹੁਤ ਸਾਰੇ ਸਿਆਸੀ ਆਗੂਆਂ ਦੀ ਸ਼ਮੂਲੀਅਤ ਦੀਆਂ ਰਿਪੋਰਟਾਂ ਵੀ ਆਮ ਸੁਣਨ ਨੂੰ ਮਿਲ ਜਾਂਦੀਆਂ ਹਨ। ਚੋਣਾਂ ਵੇਲੇ ਸਿਆਸੀ ਪਾਰਟੀਆਂ ਦੇ ਪ੍ਰਚਾਰ ਕਰਦੇ ਸਮੇਂ ਵੀ ਕਈ ਵਾਰ ਆਗੂਆਂ ਵੱਲੋਂ ਨੌਜਵਾਨਾਂ ਨੂੰ ਨਸ਼ੇ ਵੰਡਣ ਦੀ ਗੱਲ ਤਾਂ ਆਮ ਹੈ। ਉੱਪਰੋਂ ਜਦੋਂ ਪੰਜਾਬ ਸਰਕਾਰ ਨੇ ਸ੍ਰੀ ਮੁਕਤਸਰ ਸਾਹਿਬ ਤੋਂ ਇਲਾਵਾ ਕਿਸੇ ਹੋਰ ਜ਼ਿਲ੍ਹੇ 'ਚ ਹਾਲੇ ਤਕ ਡਰਾਈਵਿੰਗ ਸਿਖਲਾਈ ਸਕੂਲ ਖੋਲ੍ਹਣ ਦੀ ਕੋਸ਼ਿਸ਼ ਤਕ ਨਾ ਕੀਤੀ ਹੋਵੇ ਤਾਂ ਸੂਬੇ 'ਚ ਟਾਲ਼ੇ ਜਾ ਸਕਣ ਵਾਲੇ ਸੜਕ ਹਾਦਸਿਆਂ ਨੂੰ ਕੌਣ ਰੋਕ ਸਕਦਾ ਹੈ। ਹਸਪਤਾਲ ਜਾਂ ਸਕੂਲ ਅੱਗਿਓਂ ਲੰਘਣ ਸਮੇਂ ਬਹੁਤੇ ਡਰਾਈਵਰ ਕਦੇ ਵੀ ਹਾਰਨ ਵਜਾਉਣ ਤੋਂ ਗੁਰੇਜ਼ ਜਾਂ ਪਰਹੇਜ਼ ਨਹੀਂ ਕਰਦੇ। ਜੇ ਕਿਸੇ ਚੌਰਾਹੇ ਦੀਆਂ ਬੱਤੀਆਂ 'ਤੇ ਕੋਈ ਸੁਰੱਖਿਆ ਕਰਮਚਾਰੀ ਤਾਇਨਾਤ ਨਾ ਹੋਵੇ ਤਦ ਲੋਕ ਬੜੇ ਆਰਾਮ ਨਾਲ ਰੈੱਡ ਸਿਗਨਲ ਨੂੰ ਉਲੰਘਦੇ ਰਹਿੰਦੇ ਹਨ। ਅਜਿਹੇ ਨੁਕਤੇ ਜੇ ਕਿਸੇ ਗੱਭਰੂ ਨੂੰ ਡਰਾਈਵਿੰਗ ਲਾਇਸੈਂਸ ਬਣਵਾਉਣ ਸਮੇਂ ਹੀ ਗੰਭੀਰਤਾ ਨਾਲ ਦੱਸ ਦਿੱਤੇ ਜਾਣ ਕਿ ਇਨ੍ਹਾਂ ਦੀ ਪਾਲਣਾ ਨਾ ਕਰਨ ਦੀ ਹਾਲਤ ਵਿਚ ਇਕ ਦਿਨ ਉਸ ਦਾ ਡਰਾਈਵਿੰਗ ਲਾਇਸੈਂਸ ਤਕ ਰੱਦ ਹੋ ਸਕਦਾ ਹੈ ਤਾਂ ਉਹ ਸ਼ਾਇਦ ਸਾਰੀ ਉਮਰ ਕਦੇ ਵੀ ਆਵਾਜਾਈ ਦੇ ਨਿਯਮਾਂ ਨੂੰ ਨਾ ਤੋੜੇ। ਅਫ਼ਸੋਸ! ਅਜਿਹਾ ਹੋ ਨਹੀਂ ਰਿਹਾ ਤੇ ਨਾ ਹੀ ਕਦੇ ਅਜਿਹੀ ਕੋਈ ਯੋਜਨਾਬੰਦੀ ਉਲੀਕੀ ਗਈ ਹੈ। ਪ੍ਰਾਈਵੇਟ ਡਰਾਈਵਿੰਗ ਸਕੂਲਾਂ ਨੂੰ ਸੂਬਾ ਸਰਕਾਰ ਨੇ ਲਾਇਸੈਂਸ ਤਾਂ ਦੇ ਦਿੱਤੇ ਹਨ ਪਰ ਉਹ 15 ਕੁ ਦਿਨਾਂ ਵਿਚ ਵਿਅਕਤੀ ਨੂੰ ਡਰਾਈਵਿੰਗ ਤਾਂ ਸਿਖਾ ਦਿੰਦੇ ਹਨ ਪਰ ਉਹ ਆਮ ਤੌਰ 'ਤੇ ਸੜਕ 'ਤੇ ਚੱਲਦੇ ਸਮੇਂ ਆਵਾਜਾਈ ਦੇ ਦਿਸ਼ਾ-ਸੂਚਕ ਤੇ ਹੋਰ ਜ਼ਰੂਰੀ ਚਿੰਨ੍ਹਾਂ ਬਾਰੇ ਕੋਈ ਜਾਣਕਾਰੀ ਕਿਸੇ ਨਵੇਂ ਉਮੀਦਵਾਰ ਨੂੰ ਨਹੀਂ ਦਿੰਦੇ। ਇਸ ਦਾ ਖ਼ਮਿਆਜ਼ਾ ਬਾਅਦ 'ਚ ਸੜਕਾਂ 'ਤੇ ਬੱਚਿਆਂ ਤੇ ਬਜ਼ੁਰਗਾਂ ਨੂੰ ਭੁਗਤਣਾ ਪੈਂਦਾ ਹੈ। ਪੰਜਾਬ ਦੇ ਦੋਆਬਾ ਖੇਤਰ ਵਿਚ ਇਸ ਵੇਲੇ 87, ਮਾਝਾ 'ਚ 94 ਤੇ ਮਾਲਵਾ 'ਚ 195 ਰਜਿਸਟਰਡ ਸਕੂਲ ਡਰਾਈਵਿੰਗ ਸਿਖਾ ਰਹੇ ਹਨ। ਰਿਪੋਰਟਾਂ ਤਾਂ ਇੱਥੋਂ ਤਕ ਵੀ ਹਨ ਕਿ ਕੁਝ ਅਜਿਹੇ 'ਵਿਚੋਲੇ' ਕਿਸਮ ਦੇ ਲੋਕ ਵੀ ਹੁੰਦੇ ਹਨ, 'ਜਿਨ੍ਹਾਂ ਦੀ ਟਰਾਂਸਪੋਰਟ ਵਿਭਾਗ ਅੰਦਰ ਕੋਈ ਸੈਟਿੰਗ ਹੁੰਦੀ ਹੈ ਤੇ ਉਹ ਕੁਝ ਫ਼ੀਸ ਵਸੂਲ ਕੇ ਬਹੁਤ ਆਸਾਨੀ ਨਾਲ ਡਰਾਈਵਿੰਗ ਲਾਇਸੈਂਸ ਬਣਵਾ ਦਿੰਦੇ ਹਨ।' ਅਸੀਂ ਅਜਿਹੇ ਦੋਸ਼ਾਂ ਦੀ ਪੁਸ਼ਟੀ ਨਹੀਂ ਕਰ ਰਹੇ ਪਰ ਅਜਿਹੀਆਂ ਰਿਪੋਰਟਾਂ ਨੂੰ ਅੱਖੋਂ-ਪ੍ਰੋਖੇ ਵੀ ਨਹੀਂ ਕੀਤਾ ਜਾ ਸਕਦਾ। ਸਰਕਾਰ ਅਜਿਹੇ ਦੋਸ਼ਾਂ ਦੀ ਨਿੱਠ ਕੇ ਜਾਂਚ ਤਾਂ ਕਰਵਾ ਹੀ ਸਕਦੀ ਹੈ ਕਿ ਕੀ ਮੀਡੀਆ 'ਚ ਸਾਹਮਣੇ ਆਉਣ ਵਾਲੇ ਇਨ੍ਹਾਂ ਦੋਸ਼ਾਂ ਵਿਚ ਕਿਤੇ ਕੋਈ ਸੱਚਾਈ ਹੈ ਜਾਂ ਨਹੀਂ। ਭਾਵੇਂ ਨਵੇਂ ਸਿਸਟਮ 'ਚ ਹੁਣ ਵੀਡੀਓਗ੍ਰਾਫ਼ੀ ਦਾ ਇੰਤਜ਼ਾਮ ਵੀ ਕੀਤਾ ਗਿਆ ਹੈ, ਫਿਰ ਵੀ ਜੇ ਕੋਈ ਚੋਰ-ਮੋਰੀਆਂ ਅਜੇ ਵੀ ਮੌਜੂਦ ਹਨ ਤਾਂ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਬੰਦ ਕਰਵਾਉਣਾ ਚਾਹੀਦਾ ਹੈ ਅਤੇ ਆਮ ਜਨਤਾ ਨੂੰ 'ਸੜਕੀ ਅੱਤਵਾਦ' ਤੋਂ ਬਚਾਉਣਾ ਚਾਹੀਦਾ ਹੈ।



# ਅਪਰਾਧ ਦੀ ਦੁਨੀਆ ਵੱਲ ਕਿਉਂ ਸਰਗਰਮ ਹੋ ਰਹੇ ਨੇ ਵਿਦਿਆਰਥੀ

ਸਮਾਜ ਵਿਰੋਧੀ ਅਨਸਰਾਂ ਦੀ ਵਿੱਤੀ ਮਦਦ ਕਰਨਾ ਵੀ ਓਨਾ ਹੀ ਜੁਰਮ ਹੁੰਦਾ ਹੈ, ਜਿੰਨਾ ਕਿਸੇ ਅਪਰਾਧੀ ਜਾਂ ਅੱਤਵਾਦੀ ਤੇ ਗੈਂਗਸਟਰ ਵੱਲੋਂ ਕੀਤੇ ਅਪਰਾਧ ਦਾ ਹੁੰਦਾ ਹੈ। ਡੇਰਾ ਸੱਚਾ ਸੌਦਾ ਸਿਰਸਾ ਦੇ ਪੈਰੋਕਾਰ ਦੀ ਕੋਟਕਪੂਰਾ 'ਚ ਹੋਈ ਹੱਤਿਆ ਦੇ ਛੇ 'ਚੋਂ ਇਕ ਮੁਲਜ਼ਮ ਦੇ ਖਾਤੇ 'ਚ ਪੈਸੇ ਟਰਾਂਸਫਰ ਕਰਨ ਵਾਲੇ ਇਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਨਾ ਸਿਰਫ਼ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਵਿਦਿਆਰਥੀ ਹੈ ਸਗੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਦਿਆਰਥੀ ਵਿੰਗ 'ਐਸਓਆਈ' (ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ ਇੰਡੀਆ) ਦਾ ਸਰਗਰਮ ਕਾਰਕੁੰਨ ਵੀ ਹੈ। ਪੋਸਟ-ਗ੍ਰੈਜੂਏਸ਼ਨ ਕਰ ਰਿਹਾ ਇਹ ਵਿਦਿਆਰਥੀ ਕਿੰਨਾ ਕੁ ਕਸੂਰਵਾਰ ਹੈ, ਇਸ ਦਾ ਨਿਬੇੜਾ ਤਾਂ ਜਾਂਚ ਏਜੰਸੀਆਂ ਦੀ ਪਰਖ-ਪੜਤਾਲ ਤੇ ਅਦਾਲਤੀ ਕਾਰਵਾਈ ਰਾਹੀਂ ਹੋ ਹੀ ਜਾਵੇਗਾ ਪਰ ਅਪਰਾਧ ਜਗਤ 'ਚ ਕੁਝ ਵਿਦਿਆਰਥੀਆਂ ਦਾ ਦਾਖ਼ਲਾ ਬਹੁਤ ਖ਼ਤਰਨਾਕ ਰੁਝਾਨ ਹੈ। ਹਾਲੇ ਤਕ ਤਾਂ ਸਿਰਫ਼ ਗੈਂਗਸਟਰਾਂ ਦੇ ਹੀ ਸ਼ਾਮਲ ਹੋਣ ਦੀ ਗੱਲ ਸਾਹਮਣੇ ਆ ਰਹੀ ਸੀ। ਆਮ ਤੌਰ 'ਤੇ ਹੋਣਹਾਰ ਵਿਦਿਆਰਥੀ ਬੜੇ ਸ਼ੌਕ ਨਾਲ ਕਾਲਜਾਂ ਤੇ ਯੂਨੀਵਰਸਿਟੀਆਂ 'ਚ ਦਾਖ਼ਲੇ ਲੈਂਦੇ ਹਨ। ਉਨ੍ਹਾਂ ਨੂੰ ਕਬੱਡੀ, ਹਾਕੀ ਤੇ ਫੁੱਟਬਾਲ ਜਿਹੀਆਂ ਖੇਡਾਂ ਦਾ ਡਾਢਾ ਸ਼ੌਕ ਵੀ ਹੁੰਦਾ ਹੈ ਤੇ ਉਨ੍ਹਾਂ ਦੀ ਖੇਡ ਕਾਰਗੁਜ਼ਾਰੀ ਵਧੀਆ ਵੀ ਹੁੰਦੀ ਹੈ ਪਰ ਉਨ੍ਹਾਂ 'ਚੋਂ ਕੁਝ ਕੌਮੀ ਤੇ ਆਲਮੀ ਪੱਧਰ ਉੱਤੇ ਖੇਡਾਂ 'ਚ ਮੱਲਾਂ ਮਾਰਨ ਦੀ ਥਾਂ ਕਿਵੇਂ ਨਾ ਕਿਵੇਂ ਗੈਂਗਸਟਰਾਂ ਦੇ ਢਹੇ ਚੜ੍ਹ ਕੇ ਆਪਣਾ ਭਵਿੱਖ ਖ਼ਰਾਬ ਕਰ ਬੈਠਦੇ ਹਨ। ਪਿਛਲੇ ਕੁਝ ਸਮੇਂ ਦੌਰਾਨ ਅੰਦਰੂਨੀ ਲਾਗ-ਡਾਟ ਕਾਰਨ ਅਜਿਹੇ ਬਹੁਤ ਸਾਰੇ ਖਿਡਾਰੀਆਂ ਦੇ ਕਤਲ ਹੋ ਚੁੱਕੇ ਹਨ। ਸਮਾਜ ਵਿਰੋਧੀ ਤੱਤਾਂ ਦਾ ਖ਼ਾਤਮਾ ਸਮਾਜ ਦੇ ਅੰਦਰੋਂ ਮੁਕੰਮਲ ਹਮਾਇਤ ਮਿਲੇ ਬਗ਼ੈਰ ਮੁਮਕਿਨ ਨਹੀਂ ਹੈ ਪਰ ਜੇ ਦੇਸ਼ ਦਾ ਭਵਿੱਖ ਸਮਝਿਆ ਜਾਣ ਵਾਲਾ ਵਿਦਿਆਰਥੀ ਵਰਗ ਹੀ ਅਜਿਹੇ ਅਨਸਰਾਂ ਦਾ ਸਾਥ ਦੇਣ ਲੱਗ ਪਵੇਗਾ ਤਾਂ ਦੇਸ਼ ਦੇ ਭਵਿੱਖ ਨੂੰ ਅਸੀਂ ਸੁਰੱਖਿਅਤ ਕਿਵੇਂ ਬਣਾ ਸਕਾਂਗੇ? ਗੈਂਗਸਟਰਾਂ ਵੱਲੋਂ ਵਿਦਿਆਰਥੀਆਂ ਦੀ ਸਲੀਪਰ ਸੈੱਲ ਵਜੋਂ ਵਰਤੋਂ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਲਈ ਵੱਡੀ ਚੁਣੌਤੀ ਹੈ। ਪੰਜਾਬ 'ਚ ਗੈਂਗਸਟਰਾਂ ਤੇ ਅੱਤਵਾਦੀਆਂ ਦਾ ਨੈੱਟਵਰਕ ਤੋੜਨਾ ਉਂਝ ਵੀ ਪੁਲਿਸ ਲਈ ਵੰਗਾਰ ਹੈ। ਹੁਣ ਜਾਂਚ ਅਧਿਕਾਰੀਆਂ ਨੂੰ ਇਹ ਵੇਖਣਾ ਹੋਵੇਗਾ ਕਿ ਡੇਰਾ ਪ੍ਰੇਮੀ ਕਤਲ ਕਾਂਡ ਨਾਲ ਜੁੜੇ ਇਸ ਵਿਦਿਆਰਥੀ ਦਾ ਸਬੰਧ ਕਿਹੜੀ ਅੱਤਵਾਦੀ ਜਥੇਬੰਦੀ ਜਾਂ ਅਪਰਾਧਿਕ ਗਿਰੋਹ ਨਾਲ ਹੈ। ਜੇ ਉਸ ਦੇ ਖਾਤੇ 'ਚ ਦੁਬਈ, ਅਮਰੀਕਾ ਜਿਹੇ ਦੇਸ਼ਾਂ ਤੋਂ ਧਨ ਭੇਜਿਆ ਜਾ ਰਿਹਾ ਸੀ ਤਾਂ ਇਨ੍ਹਾਂ ਪੈਸਿਆਂ ਦੀ ਵਰਤੋਂ ਕਿੱਥੇ ਹੋ ਰਹੀ ਸੀ? ਉਸ ਦੇ ਸਬੰਧ ਜੇ ਕੈਨੇਡਾ 'ਚ ਬੈਠੇ ਅੱਤਵਾਦੀ ਲਖਬੀਰ ਸਿੰਘ ਤੇ ਗੈਂਗਸਟਰ ਗੋਲਡੀ ਬਰਾੜ ਨਾਲ ਹਨ ਤਾਂ ਇਸ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਦੋਵਾਂ ਦਾ ਨਾਂ ਪੰਜਾਬੀ ਗਾਇਕ ਤੇ ਕਾਂਗਰਸੀ ਆਗੂ ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ ਇਲਾਵਾ ਹੋਰ ਵੀ ਕਈ ਮਾਮਲਿਆਂ 'ਚ ਸਾਹਮਣੇ ਆ ਚੁੱਕਿਆ ਹੈ। ਸੁਰੱਖਿਆ ਏਜੰਸੀਆਂ ਨੂੰ ਇਹ ਵੀ ਵੇਖਣਾ ਹੋਵੇਗਾ ਕਿ ਵਿਦੇਸ਼ ਤੋਂ ਕਿਹੋ ਜਿਹੀ ਸ਼ੱਕੀ ਫੰਡਿੰਗ ਕੀਤੀ ਜਾ ਰਹੀ ਹੈ।



ਇਸ ਦੇ ਨਾਲ ਹੀ ਖ਼ੁਫ਼ੀਆ ਤੇ ਨਿਗਰਾਨੀ ਪ੍ਰਣਾਲੀ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਦੀ ਜ਼ਰੂਰਤ ਹੈ, ਜਿਸ ਨਾਲ ਸਮੇਂ ਸਿਰ ਅੱਤਵਾਦੀ ਫੰਡਿੰਗ ਦੀ ਜਾਣਕਾਰੀ ਮਿਲ ਸਕੇ। ਅਜਿਹੇ ਨੌਜਵਾਨਾਂ ਅਤੇ ਵਿਦਿਆਰਥੀਆਂ 'ਤੇ ਖ਼ਾਸ ਨਜ਼ਰ ਰੱਖਣ ਦੀ ਜ਼ਰੂਰਤ ਹੈ, ਜਿਨ੍ਹਾਂ ਨੂੰ ਕੁਝ ਵੱਖਵਾਦੀ ਆਗੂਆਂ ਵੱਲੋਂ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੁਰੱਖਿਆ ਏਜੰਸੀਆਂ ਨੂੰ ਭੜਕਾਊ ਬਿਆਨਾਂ ਰਾਹੀਂ ਨੌਜਵਾਨਾਂ ਨੂੰ ਕੁਰਾਹੇ ਪਾਉਣ ਵਾਲਿਆਂ ਦੀ ਨਕੇਲ ਕੱਸਣੀ ਵੀ ਜ਼ਰੂਰੀ ਹੋਵੇਗੀ। ਸੂਬੇ ਦਾ ਮਾਹੌਲ ਖ਼ਰਾਬ ਕਰਨ ਵਾਲਿਆਂ ਨਾਲ ਕਿਸੇ ਵੀ ਤਰ੍ਹਾਂ ਦੀ ਨਰਮੀ ਨਹੀਂ ਵਰਤੀ ਜਾਣੀ ਚਾਹੀਦੀ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | | |
|---|---|---|---|
| (1) ਸ. ਦੀਦਾਰ ਸਿੰਘ ਬੈਂਸ | (10) ਡਾ. ਚਰਨਜੀਤ ਸਿੰਘ ਉਪਲ | (19) ਕਸ਼ਮੀਰ ਸਿੰਘ ਧੁੱਗਾ | (28) ਹੈਰੀ ਸਿੱਧੂ |
| (2) ਅਵਤਾਰ ਸਿੰਘ ਸਹੋਤਾ | (11) ਕੁਲਦੀਪ ਸਿੰਘ ਅਟਵਾਲ | (20) ਅਮੋਲਕ ਸਿੰਘ ਗਾਖਲ | (29) ਜਸਵੀਰ ਸਿੰਘ ਕੁਲਾਰ |
| (3) ਗੈਰੀ ਬਸਰਾਏ | (12) ਸੁਰਜੀਤ ਸਿੰਘ ਅਟਵਾਲ | (21) ਹਰਨੇਕ ਸਿੰਘ ਅਟਵਾਲ | (30) ਰਾਜ ਬਡਵਾਲ |
| (4) ਹਰਦੀਪ ਸਿੰਘ ਢਾਡਲੀ | (13) ਬਘੇਲ ਸਿੰਘ ਜਸਵਾਲ | (22) ਬਲਦੇਵ ਸਿੰਘ ਮਾਨ | (31) ਕਮਲਜੀਤ ਸਿੰਘ ਅਟਵਾਲ |
| (5) ਬਲਬੀਰ ਸਿੰਘ ਸੋਹਲ | (14) ਗੁਰਵਿੰਦਰ ਸਿੰਘ ਮਾਵੀ | (23) ਸ੍ਰੀ ਸੁੱਚਾ ਰਾਮ ਜੀ | (32) ਡਾ. ਭੁਪਿੰਦਰ ਭੰਡਾਰੀ |
| (6) ਗੁਰਨਾਮ ਸਿੰਘ ਪੰਮਾ | (15) ਡਾ ਦਲਵੀਰ ਪੰਨੂ | (24) ਜੌਹਨ ਸਿੰਘ ਗਿੱਲ | (33) ਅਜੈਬ ਸਿੰਘ ਮੱਲੀ |
| (7) ਦਲਵੀਰ ਸਿੰਘ ਗਿੱਲ | (16) ਡਾ. ਹਰਮੇਸ਼ ਕੁਮਾਰ | (25) ਉਂਕਾਰ ਸਿੰਘ ਸੈਣੀ | (34) ਹਰਜੀਤ ਗਿੱਲ |
| (8) ਗੁਰਮੇਜ ਸਿੰਘ ਗਿੱਲ | (17) ਸੁਰਿੰਦਰ ਸਿੰਘ ਧਨੋਆ | (26) ਕੁਲਵੰਤ ਸਿੰਘ ਨਿਜਰ | (35) ਸਰਬਜੀਤ ਸਿੰਘ ਸਾਬੀ |
| (9) ਸੁਖਰਾਜ ਸਿੰਘ ਢਿੱਲੋਂ | (18) ਅਵਤਾਰ ਸਿੰਘ ਤਾਰੀ | (27) ਸੁਖਵੀਰ ਸਿੰਘ ਨਿਜਰ | (36) ਕੁਲਦੀਪ ਸਿੰਘ ਸਹੋਤਾ (ਡੀਪੀਈ) |

# ਆਪਣੇ ਅੰਦਰਲੇ ਜੰਗਲ 'ਚ ਅਜੇ ਵੀ ਭਟਕ ਰਿਹਾ ਹੈ ਮਨੁੱਖ



ਵਰਿੰਦਰ ਸਿੰਘ ਵਾਲੀਆ

ਛੱਬੀ-ਸਤਾਈ ਸਾਲਾ ਮੁਟਿਆਰ ਸ਼ਰਧਾ ਵਾਕਰ ਦੀ ਲਾਸ਼ ਦੇ ਟੁਕੜੇ ਲੱਭਣ ਲਈ ਦਿੱਲੀ ਪੁਲਿਸ ਮਹਿਰੌਲੀ ਦੇ ਜੰਗਲ ਦਾ ਚੱਪਾ-ਚੱਪਾ ਛਾਣ ਰਹੀ ਹੈ। ਆਪਣੀ ਪ੍ਰੇਮਿਕਾ ਦੇ 35 ਟੁਕੜੇ ਕਰ ਕੇ ਲਾਸ਼ ਨੂੰ ਖੁਰਦ-ਬੁਰਦ ਕਰਨ ਵਾਲੇ ਦਰਿੰਦੇ ਆਫ਼ਤਾਬ ਅਮੀਨ ਪੂਨਾਵਾਲਾ ਦੀ ਨਿਸ਼ਾਨਦੇਹੀ 'ਤੇ ਪੁਲਿਸ ਮਕਤੂਲ ਦੀਆਂ ਬੋਟੀਆਂ ਤਲਾਸ਼ ਰਹੀ ਹੈ। ਅਪਰਾਧ ਦੀ ਦੁਨੀਆ 'ਚ ਅਜਿਹੇ ਅੱਤ ਹੈਵਾਨੀਅਤ ਵਾਲੇ ਕਤਲ ਉਂਗਲਾਂ 'ਤੇ ਗਿਣੇ ਜਾ ਸਕਦੇ ਹਨ। ਇਸ ਹੌਲਨਾਕ ਕਤਲ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਮਨੁੱਖ ਭਾਵੇਂ ਜੰਗਲ 'ਚੋਂ ਬਾਹਰ ਆ ਗਿਆ ਹੈ ਪਰ ਉਹ ਆਪਣੇ ਅੰਦਰਲੇ ਜੰਗਲ 'ਚ ਅਜੇ ਵੀ ਭਟਕ ਰਿਹਾ ਹੈ। 'ਜੰਗਲ ਰਾਜ' ਦਾ ਗਣਰਾਜ ਉਸ ਦਾ ਸੁਭਾਅ ਬਣ ਜਾਂਦਾ ਹੈ। ਖ਼ਤਰਨਾਕ ਜਾਨਵਰਾਂ ਨਾਲ ਦਸਤਪੰਜਾ ਲੈਂਦਾ ਉਹ ਇਨਸਾਨ ਤੋਂ ਹੈਵਾਨ ਤਕ ਦਾ ਸਫ਼ਰ ਤੈਅ ਕਰਦਾ ਹੈ। ਸੰਘਣੇ ਜੰਗਲ 'ਚ ਰਹਿਣ ਵਾਲੇ ਨੂੰ ਸੂਰਜ ਦਾ ਦੀਦਾਰ ਵੀ ਮੁਸ਼ਕਲ ਨਾਲ ਹੀ ਹੁੰਦਾ ਹੈ। ਆਫ਼ਤਾਬ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਸ਼ਾਬਦਿਕ ਅਰਥ ਸੂਰਜ ਦੀ ਰੋਸ਼ਨੀ ਹੈ। ਆਫ਼ਤਾਬ ਅਮੀਨ ਪੂਨਾਵਾਲਾ ਆਪਣੇ ਨਾਮ ਦਾ ਹਾਣੀ ਨਾ ਬਣ ਸਕਿਆ। ਉਹ ਅਜਿਹਾ ਆਫ਼ਤਾਬ ਹੈ ਜਿਸ ਨੂੰ ਸਦੀਵੀ ਗ੍ਰਹਿਣ ਲੱਗਾ ਹੋਇਆ ਹੈ। ਉਸ ਦੇ ਅੰਦਰਲਾ ਜੰਗਲ ਉਸ ਨੂੰ ਹਨੇਰੇ ਰਾਹਾਂ ਦਾ ਪਾਂਧੀ ਬਣਾਉਂਦਾ ਰਿਹਾ। ਇੰਟਰਨੈੱਟ ਡੇਟਿੰਗ ਐਪ ਬੰਬਲ ਰਾਹੀਂ ਉਹ ਸ਼ਰਧਾ ਦੇ ਸੰਪਰਕ 'ਚ ਆਇਆ ਸੀ। ਇੰਟਰਨੈੱਟ ਨੇ ਜਿੱਥੇ 'ਵਿਸ਼ਵ ਪਿੰਡ' ਸਿਰਜ ਕੇ ਅਰਬਾਂ ਲੋਕਾਂ ਨੂੰ ਇਕ-ਦੂਜੇ ਦੇ ਕਰੀਬ ਲੈ ਕੇ ਆਂਦਾ ਹੈ, ਓਥੇ ਇਸ ਨੇ ਮਨੁੱਖ ਨੂੰ ਘਿਨੌਣੀਆਂ ਅਲਾਮਤਾਂ ਦਾ ਸ਼ਿਕਾਰ ਬਣਾਇਆ ਹੈ। ਇੰਟਰਨੈੱਟ ਦੀ ਦੁਰਵਰਤੋਂ ਕਰਨ ਵਾਲਿਆਂ ਨੇ ਸਦੀਆਂ ਪੁਰਾਣੀਆਂ ਸਮਾਜਿਕ ਕਦਰਾਂ-ਕੀਮਤਾਂ, ਰਹੁ-ਰੀਤਾਂ ਤੇ ਮਰਿਆਦਾਵਾਂ ਦਾ ਘਾਣ ਕੀਤਾ ਹੈ। ਰਿਸ਼ਤੇ ਤਾਰ-ਤਾਰ ਕਰਨ ਲਈ ਇਹ ਸਭ ਤੋਂ ਵੱਡਾ ਕਰੂਰ ਹਥਿਆਰ ਬਣ ਕੇ ਸਾਹਮਣੇ ਆਇਆ ਹੈ। ਸ਼ਰਧਾ ਦਾ ਦਿਲ ਦਹਿਲਾਉਣ ਵਾਲਾ ਕਤਲ ਨਵੀਂ ਪੀੜ੍ਹੀ ਲਈ ਬਹੁਤ ਵੱਡਾ ਸਬਕ ਬਣ ਕੇ ਮੀਡੀਆ ਦੀਆਂ ਸੁਰਖ਼ੀਆਂ ਬਣ ਰਿਹਾ ਹੈ। ਮਹਾਰਾਸ਼ਟਰ ਦੇ ਵਸਾਈ (ਪੱਛਮੀ) ਦੀ ਰਹਿਣ ਵਾਲੀ ਸਾਧਾਰਨ ਪਰਿਵਾਰ ਦੀ ਕੁੜੀ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਕਾਲ ਸੈਂਟਰ 'ਚ ਕੰਮ ਕਰਨ ਲੱਗੀ। ਆਫ਼ਤਾਬ ਨੇ ਸ਼ਰਧਾ ਨੂੰ ਹੁਸੀਨ ਸੁਪਨੇ ਵੇਚੇ। ਮਾਂ-ਬਾਪ ਦੀ ਲਾਡਾਂ ਨਾਲ ਪਾਲੀ ਬੇਟੀ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਉਹ ਸ਼ੈਤਾਨ ਦੇ ਚੁੰਗਲ ਵਿਚ ਫਸ ਕੇ ਹਨੇਰੀ ਗੁਫ਼ਾ ਦੇ ਰਾਹ ਪੈ ਗਈ। ਆਫ਼ਤਾਬ ਦੀਆਂ ਚਾਲਾਂ 'ਚ ਫਸੀ ਸ਼ਰਧਾ ਆਪਣੇ ਖ਼ੂਨ ਦੇ ਰਿਸ਼ਤਿਆਂ ਨਾਲੋਂ ਨਾਤਾ ਤੋੜ ਕੇ ਘਰੋਂ ਭੱਜ ਜਾਂਦੀ ਹੈ। ਮਾਂ-ਬਾਪ ਦੀ ਇੱਜ਼ਤ ਨੂੰ ਦਾਗ਼ ਲਗਾ ਕੇ ਉਹ ਆਫ਼ਤਾਬ ਨਾਲ 'ਲਿਵ-ਇਨ-ਰਿਲੇਸ਼ਨਸ਼ਿਪ' ਵਿਚ ਰਹਿਣ ਲੱਗੀ। ਉਸ ਭੋਲੀ ਕੁੜੀ ਨੂੰ ਕੀ ਪਤਾ ਸੀ ਕਿ ਉਸ ਨੂੰ ਸ਼ਾਦੀ ਦੇ ਸਬਜ਼ਬਾਗ਼ ਦਿਖਾਉਣ ਵਾਲਾ ਇਕ ਦਿਨ ਉਸ ਦੀ ਅਲਖ ਮਿਟਾ ਕੇ ਅਪਰਾਧ ਦੀ ਅਜਿਹੀ ਨਿਰਦਈ ਇਬਾਰਤ ਲਿਖੇਗਾ ਜਿਸ ਨੂੰ ਪੜ੍ਹ-ਸੁਣ ਕੇ ਦੁਨੀਆ ਦਾ ਇਨਸਾਨੀਅਤ ਤੋਂ ਹੀ ਭਰੋਸਾ ਉੱਠ ਜਾਵੇਗਾ। ਸਮਾਜ ਅਤੇ ਘਰਦਿਆਂ ਤੋਂ ਬਾਗ਼ੀ ਹੋ ਕੇ ਆਫ਼ਤਾਬ ਨਾਲ ਬਿਨਾਂ ਸ਼ਾਦੀ ਕੀਤੇ ਰਹਿਣ ਵਾਲੀ ਕੁੜੀ ਨੂੰ ਆਫ਼ਤਾਬ ਦੀ ਅਸਲੀਅਤ ਪਤਾ ਚੱਲੀ ਤਾਂ ਬਹੁਤ ਦੇਰ ਹੋ ਚੁੱਕੀ ਸੀ। ਉਹ ਉਸ ਦਾ ਕੁਟਾਪਾ ਚਾੜ੍ਹਦਾ ਤਾਂ ਉਸ ਨੂੰ ਘਰ ਦੀ ਯਾਦ ਆਉਂਦੀ ਜਿਸ ਦੇ ਦਰਵਾਜ਼ੇ ਉਸ ਲਈ ਸਦਾ ਵਾਸਤੇ ਬੰਦ ਹੋ ਚੁੱਕੇ ਸਨ। ਇਸੇ ਦੌਰਾਨ ਆਫ਼ਤਾਬ ਬੰਬਲ ਐਪ ਰਾਹੀਂ ਹੋਰਨਾਂ ਕੁੜੀਆਂ ਨਾਲ ਲਗਾਤਾਰ ਚੈਟਿੰਗ ਕਰਦਾ ਰਿਹਾ। ਸ਼ਰਧਾ ਨੂੰ ਜਦ ਇਸ ਦਾ ਇਲਮ ਹੋਇਆ ਤਾਂ ਉਹ ਪੂਰੀ ਤਰ੍ਹਾਂ ਟੁੱਟ ਗਈ ਸੀ। ਆਫ਼ਤਾਬ ਕਿਵੇਂ ਨਾ ਕਿਵੇਂ ਉਸ ਨੂੰ ਮਹਾਰਾਸ਼ਟਰ ਤੋਂ ਦਿੱਲੀ ਲੈ ਗਿਆ, ਜਿੱਥੇ ਉਸ ਨੇ ਜਾਣ-ਬੁੱਝ ਕੇ ਮਹਿਰੌਲੀ ਦੇ ਜੰਗਲ ਲਾਗੇ ਕਿਰਾਏ 'ਤੇ ਘਰ ਲੈ ਲਿਆ। ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੇ ਕਾਂਡ ਨੂੰ ਅੰਜਾਮ ਦੇਣ ਲਈ ਇਹ ਆਖ਼ਰੀ ਕੜੀ ਸੀ। ਕਾਲੀ-ਬੋਲੀ ਰਾਤ ਸ਼ਰਧਾ ਦਾ ਤੇਜ਼ਧਾਰ ਛੁਰੇ ਨਾਲ ਕਤਲ ਕਰ ਕੇ ਆਫ਼ਤਾਬ ਲਾਸ਼ ਦੇ 35 ਟੁਕੜੇ ਕਰਦਾ ਹੈ। ਇਨ੍ਹਾਂ ਟੁਕੜਿਆਂ ਨੂੰ ਸੰਭਾਲਣ ਲਈ ਉਸ ਨੇ ਵੱਡਾ ਫਰਿੱਜ ਖ਼ਰੀਦਿਆ। ਤਾਰਿਆਂ ਦੀ ਲੋਅ 'ਚ ਉਹ ਮਹਿਰੌਲੀ ਦੇ ਜੰਗਲ ਦਾ ਰਾਹ ਨਾਪਦਾ ਹੈ। ਅੰਮ੍ਰਿਤ ਵੇਲੇ ਜਦੋਂ ਭਲੇ ਲੋਕ ਰੱਬ ਨਾਲ ਲਿਵ ਲਾਈ ਬੈਠੇ ਹੁੰਦੇ ਹਨ, ਉਦੋਂ ਆਫ਼ਤਾਬ ਸ਼ੈਤਾਨ ਦੀ ਉਂਗਲ ਫੜ ਕੇ ਰੌਂਗਟੇ ਖੜ੍ਹੇ ਕਰਨ ਵਾਲੀ ਵਾਰਦਾਤ ਨੂੰ ਅੰਜਾਮ ਦਿੰਦਾ ਹੈ। ਰੱਬ ਨੂੰ ਧਿਆਉਣ ਵਾਲਿਆਂ ਵਾਂਗ ਸ਼ੈਤਾਨ ਵੀ ਧੂਫ-ਬੱਤੀ ਕਰਦਾ ਹੈ। ਲਾਸ਼ ਦੀ ਬਦਬੂ ਗੁਆਂਢ ਤਕ ਨਾ ਫੈਲੇ, ਇਸ ਲਈ ਆਫ਼ਤਾਬ ਹਰ ਵੇਲੇ ਅਗਰਬੱਤੀ ਦਾ ਪੂਰਾ ਬੰਡਲ ਧੁਖਾ ਕੇ ਰੱਖਦਾ ਸੀ। ਲਾਸ਼ ਦੀ ਬੇਹੁਰਮਤੀ ਤਾਂ ਦੁਸ਼ਮਣ ਵੀ ਨਹੀਂ ਕਰਦੇ। ਸਰਹੱਦ 'ਤੇ ਜਦੋਂ ਜੰਗ ਛਿੜਦੀ ਹੈ ਤਾਂ ਮਰਨ ਵਾਲੇ ਦੁਸ਼ਮਣ ਦੇਸ਼ ਦੇ ਫ਼ੌਜੀ ਦੀ ਲਾਸ਼ ਦਾ ਸਸਕਾਰ ਉਸ ਦੀਆਂ ਧਾਰਮਿਕ ਰਹੁ-ਰੀਤਾਂ ਅਨੁਸਾਰ ਹੀ ਹੁੰਦਾ ਹੈ। ਸ਼ਰਧਾ ਕਤਲ ਕਾਂਡ ਤੋਂ ਬਾਅਦ ਅਜਿਹੇ ਹੋਰ ਕਾਂਡ ਵੀ ਯਾਦ ਆਏ ਜਿਨ੍ਹਾਂ ਨੇ ਮਨੁੱਖਤਾ ਨੂੰ ਪਾਣੀ-ਪਾਣੀ ਕੀਤਾ ਸੀ। ਦੋ ਜੁਲਾਈ 1995 ਨੂੰ ਰਾਜਧਾਨੀ ਦਿੱਲੀ 'ਚ 'ਤੰਦੂਰ ਕਾਂਡ' ਵਾਪਰਿਆ ਸੀ ਜਿਸ ਨੂੰ ਸੁਣ ਕੇ ਉਸ 'ਤੇ ਯਕੀਨ ਕਰਨਾ ਮੁਸ਼ਕਲ ਸੀ। ਦਿੱਲੀ ਯੂਥ ਕਾਂਗਰਸ ਦੇ ਪ੍ਰਧਾਨ ਸੁਸ਼ੀਲ ਸ਼ਰਮਾ (ਵਿਧਾਇਕ, ਦਿੱਲੀ) ਨੇ ਨਾਜਾਇਜ਼ ਸਬੰਧਾਂ ਦੇ ਸ਼ੱਕ 'ਚ ਆਪਣੀ ਪਤਨੀ ਨੈਣਾ ਸਾਹਨੀ ਨੂੰ ਗੋਲ਼ੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਪਰੰਤ ਉਸ ਦੀ ਲਾਸ਼ ਦੇ ਟੁਕੜੇ ਕਰ ਕੇ ਉਸ ਨੂੰ ਆਪਣੇ ਮਿੱਤਰ ਦੇ ਰੈਸਟੋਰੈਂਟ ਲੈ ਗਿਆ ਸੀ। ਰੈਸਟੋਰੈਂਟ ਦੇ ਮੈਨੇਜਰ ਨੂੰ ਨਾਲ ਲੈ ਕੇ ਉਸ ਨੇ ਲਾਸ਼ ਦੇ ਟੁਕੜੇ ਬਲਦੇ ਤੰਦੂਰ 'ਚ ਭੁੰਨਣ ਦੀ ਕੋਸ਼ਿਸ਼ ਕੀਤੀ ਸੀ। ਅੱਗ ਨੂੰ ਮਘਾਉਣ ਲਈ ਜਦੋਂ ਤੰਦੂਰ 'ਚ ਮਿੱਟੀ ਦਾ ਤੇਲ ਸੁੱਟਿਆ ਗਿਆ ਤਾਂ ਭਾਂਬੜ ਮਚ ਗਿਆ। ਗਸ਼ਤ ਕਰ ਰਹੇ ਪੁਲਿਸ ਕਰਮਚਾਰੀ ਨੇ ਸਮਝਿਆ ਕਿ ਰੈਸਟੋਰੈਂਟ 'ਚ ਅੱਗ ਲੱਗ ਗਈ ਹੈ। ਉਹ ਤੁਰੰਤ ਓਥੇ ਪਹੁੰਚਿਆ ਤਾਂ ਸੁਸ਼ੀਲ ਸ਼ਰਮਾ ਉੱਥੋਂ ਗ਼ਾਇਬ ਹੋ ਗਿਆ। ਹੋਰ ਪੁਲਿਸ ਮੰਗਵਾਈ ਗਈ ਤੇ ਰੈਸਟੋਰੈਂਟ ਦਾ ਮੈਨੇਜਰ ਮੌਕੇ 'ਤੇ ਹੀ ਫੜਿਆ ਗਿਆ। ਇਸ ਕਾਂਡ ਨੇ ਦੇਸ਼ ਵਾਸੀਆਂ ਦੀ ਰੂਹ ਕੰਬਾ ਦਿੱਤੀ ਸੀ। ਕਾਂਗਰਸ ਦਾ ਵੀ ਵੱਡਾ ਜਲੂਸ ਨਿਕਲਿਆ ਸੀ। ਮੁੱਖ ਦੋਸ਼ੀ ਨੂੰ ਕੁਝ ਦਿਨ ਬਾਅਦ ਆਤਮ-ਸਮਰਪਣ ਲਈ ਮਜਬੂਰ ਹੋਣਾ ਪਿਆ ਸੀ। ਅਦਾਲਤ ਨੇ ਮੁਲਜ਼ਮ ਨੂੰ ਤਾਉਮਰ ਕੈਦ ਸੁਣਾਈ। ਇਹ ਪਹਿਲਾ ਕੇਸ ਸੀ ਜਿਸ 'ਚ ਮੁਲਜ਼ਮ 20 ਸਾਲ ਬਿਨਾਂ ਪੈਰੋਲ ਤੋਂ ਤਿਹਾੜ ਜੇਲ੍ਹ 'ਚ ਕੈਦ ਰਿਹਾ। ਰਿਹਾਈ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ ਸੀ ਕਿ ਜੇ ਉਹ ਇਕ ਸਕਿੰਟ ਲਈ ਵੀ ਗੁੱਸੇ 'ਤੇ ਕਾਬੂ ਪਾ ਲੈਂਦਾ ਤਾਂ ਉਸ ਨੂੰ ਵੀਹ ਸਾਲ ਕੈਦ ਦਾ ਨਰਕ ਨਾ ਭੁਗਤਣਾ ਪੈਂਦਾ। ਸੁਪਰੀਮ ਕੋਰਟ ਨੇ ਮੰਨਿਆ ਕਿ ਸੁਸ਼ੀਲ ਸ਼ਰਮਾ ਦਾ ਕੋਈ ਅਪਰਾਧਕ ਪਿਛੋਕੜ ਨਹੀਂ ਅਤੇ ਉਸ ਦਾ ਜੇਲ੍ਹ ਦਾ ਰਿਕਾਰਡ ਵੀ ਤਸੱਲੀਬਖ਼ਸ਼ ਰਿਹਾ ਜਿਸ ਦੀ ਬਿਨਾ 'ਤੇ ਉਸ ਨੂੰ ਰਿਹਾਈ ਮਿਲ ਗਈ। ਇਸ ਕਾਂਡ ਤੋਂ ਬਾਅਦ 13 ਸਾਲਾ ਅੱਲ੍ਹੜ ਕੁੜੀ ਅਰੂਸ਼ੀ ਤਲਵਾੜ ਦੇ ਕਤਲ ਨੇ ਵੀ ਸੰਵੇਦਨਸ਼ੀਲ ਹਿਰਦਿਆਂ ਨੂੰ ਵਲੂੰਧਰਿਆ ਸੀ। ਦੋ ਕੁ ਦਿਨਾਂ ਬਾਅਦ ਤਲਵਾੜ ਪਰਿਵਾਰ ਦੇ ਘਰ ਦੀ ਛੱਤ 'ਤੇ ਉਨ੍ਹਾਂ ਦੇ ਨੌਕਰ ਹੇਮੰਤ ਦੀ ਲਾਸ਼ ਮਿਲੀ ਤਾਂ ਕੇਸ ਹੋਰ ਉਲਝ ਗਿਆ। ਸ਼ੱਕ ਦੇ ਆਧਾਰ 'ਤੇ ਅਰੂਸ਼ੀ ਦੇ ਮਾਂ-ਬਾਪ ਡਾ. ਰਾਜੇਸ਼ ਤਲਵਾੜ ਅਤੇ ਡਾ. ਨੂਪੁਰ ਤਲਵਾੜ ਨੂੰ ਵੀ ਜੇਲ੍ਹ ਦੀ ਯਾਤਰਾ ਕਰਨੀ ਪਈ ਸੀ। ਤਲਵਾੜ ਜੋੜਾ ਭਾਵੇਂ ਸਬੂਤਾਂ ਦੀ ਅਣਹੋਂਦ ਕਾਰਨ ਰਿਹਾਅ ਹੋ ਗਿਆ ਪਰ ਅਰੂਸ਼ੀ ਨੂੰ ਅਜੇ ਤਕ ਇਨਸਾਫ਼ ਨਹੀਂ ਮਿਲਿਆ। ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਇਕ ਹੋਰ ਕਾਂਡ, ਨਿਠਾਰੀ ਸੀਰੀਅਲ ਮਰਡਰ ਕੇਸ ਵੀ ਯਾਦ ਆ ਰਿਹਾ ਹੈ। ਨਿਠਾਰੀ ਦੇ ਫਾਰਮ ਹਾਊਸ ਮਾਲਕ ਮਨਿੰਦਰ ਸਿੰਘ ਪੰਧੇਰ ਅਤੇ ਉਸ ਦੇ ਨੌਕਰ ਸੁਰਿੰਦਰ ਕੋਲੀ ਦੀ ਦਰਿੰਦਗੀ ਨੇ ਦਰਿੰਦਿਆਂ ਨੂੰ ਵੀ ਮਾਤ ਪਾ ਦਿੱਤੀ ਸੀ। ਸੁਰਿੰਦਰ ਕੋਲੀ ਬੱਚਿਆਂ ਨੂੰ ਫੁਸਲਾ ਕੇ ਲਿਆਉਂਦਾ ਤਾਂ ਸਰੀਰਕ ਸ਼ੋਸ਼ਣ ਤੋਂ ਬਾਅਦ ਉਨ੍ਹਾਂ ਦਾ ਕਤਲ ਕੀਤਾ ਜਾਂਦਾ। ਇੱਥੇ ਹੀ ਬਸ ਨਹੀਂ, ਮ੍ਰਿਤਕਾਂ ਦਾ ਮਾਸ ਭੁੰਨ ਕੇ ਖਾਧਾ ਜਾਂਦਾ ਤੇ ਬਚੇ-ਖੁਚੇ ਟੁਕੜੇ ਫਾਰਮ ਹਾਊਸ ਦੇ ਪਿਛਵਾੜੇ ਸੁੱਟ ਦਿੱਤੇ ਜਾਂਦੇ।



ਸੀਬੀਆਈ ਕੋਰਟ ਨੇ ਮੁੱਖ ਦੋਸ਼ੀ ਕੋਲੀ ਨੂੰ ਮੌਤ ਦੀ ਸਜ਼ਾ ਸੁਣਾਈ ਜਦਕਿ ਮਨਿੰਦਰ ਪੰਧੇਰ ਨੂੰ ਸੱਤ ਸਾਲ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਗਈ। ਇਸ ਅਪਰਾਧ ਦਾ ਪਤਾ ਜਨਤਕ ਟਾਇਲਟ ਦੇ ਇਕ ਸਵੀਪਰ ਰਾਹੀਂ ਲੱਗਿਆ ਜਦੋਂ ਉਸ ਨੇ ਪਖਾਨੇ ਅੰਦਰ ਲਹੂ ਨਾਲ ਨੁੱਚੜਦੀ ਅਖ਼ਬਾਰ ਦੇਖੀ ਜਿਸ 'ਚ ਮਨੁੱਖੀ ਸਰੀਰ ਦੇ ਕੁਝ ਟੁਕੜੇ ਲਪੇਟੇ ਹੋਏ ਸਨ। ਅਪਰਾਧ-ਜਗਤ ਵਿਚ ਵਾਪਰੀਆਂ ਅਜਿਹੀਆਂ ਸ਼ਰਮਨਾਕ ਘਟਨਾਵਾਂ ਉਦੋਂ ਜ਼ਰੂਰ ਯਾਦ ਆਉਂਦੀਆਂ ਹਨ ਜਦੋਂ ਸ਼ਰਧਾ ਵਾਕਰ ਵਰਗੀ ਵਾਰਦਾਤ ਹੁੰਦੀ ਹੈ। ਅਜਿਹੀਆਂ ਰੂਹ ਕੰਬਾਉਣ ਵਾਲੀਆਂ ਘਟਨਾਵਾਂ ਦਾ ਖ਼ੂਨ ਸਮੇਂ ਦੀ ਹਿੱਕ 'ਚੋਂ ਸਦਾ ਰਿਸਦਾ ਰਹੇਗਾ।

# 8 ਅਰਬ ਆਬਾਦੀ ਇਸ ਦੁਨੀਆਂ ਦੀ ਵੱਡੀ ਚੁਣੌਤੀ



ਦਰਬਾਰਾ ਸਿੰਘ ਕਾਹਲੋਂ

ਸੰਯੁਕਤ ਰਾਸ਼ਟਰ ਸੰਸਥਾ ਦੀ ਰਿਪੋਰਟ ਅਨੁਸਾਰ ਮੰਗਲਵਾਰ, 15 ਨਵੰਬਰ ਸੰਨ 2022 ਨੂੰ ਵਿਸ਼ਵ ਜਨਸੰਖਿਆ 8 ਅਰਬ ਹੋ ਗਈ ਹੈ। ਵਿਸ਼ਵ ਜਨਸੰਖਿਆ 7 ਅਰਬ ਤੋਂ 8 ਅਰਬ ਹੋਣ ਤਕ 12 ਸਾਲ ਲੱਗੇ ਹਨ। ਭਵਿੱਖ ਵਿਚ ਵਸੋਂ ਵਧਣ ਦੇ ਸਾਰੇ ਪੱਖ ਧਿਆਨ ਵਿਚ ਰੱਖਦੇ ਹੋਏ ਯੂਐਨਓ ਦੇ ਮਾਹਿਰਾਂ ਦਾ ਖ਼ਿਆਲ ਹੈ ਕਿ ਸੰਨ 2030 ਤਕ ਇਸ ਦਾ ਅੰਕੜਾ 8.5 ਅਰਬ, ਸੰਨ 2050 ਵਿਚ 9.7 ਅਰਬ ਜਦਕਿ ਸੰਨ 2100 ਵਿਚ ਇਹ ਅੰਕੜਾ 10.4 ਅਰਬ ਤਕ ਪਹੁੰਚ ਜਾਵੇਗਾ। ਇਹ ਵੀ ਅੰਦਾਜ਼ਾ ਹੈ ਕਿ ਵਿਸ਼ਵ ਦੇ ਕੁਝ ਹਿੱਸਿਆਂ ਖ਼ਾਸ ਤੌਰ 'ਤੇ 8-9 ਏਸ਼ੀਅਨ ਅਤੇ ਅਫ਼ਰੀਕੀ ਦੇਸ਼ਾਂ ਵਿਚ ਆਬਾਦੀ ਵਿਚ ਵਾਧਾ ਜਾਰੀ ਰਹੇਗਾ ਜਦਕਿ ਹੋਰ ਖਿੱਤਿਆਂ ਵਿਚ ਇਸ ਦੀ ਗਤੀ ਧੀਮੀ ਰਹੇਗੀ।

ਸੰਨ 1804 ਅਤੇ ਸੰਨ 1927 ਦਰਮਿਆਨ ਵਿਸ਼ਵ ਦੀ ਜਨਸੰਖਿਆ ਇਕ ਅਰਬ ਤੋਂ 2 ਅਰਬ ਹੋਈ ਸੀ। ਅਗਲੇ 33 ਸਾਲਾਂ ਵਿਚ ਇਹ ਤਿੰਨ ਅਰਬ ਹੋ ਗਈ ਸੀ। ਇਸ ਤੋਂ ਬਾਅਦ 12.6 ਸਾਲਾਂ ਵਿਚ ਇਹ 4 ਅਰਬ ਹੋ ਗਈ ਸੀ ਲੇਕਿਨ ਹੁਣ ਕੁਝ ਮਾਹਿਰ ਇਹ ਮੱਤ ਰੱਖਦੇ ਹਨ ਕਿ ਇਸ ਸਦੀ ਦੇ ਅੰਤ ਤੋਂ ਬਾਅਦ ਆਬਾਦੀ ਦਾ ਵਧਣਾ ਸੰਭਵ ਨਹੀਂ ਰਹੇਗਾ। ਇਪਸੋਸ ਪਬਲਿਕ ਅਫੇਅਰਜ਼ ਦੇ ਸੀਈਓ ਡੈਰਿਲ ਬਰਿਕਰ ਅਤੇ ਟੋਰਾਂਟੋ ਯੂਨੀਵਰਸਿਟੀ ਕੈਨੇਡਾ ਦੇ ਮੁੰਕ ਸਕੂਲ ਦੇ ਗਲੋਬਲ ਮਾਮਲਿਆਂ ਅਤੇ ਜਨਤਕ ਨੀਤੀ ਸਬੰਧੀ ਇਸ ਮਾਹਿਰ ਦਾ ਮੰਨਣਾ ਹੈ, ''ਸ਼ਾਇਦ ਇਹ ਆਖ਼ਰੀ ਮੌਕਾ ਹੋਵੇਗਾ ਜਦੋਂ ਅਸੀਂ ਆਪਣੀ ਵਿਸ਼ਵ ਜਨਸੰਖਿਆ ਵਿਚ ਇਕ ਹੋਰ ਅਰਬ ਜੋੜਨ ਬਾਰੇ ਵਿਚਾਰ-ਵਟਾਂਦਰਾ ਕਰ ਰਹੇ ਹੋਵਾਂਗੇ। ਕਿਤੇ ਨਾ ਕਿਤੇ 8 ਤੋਂ 9 ਅਰਬ ਆਬਾਦੀ ਹੋਣ ਤਕ ਅਸੀਂ ਆਖ਼ਰੀ ਅੰਕੜੇ ਦੀ ਗੱਲ ਕਰ ਰਹੇ ਹੋਵਾਂਗੇ।'' ਉਨ੍ਹਾਂ ਦਾ ਮਤ ਹੈ ਕਿ ਇਸ ਤੋਂ ਅੱਗੇ ਆਬਾਦੀ ਦਾ ਵਧਣਾ ਇਸ ਕਰਕੇ ਸੰਭਵ ਨਹੀਂ ਲੱਗਦਾ ਕਿ ਚੀਨ ਅੰਦਰ ਆਬਾਦੀ ਵਿਚ ਵਾਧਾ ਇਸ ਦੇ ਆਬਾਦੀ ਇਤਿਹਾਸ ਵਿਚ ਇਸ ਵਾਰ ਸਭ ਤੋਂ ਘੱਟ ਦਰਜ ਕੀਤਾ ਗਿਆ ਹੈ। ਭਾਰਤ ਅੰਦਰ ਆਬਾਦੀ ਦੀ ਦਰ ਵਿਚ ਘੱਟ ਵਾਧਾ ਦਰਜ ਕੀਤਾ ਗਿਆ ਹੈ। ਵਿਸ਼ਵ ਦੀ 36 ਪ੍ਰਤੀਸ਼ਤ ਆਬਾਦੀ ਵਿਚ ਕਿਧਰੇ ਵਾਧਾ ਦਰਜ ਨਹੀਂ ਕੀਤਾ ਗਿਆ। ਭਾਰਤ ਸੰਨ 2023 ਵਿਚ ਆਬਾਦੀ ਪੱਖੋਂ ਚੀਨ ਨੂੰ ਮਾਤ ਦੇ ਦੇਵੇਗਾ। ਯੂਐੱਨ ਆਬਾਦੀ ਡਵੀਜ਼ਨ ਦਾ ਮੁਖੀ ਪੈਟਰਿਕ ਜਰਲੈਂਡ ਇਸ ਏਜੰਸੀ ਨਾਲ ਸਹਿਮਤੀ ਪ੍ਰਗਟ ਕਰਦਾ ਹੈ। ਹਕੀਕਤ ਇਸ ਨਾਲ ਸਹਿਮਤੀ ਦਰਸਾਉਂਦੀ ਹੈ। ਸੰਨ 2017 ਵਿਚ ਅਸੀਂ ਇਸ ਸਦੀ ਦੇ ਅੰਤ ਤਕ ਵਿਸ਼ਵ ਜਨਸੰਖਿਆ ਦੀ ਪ੍ਰੋਜੈਕਸ਼ਨ 11.2 ਅਰਬ ਰੱਖਦੇ ਸਾਂ ਜੋ ਅਸਾਂ ਫਿਰ ਘਟਾ ਕੇ 10.4 ਅਰਬ ਕੀਤੀ। ਇਵੇਂ 800 ਮਿਲੀਅਨ ਦੀ ਕਟੌਤੀ ਬਹੁਤ ਵੱਡੀ ਹੈ। ਕੈਨੇਡਾ ਅੰਦਰ ਜਨਸੰਖਿਆ ਵਿਚ ਵਾਧੇ ਦੀ ਦਰ ਤਿੰਨ ਪ੍ਰਤੀਸ਼ਤ ਦੇ ਕਰੀਬ ਸੰਨ 1950ਵੇਂ ਦਹਾਕੇ ਵਿਚ ਦਰਜ ਕੀਤੀ ਗਈ ਸੀ।



ਸੰਨ 2020 ਵਿਚ ਆਬਾਦੀ ਦਰ ਘਟ ਕੇ 0.7 ਪ੍ਰਤੀਸ਼ਤ ਰਹਿ ਗਈ। ਅਮਰੀਕਾ ਅੰਦਰ ਇਸੇ ਦੌਰਾਨ 2 ਪ੍ਰਤੀਸ਼ਤ ਤੋਂ ਘਟ ਕੇ 0.2 ਪ੍ਰਤੀਸ਼ਤ ਰਹਿ ਗਈ ਹੈ। ਅਫ਼ਰੀਕਾ ਅੰਦਰ ਜਨਮ ਦਰ ਸਭ ਤੋਂ ਵੱਧ ਪਾਈ ਜਾਂਦੀ ਸੀ। ਸੰਨ 1950 ਤੋਂ 1980 ਤਕ ਪ੍ਰਤੀ ਔਰਤ ਔਸਤਨ 6.5 ਬੱਚਿਆਂ ਨੂੰ ਜਨਮ ਦਿੰਦੀ ਸੀ ਜੋ ਹੁਣ ਘਟ ਕੇ 4.4 ਬੱਚਿਆਂ ਤਕ ਦਰਜ ਕੀਤੀ ਗਈ ਹੈ। ਇਵੇਂ ਸੰਨ 2021 ਵਿਚ ਗਲੋਬਲ ਪੱਧਰ 'ਤੇ ਪ੍ਰਤੀ ਔਰਤ ਜਨਮ ਦਰ 2.3 ਬੱਚੇ ਪਾਈ ਗਈ ਹੈ ਜੋ ਸੰਨ 2050 ਤਕ ਘਟ ਕੇ 2.1 ਰਹਿ ਜਾਵੇਗੀ। ਸੰਨ 1950 ਤੋਂ ਬਾਅਦ ਪਹਿਲੀ ਵਾਰ ਗਲੋਬਲ ਜਨਸੰਖਿਆ ਦੇ ਵਾਧੇ ਦੀ ਦਰ ਵਿਚ ਇਕ ਪ੍ਰਤੀਸ਼ਤ ਕਮੀ ਦਰਜ ਕੀਤੀ ਗਈ ਹੈ। ਵਿਸ਼ਵ ਦੀ 90 ਪ੍ਰਤੀਸ਼ਤ ਆਬਾਦੀ ਉੱਤਰੀ ਗੋਲਾਰਧ ਵਿਚ ਵਸੀ ਹੋਈ ਹੈ ਜਿਸ ਦਾ 40 ਪ੍ਰਤੀਸ਼ਤ ਹਿੱਸਾ ਧਰਤੀ ਹੈ। ਦੱਖਣੀ ਗੋਲਾਰਧ ਦਾ ਇਹ ਹਿੱਸਾ 20 ਪ੍ਰਤੀਸ਼ਤ ਹੈ। ਵਿਸ਼ਵ ਦੀ ਅੱਧੀ ਆਬਾਦੀ ਤੋਂ ਵੱਧ ਲੋਕ ਏਸ਼ੀਆ ਮਹਾਦੀਪ ਵਿਚ ਵਸਦੇ ਹਨ। ਚਾਲੂ ਜਨਸੰਖਿਆ ਵਾਧੇ ਸਬੰਧੀ ਅਨੁਮਾਨ ਸਪਸ਼ਟ ਦਰਸਾਉਂਦਾ ਹੈ ਕਿ ਸੰਨ 2050 ਤਕ ਇਹ ਵਾਧਾ 8 ਦੇਸ਼ਾਂ ਵਿਚ ਦਰਜ ਕੀਤਾ ਜਾਵੇਗਾ ਜਿਨ੍ਹਾਂ ਵਿਚ ਕਾਂਗੋ, ਮਿਸਰ, ਇਥੋਪੀਆ, ਭਾਰਤ, ਨਾਈਜੀਰੀਆ, ਪਾਕਿਸਤਾਨ, ਫਿਲਪੀਨ ਅਤੇ ਤਨਜ਼ਾਨੀਆ ਸ਼ਾਮਲ ਹੋਣਗੇ। ਵਾਧੂ ਆਬਾਦੀ ਅਤੇ ਦਰ ਅਨੁਸਾਰ ਦੇਸ਼ਾਂ ਦੀ ਸੂਚੀ ਮੁੜ ਤੋਂ ਤਿਆਰ ਕੀਤੀ ਜਾਵੇਗੀ। ਲਗਪਗ 61 ਦੇਸ਼ਾਂ ਦੀ ਆਬਾਦੀ ਦਾ ਘਟਣਾ ਵੀ ਨਿਸ਼ਚਿਤ ਹੈ। ਵੱਖ-ਵੱਖ ਖੇਤਰਾਂ ਵਿਚ ਵੱਖ-ਵੱਖ ਕਿਸਮ ਦੀਆਂ ਚੁਣੌਤੀਆਂ ਨਿਸ਼ਚਿਤ ਤੌਰ 'ਤੇ ਦਰਪੇਸ਼ ਆਉਣਗੀਆਂ।

ਅਮਰੀਕਾ, ਕੈਨੇਡਾ ਤੇ ਕੁਝ ਯੂਰਪੀ ਦੇਸ਼ਾਂ ਨੂੰ ਆਪਣੀ ਆਬਾਦੀ ਵਧਾਉਣ ਅਤੇ ਆਰਥਿਕਤਾ ਦੀ ਮਜ਼ਬੂਤੀ ਲਈ ਪਰਵਾਸੀ ਲੋਕਾਂ ਦਾ ਸਹਾਰਾ ਲੈਣਾ ਪਵੇਗਾ ਜਿਵੇਂ ਉਹ ਹੁਣ ਵੀ ਲੈ ਰਹੇ ਹਨ। ਪਰ ਜਿਨ੍ਹਾਂ ਦੇਸ਼ਾਂ ਦੀ ਆਬਾਦੀ ਏਸ਼ੀਆ ਅਤੇ ਅਫ਼ਰੀਕਾ ਖੇਤਰ ਵਿਚ ਵਧੇਗੀ ਉਨ੍ਹਾਂ ਨੂੰ ਵਾਧੂ ਸਾਧਨ ਜੁਟਾਉਣੇ ਪੈਣਗੇ ਕਿਉਂਕਿ ਉਨ੍ਹਾਂ ਨੂੰ ਲੋੜੀਂਦਾ ਅਨਾਜ, ਘਰ, ਹਸਪਤਾਲ, ਸੜਕਾਂ, ਸਕੂਲ, ਬਿਜਲੀ, ਸੀਵਰੇਜ, ਪੀਣ ਵਾਲਾ ਸਾਫ਼ ਪਾਣੀ ਅਤੇ ਰੁਜ਼ਗਾਰ ਜੁਟਾਉਣੇ ਪੈਣਗੇ। ਮਿਸਾਲ ਵਜੋਂ ਪੱਛਮੀ ਅਫ਼ਰੀਕਾ ਅੰਦਰ ਵਸਦੇ ਦੇਸ਼ ਦੀ ਆਬਾਦੀ 216 ਮਿਲੀਅਨ ਤੋਂ ਵਧ ਕੇ 375 ਮਿਲੀਅਨ ਹੋ ਜਾਵੇਗੀ। ਗ਼ੌਰਤਲਬ ਇਹ ਹੈ ਕਿ ਇਹ ਦੇਸ਼ ਨਾਈਜੀਰੀਆ ਹੈ। ਅਮਰੀਕਾ ਦੀ ਆਬਾਦੀ ਸੰਨ 2050 ਤਕ 337 ਮਿਲੀਅਨ ਤੋਂ ਵਧ ਕੇ 375 ਮਿਲੀਅਨ ਹੋ ਜਾਵੇਗੀ। ਇਵੇਂ ਭਾਰਤ ਅਤੇ ਚੀਨ ਤੋਂ ਬਾਅਦ ਇਹ ਦੋਵੇਂ ਦੇਸ਼ ਵਿਸ਼ਵ ਆਬਾਦੀ ਸੂਚੀ ਵਿਚ ਤੀਸਰੇ ਨੰਬਰ 'ਤੇ ਕਲੱਬ ਹੋ ਜਾਣਗੇ। ਕਾਂਗੋ ਦੀ ਰਾਜਧਾਨੀ ਕਿਨਸਾਸ਼ਾ ਦੀ ਆਬਾਦੀ ਇਸ ਵੇਲੇ 12 ਮਿਲੀਅਨ ਹੈ। ਨਾਈਜੀਰੀਆ ਦੇ ਵੱਡੇ ਸ਼ਹਿਰ ਲਾਗੋਸ ਦੀ ਆਬਾਦੀ 15 ਮਿਲੀਅਨ ਹੈ। ਅਜਿਹੇ ਸ਼ਹਿਰਾਂ ਦੀਆਂ ਬਹੁਤ ਵੱਡੀਆਂ ਸਮੱਸਿਆਵਾਂ ਮੂੰਹ ਅੱਡੀ ਖੜ੍ਹੀਆਂ ਹਨ। ਗ਼ਰੀਬੀ-ਅਮੀਰੀ ਦੇ ਵਧਦੇ ਪਾੜੇ, ਕਾਰਪੋਰੇਟਵਾਦੀ ਭਵਿੱਖੀ ਗਲੋਬਲ ਸ਼ਾਸਨ, ਪ੍ਰਬੰਧ, ਆਰਥਿਕਤਾ ਕਰ ਕੇ ਬਹੁਤ ਹੀ ਸੰਗੀਨ ਮਸਲੇ ਵੱਡੀਆਂ ਟਕਰਾਅ ਅਤੇ ਹਿੰਸਾਵਾਦੀ ਸਮੱਸਿਆਵਾਂ ਪੈਦਾ ਕਰ ਸਕਦੇ ਹਨ। ਇਸ ਧਰਤੀ 'ਤੇ 10 ਅਰਬ ਆਬਾਦੀ ਲਈ ਭੋਜਨ ਪੈਦਾ ਕਰਨਾ ਕੋਈ ਸਮੱਸਿਆ ਨਹੀਂ।

ਵੱਡੀ ਸਮੱਸਿਆ ਭੋਜਨ ਦੀ ਸੰਤੁਲਿਤ ਵੰਡ ਹੈ। ਇਸ ਸੰਸਾਰ ਅੰਦਰ ਹੜ੍ਹ, ਭੂਚਾਲ, ਸੋਕੇ, ਅੱਗਾਂ ਲੱਗਣਾ, ਤੂਫ਼ਾਨ, ਜੰਗਾਂ ਨਾਲ ਤਬਾਹੀਆਂ ਕੋਈ ਨਵਾਂ ਵਰਤਾਰਾ ਨਹੀਂ ਪਰ ਵਾਤਾਵਰਨ ਤਬਦੀਲੀ ਮਨੁੱਖੀ ਹੋਂਦ ਲਈ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਸਭ ਤੋਂ ਵੱਡੀ ਸਮੱਸਿਆ ਇਹੋ ਹੈ ਜਿਸ ਨੂੰ ਸਾਰੇ ਰਾਸ਼ਟਰਾਂ ਅਤੇ ਕਾਇਨਾਤ ਨੂੰ ਸਿਰ ਜੋੜ ਕੇ ਹੱਲ ਕਰਨ ਦੀ ਲੋੜ ਹੋਵੇਗੀ। ਵਿਸ਼ਵ ਨੀਤੀ ਘਾੜਿਆਂ ਅਤੇ

(ਸਫਾ 22 ਦੀ ਬਾਕੀ)

# ਹਥਿਆਰਾਂ ਵਿਰੁੱਧ ਕਾਰਵਾਈ- ਕੀ ਹਵਾਈ ਫਾਇਰ ਕਰਨਾ ਤੁਹਾਨੂੰ ਜੇਲ੍ਹ ਭੇਜ ਸਕਦਾ ਹੈ?

ਪੰਜਾਬ ਵਿਚ ਪਿਛਲੇ ਦਿਨਾਂ ਦੌਰਾਨ ਕੁਝ ਹਥਿਆਰਬੰਦ ਲੋਕਾਂ ਵੱਲੋਂ ਕੀਤੀਆਂ ਹੱਤਿਆਵਾਂ ਤੋਂ ਬਾਅਦ ਅਲੋਚਨਾ ਦਾ ਸਾਹਮਣਾ ਕਰ ਰਹੀ 'ਆਪ' ਦੀ ਅਗਵਾਈ ਵਾਲੀ ਸਰਕਾਰ ਗੰਨ ਕਲਚਰ ਉਪਰ ਸਖਤੀ ਦਿਖਾ ਰਹੀ ਹੈ। ਸਰਕਾਰ ਵੱਲੋਂ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਦੇ ਅਨੁਸਾਰ ਹਥਿਆਰਾਂ ਦੇ ਕਈ ਲਾਇਸੈਂਸ ਵੀ ਰੱਦ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਦੀ ਇਸ ਕਾਰਵਾਈ ਵਿਚਾਲੇ ਕਈ ਸਵਾਲ ਉਠ ਰਹੇ ਹਨ। ਸਵਾਲ ਉਠ ਰਹੇ ਹਨ ਕਿ ਕੀ ਸਰਕਾਰ ਬਿਨਾਂ ਕਾਰਨ ਦੱਸੇ ਲਾਇਸੈਂਸ ਰੱਦ ਕਰ ਸਕਦੀ ਹੈ? ਕੀ ਜਨਤਕ ਤੌਰ 'ਤੇ ਹਥਿਆਰਾਂ ਦੀ ਪ੍ਰਦਰਸ਼ਨੀ ਕਰਨਾ ਅਤੇ ਹਵਾਈ ਫਾਇਰ ਕਰਨਾ ਵੀ ਕੋਈ ਜੁਰਮ ਹੈ? ਇਹਨਾਂ ਸਵਾਲਾਂ ਦੇ ਜਵਾਬ ਲੱਭਣ ਲਈ ਅਸੀਂ ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਨਵਕਿਰਨ ਸਿੰਘ ਅਤੇ ਇਕ ਸੀਨੀਅਰ ਆਈ ਪੀ ਐਸ ਅਧਿਕਾਰੀ ਨਾਲ ਗੱਲਬਾਤ ਕੀਤੀ।



### ਕੀ ਹਵਾਈ ਫਾਇਰ ਕਰਨਾ ਕੋਈ ਜੁਰਮ ਹੈ?

ਜੀ ਹਾਂ, ਹਵਾਈ ਫਾਇਰ ਕਰਨਾ ਆਈਪੀਸੀ ਦੀ ਧਾਰਾ 336 ਤਹਿਤ ਜੁਰਮ ਹੈ। ਇੱਕ ਸੀਨੀਅਰ ਪੁਲਿਸ ਅਧਿਕਾਰੀ ਦੱਸਦੇ ਹਨ ਕਿ ਹਵਾਈ ਫਾਇਰ ਕਰਨ ਜਾਂ ਫਿਰ ਹਥਿਆਰ ਲਹਿਰਾਉਣ ਨਾਲ ਭਾਵੇਂ ਹੀ ਕਿਸੇ ਨੂੰ ਕੋਈ ਨੁਕਸਾਨ ਨਾ ਹੋਵੇ ਪਰ ਇਸ ਨਾਲ ਭੈਅ ਪੈਦਾ ਹੁੰਦਾ ਹੈ। ਇਸ ਨੂੰ ਜੁਰਮ ਦੀ ਕੈਟੇਗਰੀ ਦੇ ਵਿਚ ਰੱਖਿਆ ਗਿਆ ਹੈ। ਇਸ ਜੁਰਮ ਲਈ 3 ਮਹੀਨੇ ਤੱਕ ਜੇਲ੍ਹ ਅਤੇ 250 ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਸੀਨੀਅਰ ਵਕੀਲ ਨਵਕਿਰਨ ਸਿੰਘ ਕਹਿੰਦੇ ਹਨ ਕਿ ਜਦੋਂ ਕੋਈ ਜਨਤਕ ਥਾਂ ਉੱਤੇ ਫਾਇਰ ਕਰਦਾ ਹੈ ਤਾਂ ਕਿਸੇ ਦੂਜੇ ਦੀ ਸੁਰੱਖਿਆ ਵੀ ਖਤਰੇ ਵਿੱਚ ਪੈ ਸਕਦੀ ਹੈ। ਪੰਜਾਬ ਸਰਕਰ ਵੱਲੋਂ ਅਜਿਹੇ ਲੋਕਾਂ ਖਿਲਾਫ਼ ਕਾਰਵਾਈ ਵੀ ਕੀਤੀ ਜਾ ਰਹੀ ਹੈ।

### ਜੇਕਰ ਕੋਈ ਤੁਹਾਨੂੰ ਹਥਿਆਰ ਦਿਖਾਉਂਦਾ ਹੈ ਤਾਂ?

ਇੱਥੇ ਦੋ ਵੱਖੋ-ਵੱਖ ਚੀਜ਼ਾਂ ਸਮਝਣੀਆਂ ਪੈਣਗੀਆਂ। ਜੇਕਰ ਹਥਿਆਰ ਲਾਇਸੈਂਸੀ ਹੈ, ਤਾਂ ਉਹ ਸ਼ਖਸ ਆਪਣੀ ਸੁਰੱਖਿਆ ਲਈ ਜਨਤਕ ਤੌਰ 'ਤੇ ਹਥਿਆਰ ਲੈ ਕੇ ਤੁਰ ਸਕਦਾ ਹੈ, ਇਸ ਨੂੰ ਜੁਰਮ ਨਹੀਂ ਮੰਨਿਆ ਜਾਵੇਗਾ। ਜੇਕਰ ਕਿਸੇ ਸ਼ਖ਼ਸ ਨੂੰ ਥਰੈਟ ਹੈ ਯਾਨਿ ਕਿ ਉਸ ਨੂੰ ਕਿਸੇ ਤੋਂ ਡਰ ਜਾਂ ਕੋਈ ਧਮਕੀ ਮਿਲੀ ਹੈ, ਤਾਂ ਅਜਿਹੇ ਵਿਚ ਆਪਣੇ ਬਚਾਅ ਲਈ ਹਥਿਆਰ ਦੀ ਵਰਤੋਂ ਕੀਤੀ ਜਾ ਸਕਦੀ ਹੈ, ਉਸ ਨੂੰ ਕਾਨੂੰਨ ਜੁਰਮ ਨਹੀਂ ਮੰਨਦਾ। ਪਰ ਜੇਕਰ ਕੋਈ ਕਿਸੇ ਨੂੰ ਡਰਾਉਣ ਜਾਂ ਦਿਖਾਵੇ ਦੇ ਲਈ ਹਥਿਆਰ ਦੀ ਵਰਤੋਂ ਕਰਦਾ ਹੈ ਤਾਂ ਇਹ ਜੁਰਮ ਦੀ ਸ਼੍ਰੇਣੀ ਵਿੱਚ ਆਵੇਗਾ। ਮਿਸਾਲ ਦੇ ਤੌਰ 'ਤੇ ਜੇਕਰ ਕੋਈ ਗੋਲੀਆਂ ਚਲਾਉਂਦਾ ਹੈ, ਕਿਸੇ ਨੂੰ ਡਰਾਉਂਦਾ ਹੈ ਜਾਂ ਇਹੋ ਜਿਹੀ ਵੀਡੀਓ ਵੀ ਬਣਾਉਂਦਾ ਹੈ ਤਾਂ ਉਹ ਵੀ ਜੁਰਮ ਹੀ ਮੰਨਿਆ ਜਾਵੇਗਾ। ਪੁਲਿਸ ਅਧਿਕਾਰੀ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਹ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਜੇਕਰ ਕੋਈ ਦਿਖਾਵੇ ਦੇ ਲਈ ਹਥਿਆਰ ਦਿਖਾਉਂਦਾ ਹੈ, ਲਹਿਰਾਉਂਦਾ ਹੈ ਤਾਂ ਧਾਰਾ 188 ਦੇ ਤਹਿਤ ਕਾਰਵਾਈ ਕੀਤੀ ਜਾਵੇ।

### ਲਾਇਸੈਂਸ ਦੇਣ ਵੇਲੇ ਕੀ ਕੋਈ ਹਦਾਇਤਾਂ ਵੀ ਦਿੱਤੀਆਂ ਜਾਂਦੀਆਂ ਹਨ?

ਵਕੀਲ ਨਵਕਿਰਨ ਸਿੰਘ ਕਹਿੰਦੇ ਹਨ ਕਿ ਜਦੋਂ ਵੀ ਕਿਸੇ ਸ਼ਖ਼ਸ ਨੂੰ ਲਾਇਸੈਂਸ ਦਿੱਤਾ ਜਾਂਦਾ ਹੈ ਤਾਂ ਉਸ ਵੇਲੇ ਜ਼ਬਾਨੀ ਉਸ ਨੂੰ ਕਿਸੇ ਵੀ ਤਰ੍ਹਾਂ ਦੀਆਂ ਹਦਾਇਤਾਂ ਨਹੀਂ ਦਿੱਤੀ ਜਾਂਦੀਆਂ। ਪਰ ਆਰਮਜ਼ ਐਕਟ ਦੇ ਤਹਿਤ ਲਾਇਸੈਂਸੀ ਹਥਿਆਰ ਰੱਖਣ ਵਾਲਿਆਂ ਲਈ ਲਈ ਕੁਝ ਨਿਯਮ ਤੈਅ ਕੀਤੇ ਗਏ ਹਨ। ਇਹ ਹੇਠ ਲਿਖੇ ਅਨੁਸਾਰ ਹਨ:

ਜਿਸ ਵਿਅਕਤੀ ਦੇ ਨਾਮ ਉੱਤੇ ਹਥਿਆਰ ਹੈ ਸਿਰਫ਼ ਉਹੀ ਆਤਮ-ਰੱਖਿਆ ਲਈ ਉਸ ਨੂੰ ਚਲਾ ਸਕਦਾ ਹੈ

ਲਾਇਸੈਂਸੀ ਹਥਿਆਰ ਦੀ ਵਰਤੋਂ ਦਿਖਾਵੇ ਲਈ ਨਹੀਂ ਕੀਤੀ ਜਾ ਸਕਦੀ

ਕਿਸੇ ਵਿਆਹ ਸਮਾਗਮ, ਪਾਰਟੀ ਜਾਂ ਖੁਸ਼ੀ ਦੇ ਮੌਕੇ ਉੱਤੇ ਵੀ ਇਸ ਦੀ ਵਰਤੋਂ ਨਹੀਂ ਹੋ ਸਕਦੀ

ਕਿਸੇ ਨੂੰ ਡਰਾਉਣ-ਧਮਕਾਉਣ ਲਈ ਲਾਇਸੈਂਸੀ ਹਥਿਆਰ ਨੂੰ ਨਹੀਂ ਵਰਤਿਆ ਜਾ ਸਕਦਾ

### ਹਥਿਆਰ ਦਾ ਲਾਇਸੈਂਸ ਮਿਲਦਾ ਕਿਵੇਂ ਹੈ?

ਪੂਰੇ ਭਾਰਤ ਵਿੱਚ ਆਰਮਜ਼ ਐਕਟ ਦੇ ਨਿਯਮ ਇੱਕੋ ਜਿਹੇ ਹਨ। ਕੁਝ ਹਥਿਆਰ ਸਿਰਫ਼ ਪੁਲਿਸ ਅਧਿਕਾਰੀਆਂ, ਫੌਜ ਜਾਂ ਪੈਰਾਮਿਲਟਰੀ ਫੋਰਸਜ਼ ਨੂੰ ਹੀ ਦਿੱਤੇ ਜਾਂਦੇ ਹਨ ਜਿਨ੍ਹਾਂ ਦੀ ਰੇਂਜ ਜ਼ਿਆਦਾ ਹੁੰਦੀ ਹੈ, ਉਹ ਆਮ ਲੋਕਾਂ ਨੂੰ ਨਹੀਂ ਦਿੱਤੇ ਜਾ ਸਕਦੇ। ਆਮ ਲੋਕ 32 ਬੋਰ ਤੱਕ ਦੇ ਹਥਿਆਰਾਂ ਦਾ ਹੀ ਲਾਇਸੈਂਸ ਲੈ ਸਕਦੇ ਹਨ। ਇਸ ਦੇ ਲਈ ਇੱਕ ਤੈਅ ਪ੍ਰਕਿਰਿਆ ਦਾ ਪਾਲਣ ਕਰਨਾ ਹੁੰਦਾ ਹੈ। ਆਪਣੀ ਸੁਰੱਖਿਆ ਦਾ ਹਵਾਲਾ ਦੇ ਕੇ ਕੋਈ ਵੀ ਸ਼ਖ਼ਸ ਹਥਿਆਰ ਲੈਣ ਲਈ ਲਾਇਸੈਂਸ ਲਈ ਅਪਲਾਈ ਕਰ ਸਕਦਾ ਹੈ। ਪਰ ਉਸ ਨੂੰ ਇਹ ਦੱਸਣਾ ਪਵੇਗਾ ਕਿ ਹਥਿਆਰ ਚਾਹੀਦਾ ਕਿਉਂ ਹੈ। ਇਸ ਦੇ ਲਈ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਦਿੱਤੀ ਜਾਂਦੀ ਹੈ। ਇਸ ਮਗਰੋਂ ਡੀਸੀ ਜ਼ਿਲ੍ਹੇ ਦੇ ਐੱਸਐੱਸਪੀ ਕੋਲੋਂ ਜਾਂਚ ਕਰਵਾਉਂਦਾ ਹੈ ਜਿਵੇਂ ਉਸ ਦੇ ਘਰ ਦਾ ਪਤਾ ਠੀਕ ਹੈ ਜਾਂ ਨਹੀਂ, ਉਸ ਉੱਤੇ ਕੋਈ ਅਪਰਾਧਿਕ ਮਾਮਲੇ ਤਾਂ ਦਰਜ ਨਹੀਂ ਹਨ, ਜਿਨ੍ਹਾਂ ਕਾਰਨਾਂ ਦਾ ਹਵਾਲਾ ਦੇ ਕੇ ਲਾਇਸੈਂਸ ਅਪਲਾਈ ਕੀਤਾ ਜਾ ਰਿਹਾ ਹੈ, ਉਹ ਸਹੀ ਵੀ ਹਨ ਜਾਂ ਨਹੀਂ। ਲਾਇਸੈਂਸ ਦੀ ਮਿਆਦ ਉਸ ਦੇ ਮੁਹੱਈਆ ਹੋਣ ਤੋਂ ਲੈ ਕੇ ਅਗਲੇ 5 ਸਾਲ ਤੱਕ ਹੁੰਦੀ ਹੈ ਪਰ ਜੇਕਰ ਹਥਿਆਰ ਦੀ ਵਰਤੋਂ ਅਪਰਾਧ ਕਰਨ ਲਈ ਹੁੰਦੀ ਹੈ ਤਾਂ ਇਸ ਨੂੰ ਰੱਦ ਕਰ ਦਿੱਤਾ ਜਾਂਦਾ ਹੈ।



### ਪੰਜਾਬ ਵਿੱਚ ਮਿਲੇ ਲਾਇਸੈਂਸੀ ਹਥਿਆਰ ਦੀ ਵਰਤੋਂ ਦੂਜੇ ਸੂਬੇ ਵਿੱਚ ਕੀਤੀ ਜਾ ਸਕਦੀ ਹੈ?

ਕੁਝ ਲਾਇਸੈਂਸ ਆਲ ਇੰਡੀਆ ਤੇ ਕੁਝ ਸੂਬਾ ਪੱਧਰੀ ਹੁੰਦੇ ਹਨ। ਜਦੋਂ ਲਾਇਸੈਂਸ ਮਿਲਦਾ ਹੈ ਤਾਂ ਉਸ ਉੱਪਰ ਲਿਖਿਆ ਹੁੰਦਾ ਹੈ ਕਿ ਉਸ ਦਾ ਅਧਿਕਾਰ ਖੇਤਰ ਕੀ ਹੈ। ਜੇਕਰ ਕੋਈ ਸ਼ਖ਼ਸ ਪੂਰੇ ਭਾਰਤ ਵਿੱਚ ਹਥਿਆਰ ਲੈ ਕੇ ਜਾਣਾ ਚਾਹੁੰਦਾ ਹੈ ਤਾਂ ਉਸ ਉੱਪਰ ਭਾਰਤ ਦੇ ਗ੍ਰਹਿ ਸਕੱਤਰ ਦੇ ਦਸਤਖ਼ਤ ਲਾਜ਼ਮੀ ਹੁੰਦੇ ਹਨ।

### ਲਾਇਸੈਂਸ ਰੱਦ ਕਿਸ ਆਧਾਰ ਉੱਤੇ ਅਤੇ ਕਿਵੇਂ ਕੀਤਾ ਜਾਂਦਾ ਹੈ?

ਲਾਇਸੈਂਸੀ ਹਥਿਆਰ ਦੀ ਗੈਰਕਾਨੂੰਨੀ ਵਰਤੋਂ ਕਰਨ ਉੱਤੇ ਉਸ ਨੂੰ ਰੱਦ ਕੀਤਾ ਜਾ ਸਕਦਾ ਹੈ। ਕਿਸੇ ਵੀ ਸ਼ਖ਼ਸ ਦਾ ਲਾਇਸੈਂਸ ਰੱਦ ਕਰਨ ਤੋਂ ਪਹਿਲਾਂ ਉਸ ਨੂੰ ਕਾਰਨ ਦੱਸੋ (ਸ਼ੋਅਕੌਜ਼) ਨੋਟਿਸ ਦੇਣਾ ਜ਼ਰੂਰੀ ਹੈ। ਲਾਇਸੈਂਸ ਰੱਦ ਕਰਨ ਤੋਂ ਪਹਿਲਾਂ ਉਸ ਸ਼ਖ਼ਸ ਨੂੰ ਕਾਰਨ ਵੀ ਦੱਸਣਾ ਪੈਂਦਾ ਹੈ ਤੇ ਉਸਦਾ ਪੱਖ ਲੈਣਾ ਲਾਜ਼ਮੀ ਹੈ। ਸੀਨੀਅਰ ਵਕੀਲ ਨਵਕਿਰਨ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਕੋਲ ਵੀ ਹਾਲ ਹੀ ਵਿੱਚ ਕੁਝ ਕੇਸ ਆਏ ਹਨ ਜਿੱਥੇ ਲੋਕਾਂ ਨੂੰ ਕਾਰਨ ਦੱਸੋ ਨੋਟਿਸ ਆਇਆ ਹੈ ਤੇ ਅਦਾਲਤ ਵਿੱਚ ਉਸ ਨੂੰ ਚੈਲੇਂਜ ਕੀਤਾ ਗਿਆ ਹੈ। ਉਸ ਮਾਮਲੇ ਵਿੱਚ ਫਿਰ ਅਦਾਲਤ ਵਿਚ ਸੁਣਵਾਈ ਹੁੰਦੀ ਹੈ। ਇਹੋ ਜਿਹੇ ਮਾਮਲਿਆਂ ਵਿੱਚ ਅਦਾਲਤੀ ਸੁਣਵਾਈ ਹੋਏ ਬਿਨਾਂ ਲਾਇਸੈਂਸ ਰੱਦ ਨਹੀਂ ਕੀਤਾ ਜਾ ਸਕਦਾ। ਇਕ ਗੱਲ ਹੋਰ ਹੈ ਕਿ ਇਹ ਨਿਯਮ ਸਿਰਫ਼ ਹਥਿਆਰਾਂ ਵਾਲੇ ਲਾਇਸੈਂਸ ਉੱਤੇ ਹੀ ਨਹੀਂ ਸਗੋਂ ਡਰਾਈਵਿੰਗ ਲਾਇਸੈਂਸ ਜਾਂ ਫਿਰ ਕਿਸੇ ਦਾ ਪਾਸਪੋਰਟ ਵੀ ਰੱਦ ਕਰਨਾ ਹੋਵੇ ਉਸ ਉੱਤੇ ਵੀ ਲਾਗੂ ਹੁੰਦਾ ਹੈ। ਲਾਇਸੈਂਸ ਰੱਦ ਹੋਣ ਤੋਂ ਬਾਅਦ ਵੀ ਜੇਕਰ ਹਥਿਆਰ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉਸ ਨੂੰ ਗ਼ੈਰ-ਕਾਨੂੰਨੀ ਹੀ ਮੰਨਿਆ ਜਾਵੇਗਾ।

# ਕੈਨੇਡਾ 2025 ਤੱਕ 15 ਲੱਖ ਪਰਵਾਸੀਆਂ ਨੂੰ ਕਿਉਂ ਸੱਦਣਾ ਚਾਹੁੰਦਾ ਹੈ

ਵੱਡੀ ਉਮਰ ਦੇ ਲੋਕਾਂ ਦੀ ਸੇਵਾ ਮੁਕਤੀ ਹੋਣ ਕਾਰਨ ਆਰਥਿਕਤਾ ਵਿੱਚ ਪੈਦਾ ਹੋਏ ਖ਼ਲਾਅ ਨੂੰ ਭਰਨ ਲਈ ਕੈਨੇਡਾ ਦੀ ਝਾਕ ਪਰਵਾਸੀਆਂ ਉਪਰ ਹੈ। ਹਾਲਾਂਕਿ ਹਰ ਕੋਈ ਇਸ ਦੇ ਸਮਰਥਨ ਵਿੱਚ ਨਹੀਂ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ, ਫੈਡਰਲ ਸਰਕਾਰ ਨੇ ਐਲਾਨ ਕੀਤਾ ਕਿ 2025 ਤੱਕ ਹਰ ਸਾਲ 5 ਲੱਖ ਪਰਵਾਸੀਆਂ ਨੂੰ ਦਾਖਲਾ ਦਿੱਤਾ ਜਾਏਗਾ। ਇਸ ਅਨੁਸਾਰ ਆਉਂਦੇ ਤਿੰਨ ਸਾਲਾਂ ਵਿਚ ਕਰੀਬ 15 ਲੱਖ ਪਰਵਾਸੀ ਕੈਨੇਡਾ ਪਹੁੰਚ ਸਕਦੇ ਹਨ। ਇਸ ਯੋਜਨਾ ਨਾਲ ਯੂਕੇ ਦੇ ਮੁਕਾਬਲੇ ਪ੍ਰਤੀ ਅਬਾਦੀ, ਹਰ ਸਾਲ ਅੱਠ ਗੁਣਾ ਲੋਕਾਂ ਨੂੰ ਸਥਾਈ ਰਿਹਾਇਸ਼ (ਪੀਆਰ) ਦਿੱਤੀ ਜਾਏਗੀ। ਇਹ ਯੂਨਾਈਟਿਡ ਸਟੇਟਸ ਨਾਲੋਂ ਚਾਰ ਗੁਣਾ ਵੱਧ ਹੋਵੇਗੀ। ਪਰ ਤਾਜ਼ਾ ਸਰਵੇ ਵਿੱਚ ਸਾਹਮਣੇ ਆਇਆ ਹੈ ਕਿ ਵੱਡੀ ਗਿਣਤੀ ਵਿਚ ਨਵੇਂ ਲੋਕਾਂ ਨੂੰ ਲਿਆਉਣ ਬਾਰੇ ਚਿੰਤਾਵਾਂ ਵੀ ਹਨ।

### ਕੈਨੇਡਾ ਦੀ ਵੱਡੀ ਯੋਜਨਾ

ਕਈ ਸਾਲਾਂ ਤੱਕ ਕੈਨੇਡਾ ਨੇ ਪਰਮਾਨੈਂਟ ਰੈਜ਼ੀਡੈਂਟਸ ਨੂੰ ਆਕਰਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਅਜਿਹੇ ਪਰਵਾਸੀ ਹਨ ਜਿਨ੍ਹਾਂ ਨੂੰ ਅਣਮਿੱਥੇ ਸਮੇਂ ਲਈ ਕੈਨੇਡਾ ਵਿੱਚ ਰਹਿਣ ਦਾ ਹੱਕ ਹੁੰਦਾ ਹੈ ਪਰ ਉਹ ਕੈਨੇਡਾ ਦੇ ਨਾਗਰਿਕ ਨਹੀਂ ਹੁੰਦੇ। ਅਜਿਹਾ ਅਬਾਦੀ ਬਰਕਰਾਰ ਰੱਖਣ ਅਤੇ ਆਰਥਿਕਤਾ ਵਿੱਚ ਵਾਧੇ ਲਈ ਕੀਤਾ ਗਿਆ ਸੀ। ਪਿਛਲੇ ਸਾਲ ਕੈਨੇਡਾ ਨੇ ਇਤਿਹਾਸ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ 405,000 ਲੋਕਾਂ ਨੂੰ ਸਥਾਈ ਰਿਹਾਇਸ਼ ਯਾਨੀ ਪੀਆਰ ਦਿੱਤੀ। ਇਸ ਦਾ ਸਿੱਧਾ ਹਿਸਾਬ ਹੈ ਕਿ ਪੱਛਮੀ ਦੇਸ਼ਾਂ ਵਾਂਗ ਕੈਨੇਡਾ ਵਿੱਚ ਵੱਡੀ ਉਮਰ ਦੇ ਲੋਕਾਂ ਦੀ ਵਸੋਂ ਵੱਧ ਹੈ ਅਤੇ ਜਨਮ ਦਰ ਘੱਟ ਹੈ। ਜੇਕਰ ਦੇਸ਼ ਅੱਗੇ ਵਧਣਾ ਚਹੁੰਦਾ ਹੈ ਤਾਂ ਪ੍ਰਵਾਸੀਆਂ ਨੂੰ ਬੁਲਾਣਾ ਪੈਣਾ। ਕੈਨੇਡਾ ਵਿੱਚ ਕਿਰਤੀ ਲੋਕਾਂ ਦੇ ਵਾਧੇ ਵਿੱਚ ਪਰਵਾਸੀਆਂ ਦੀ ਭੂਮਿਕਾ ਪਹਿਲਾਂ ਹੀ ਹੈ ਅਤੇ ਸਰਕਾਰ ਦੇ ਨਵੇਂ ਪ੍ਰੈਸ ਰਿਲੀਜ਼ ਮੁਤਾਬਕ, ਉਮੀਦ ਕੀਤੀ ਜਾ ਰਹੀ ਹੈ ਕਿ 2032 ਤੱਕ ਦੇਸ਼ ਦੀ ਹਰ ਤਰ੍ਹਾਂ ਦੀ ਅਬਾਦੀ ਵਿੱਚ ਇਸ ਦੀ ਭੂਮਿਕਾ ਹੋਏਗੀ। ਇਸ ਮਹੀਨੇ ਵਿੱਚ ਪਹਿਲਾਂ, ਸਰਕਾਰ ਨੇ ਐਲਾਨ ਕੀਤਾ ਕਿ 2025 ਤੱਕ ਉਹ ਹਰ ਸਾਲ 5 ਲੱਖ ਪਰਵਾਸੀਆਂ ਨੂੰ ਕੈਨੇਡਾ ਲਿਆਉਣ ਦੀ ਉਮੀਦ ਕਰ ਰਹੇ ਹਨ। ਇਹ ਗਿਣਤੀ 2021 ਨਾਲੋਂ 25 ਫ਼ੀਸਦੀ ਵੱਧ ਹੋਏਗੀ।

### ਦੁਨੀਆ ਵਿੱਚ ਅਨੋਖੀ ਥਾਂ

ਅੱਜ, ਚਾਰ ਵਿੱਚੋਂ ਤਿੰਨ ਕੈਨੇਡੀਅਨ ਅਜਿਹੇ ਹਨ ਜੋ ਕਿਸੇ ਵੇਲੇ ਪਰਵਾਸੀ ਬਣ ਕੇ ਕੈਨੇਡਾ ਪਹੁੰਚੇ। ਇਹ ਘ7 ਦੇਸ਼ਾਂ ਦੇ ਸਮੂਹ ਵਿੱਚ ਸਭ ਤੋਂ ਜ਼ਿਆਦਾ ਗਿਣਤੀ ਹੈ। ਅਮਰੀਕਾ ਨਾਲ ਤੁਲਨਾ ਕਰੀਏ ਤਾਂ ਉੱਥੇ ਸਿਰਫ਼ 14 ਫ਼ੀਸਦੀ ਪਰਵਾਸੀ ਹਨ। ਯੂਕੇ ਵਿਚ ਵੀ ਪਰਵਾਸੀਆਂ ਦੀ ਅਬਾਦੀ 14 ਫ਼ੀਸਦੀ ਹੈ। ਆਕਸਫੋਰਡ ਯੂਨੀਵਰਸਿਟੀ ਵਿੱਚ ਮਾਈਗਰੇਸ਼ਨ ਅਬਜ਼ਰਵੇਟਰੀ ਦੇ ਡਾਇਰੈਕਟਰ ਮੈਡੇਲਿਨ ਸੰਪਸ਼ਨ ਨੇ ਕਿਹਾ, "ਇਨ੍ਹਾਂ ਅੰਕੜਿਆਂ ਦਾ ਮਤਲਬ ਇਹ ਨਹੀਂ ਕਿ ਯੂਕੇ ਪਰਵਾਸ ਵਿੱਚ ਪਿੱਛੇ ਹੈ, ਪਰ ਕੈਨੇਡਾ ਜ਼ਿਆਦਾ ਹੀ ਅੱਗੇ ਹੈ।" ਕੈਨੇਡਾ ਤੋਂ ਦੁਗਣੀ ਅਬਾਦੀ ਵਾਲੇ ਛੋਟੇ ਜਿਹੇ ਟਾਪੂ ਯੂਕੇ ਵਿੱਚ ਪਹਿਲਾਂ ਹੀ ਅਬਾਦੀ ਘਣਤਾ ਜ਼ਿਆਦਾ ਹੈ। ਜਦਕਿ ਕੈਨੇਡਾ ਦੀ ਅਬਾਦੀ ਮਹਿਜ਼ 38 ਮਿਲੀਅਨ ਹੈ ਅਤੇ ਉਸ ਦਾ ਖੇਤਰ ਕਾਫ਼ੀ ਵੱਡਾ ਹੈ। ਇਸ ਲਈ ਉੱਥੇ ਅਬਾਦੀ ਵਾਧੇ ਲਈ ਸੰਭਾਵਨਾਵਾਂ ਹਨ। ਉਨ੍ਹਾਂ ਨੇ ਕਿਹਾ, "ਕੈਨੇਡਾ ਦੀ ਤਰ੍ਹਾਂ ਯੂਕੇ ਦਾ ਟੀਚਾ ਅਬਾਦੀ ਵਧਾਉਣ ਦਾ ਨਹੀਂ ਰਿਹਾ।" ਮੈਕਮਾਸਟਰ ਯੂਨੀਵਰਸਿਟੀ ਤੋਂ ਰਾਜਨੀਤੀ ਵਿਗਿਆਨ ਦੇ ਮਾਹਿਰ ਜੈਫਰੀ ਕੈਮਰਨ ਨੇ ਕਿਹਾ ਕਿ ਕਈ ਦੇਸ਼ ਜਿਵੇਂ ਕੈਨੇਡਾ ਜੋ ਕਿ ਬੱਚੇ ਪੈਦਾ ਹੋਣ ਦੀ ਘੱਟ ਦਰ ਅਤੇ ਵਧਦੀ ਉਮਰ ਵਾਲੀ ਅਬਾਦੀ ਦਾ ਸਾਹਮਣਾ ਕਰ ਰਹੇ ਹਨ, ਉੱਥੇ ਪਰਵਾਸ ਢਾਂਚੇ ਦੀ ਸਫਲਤਾ ਲੋਕਾਂ ਦੇ ਸਹਿਯੋਗ 'ਤੇ ਨਿਰਭਰ ਕਰਦੀ ਹੈ। ਉਨ੍ਹਾਂ ਨੇ ਕਿਹਾ, "ਬਹੁਤ ਸਾਰੇ ਦੇਸ਼ਾਂ ਵਿੱਚ ਲੋਕਾਂ ਦੀ ਰਾਏ ਹੀ ਸੀਮਤ ਕਾਰਕ ਹੁੰਦੀ ਹੈ।"

ਅਮਰੀਕਾ ਵਿਚ ਜਿੱਥੇ ਦੱਖਣੀ ਸਰਹੱਦ ਜ਼ਰੀਏ ਉੱਥੇ ਪਹੁੰਚਣ ਵਾਲੇ ਪਰਵਾਸੀਆਂ ਦੀ ਗਿਣਤੀਆਂ ਹੁਣ ਤੱਕ ਦੀ ਸਭ ਤੋਂ ਵੱਧ ਹੋ ਗਈ ਹੈ, ਉੱਥੇ ਨੌਕਰੀਆਂ ਤੋਂ ਵੱਧ ਪਰਵਾਸੀਆਂ ਦੇ ਆਉਣ ਕਾਰਨ ਫ਼ਿਕਰ ਵੀ ਹੈ। ਬਰੈਗ਼ਜ਼ਿਟ ਤੋਂ ਪਹਿਲਾਂ, ਯੂਰਪੀ ਯੂਨੀਅਨ ਦੇ ਪਰਵਾਸੀਆਂ ਵੱਲੋਂ ਪੂਰਬੀ ਯੂਰਪ ਤੋਂ ਯੂਕੇ ਆਉਣ ਦੀ ਲਹਿਰ ਨੇ ਪਰਵਾਸ ਖ਼ਿਲਾਫ਼ ਪ੍ਰਤਿਕਿਰਿਆ ਪੈਦਾ ਕੀਤੀ। ਮੈਡੇਲਿਨ ਸੰਪਸ਼ਨ ਨੇ ਕਿਹਾ ਕਿ ਪਰ ਪਿਛਲੇ ਕੁਝ ਸਾਲਾਂ ਵਿੱਚ ਪਰਵਾਸ ਬਾਰੇ ਲੋਕਾਂ ਦੀ ਰਾਏ ਵਿੱਚ ਵਾਧਾ ਹੋਇਆ ਹੈ ਕਿਉਂਕਿ ਲੋਕਾਂ ਨੂੰ ਲਗਦਾ ਹੈ ਕਿ ਹੁਣ ਪਰਵਾਸੀਆਂ ਉੱਤੇ ਦੇਸ਼ ਦਾ ਪਹਿਲਾਂ ਨਾਲੋਂ ਬਿਹਤਰ ਕੰਟਰੋਲ ਹੈ। ਜਦਕਿ, ਕੈਨੇਡਾ ਵਿੱਚ ਇਤਿਹਾਸਕ ਤੌਰ 'ਤੇ ਵੀ ਪਰਵਾਸ ਲਈ ਕਾਫ਼ੀ ਜ਼ਿਆਦਾ ਸਮਰਥਨ ਰਿਹਾ ਹੈ। ਜੈਫਰੀ ਕੈਮਰਨ ਕਹਿੰਦੇ ਹਨ, "ਮੈਨੂੰ ਲਗਦਾ ਹੈ ਕਿ ਇਸ ਦਾ ਇੱਕ ਕਾਰਨ ਇਹ ਹੈ ਕਿ ਜਿਸ ਤਰ੍ਹਾਂ ਸਰਕਾਰ ਕੈਨੇਡਾ ਦੇ ਹਿਤਾਂ ਨੂੰ ਮੁੱਖ ਰੱਖਦਿਆਂ ਪਰਵਾਸ ਦਾ ਪ੍ਰਬੰਧਨ ਕਰਦੀ ਹੈ, ਉਸ ਉੱਤੇ ਲੋਕਾਂ ਨੂੰ ਪੂਰਾ ਯਕੀਨ ਹੈ।" ਪਰ ਅਜਿਹਾ ਵੀ ਨਹੀਂ ਹੈ ਕਿ ਉੱਥੇ ਪਰਵਾਸ ਨਾਲ ਜੁੜੀਆਂ ਚਿੰਤਾਵਾਂ ਨਹੀਂ ਹਨ। ਪਿਛਲੇ ਕੁਝ ਸਾਲਾਂ ਵਿੱਚ, ਯੂਐਸ ਬਾਰਡਰ 'ਤੇ ਪਰਵਾਸੀਆਂ ਦੇ ਪ੍ਰਵਾਹ ਨੇ ਕੁਝ ਵਿਵਾਦ ਪੈਦਾ ਕੀਤੇ ਹਨ ਅਤੇ 2018 ਵਿਚ ਉਥੋਂ ਦੀ ਸੱਜੇ ਪੱਖੀ ਪਾਰਟੀ ਪੀਪਲਜ਼ ਪਾਰਟੀ ਆਫ਼ ਕੈਨੇਡਾ ਦੇ ਉੱਭਰਨ ਨਾਲ 2019 ਦੀਆਂ ਫੈਡਰਲ ਚੋਣਾਂ ਤੱਕ ਇਹ ਕੌਮੀ ਚਰਚਾਵਾਂ ਦਾ ਵਿਸ਼ਾ ਬਣਿਆ ਰਿਹਾ।



### ਵੱਖ-ਵੱਖ ਹਿੱਸਿਆਂ ਵਿੱਚ ਵੱਖਰਾ ਰਵੱਈਆ

ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਵਿਚ ਪਰਵਾਸ ਪ੍ਰਤੀ ਵੱਖੋ-ਵੱਖਰਾ ਰਵੱਈਆ ਹੈ। ਜਦੋਂ ਸਰਕਾਰ ਨੇ ਹਰ ਸਾਲ ਨਵੇਂ ਪੰਜ ਲੱਖ ਪਰਵਾਸੀਆਂ ਨੂੰ ਕੈਨੇਡਾ ਲਿਆਉਣ ਦਾ ਆਕਰਮਕ ਐਲਾਨ ਕੀਤਾ ਤਾਂ ਆਪਣੇ ਲਈ ਪਰਵਾਸੀਆਂ ਦੀ ਸੀਮਾ ਤੈਅ ਕਰਨ ਵਾਲੇ 'ਪ੍ਰੋਵਿੰਸ ਆਫ਼ ਕਿਊਬਿਕ ਨੇ ਕਿਹਾ ਕਿ ਇੱਕ ਸਾਲ ਵਿੱਚ 50 ਹਜ਼ਾਰ ਤੋਂ ਵੱਧ ਪਰਵਾਸੀਆਂ ਨੂੰ ਨਹੀਂ ਲਏਗਾ। ਇਸ ਦਾ ਮਤਲਬ ਕਿ ਕਿਊਬਿਕ ਜਿੱਥੇ ਦੇਸ਼ ਦੀ 23 ਫ਼ੀਸਦੀ ਅਬਾਦੀ ਰਹਿੰਦੀ ਹੈ, ਉਹ ਸਿਰਫ਼ 10 ਫ਼ੀਸਦ ਪਰਵਾਸੀਆਂ ਨੂੰ ਹੀ ਉੱਥੇ ਆਉਣ ਦੇਵੇਗਾ। ਕਿਊਬਿਕ ਦੇ ਪ੍ਰੀਮੀਅਰ ਫਰੈਂਸੋਸ ਲੀਗਾਲਟ ਨੇ ਕਿਹਾ ਕਿ ਉਨ੍ਹਾਂ ਨੂੰ ਵਧੇਰੇ ਪਰਵਾਸੀਆਂ ਦੇ ਆਉਣ ਨਾਲ ਉੱਥੇ ਫ੍ਰੈਂਚ ਭਾਸ਼ਾ ਕਮਜ਼ੋਰ ਹੋਣ ਦੀ ਚਿੰਤਾ ਹੈ। ਭਾਵੇਂ ਇਹ ਸੱਚ ਹੈ ਕਿ ਕੈਨੇਡਾ ਵਿੱਚ ਅਬਾਦੀ ਵਾਧੇ ਦੀਆਂ ਸੰਭਾਵਨਾਵਾਂ ਹਨ ਪਰ ਕਈ ਥਾਂਵਾਂ ਘੁਟਣ ਮਹਿਸੂਸ ਕਰਦੀਆਂ ਹਨ। ਟੋਰਾਂਟੋ ਅਤੇ ਵੈਨਕੂਵਰ ਜਿਹੇ ਵੱਡੇ ਸ਼ਹਿਰ ਜਿੱਥੇ 10 ਫ਼ੀਸਦੀ ਅਬਾਦੀ ਰਹਿੰਦੀ ਹੈ, ਉੱਥੇ ਸਸਤੇ ਘਰ ਮਿਲਣੇ ਔਖੇ ਹੋ ਗਏ ਹਨ।

'ਲੇਗਰ ਐਂਡ ਦ ਐਸੋਸੀਏਸ਼ਨ ਆਫ਼ ਕੈਨੇਡੀਅਨ ਸਟਡੀਜ਼' ਵੱਲੋਂ 1,537 ਕੈਨੇਡੀਅਨਾਂ ਦੇ ਸਰਵੇ ਵਿੱਚ ਸਾਹਮਣੇ ਆਇਆ ਕਿ ਚਾਰ ਵਿੱਚੋਂ ਤਿੰਨ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਨਵੀਂ ਯੋਜਨਾ ਨਾਲ ਰਿਹਾਇਸ਼ਾਂ ਅਤੇ

(ਬਾਕੀ ਸਫ਼ਾ 22 'ਤੇ)

# ਅੰਮ੍ਰਿਤਪਾਲ ਸਿੰਘ ਦੀ ਖਾਲਸਾ ਵਹੀਰ ਯਾਤਰਾ ਦੀ ਕੀ ਹੈ ਜ਼ਮੀਨੀ ਅਸਲੀਅਤ

**ਸਰਬਜੀਤ ਸਿੰਘ ਧਾਲੀਵਾਲ**

"ਸ਼ਾਮ ਦੇ ਕਰੀਬ 6.30 ਵਜੇ ਜੰਡਿਆਲਾ ਦੇ ਖੇਤਾਂ ਵਿੱਚ ਬਣੇ ਗੁਰਦੁਆਰਾ ਨਾਨਕਸਰ ਦੇ ਬਾਹਰ ਪੰਡਾਲ ਵਿੱਚ ਇੱਕ ਅਨਾਊਂਸਮੈਂਟ ਹੁੰਦੀ ਹੈ- "ਮੀਡੀਆ ਵਾਲੇ ਆਪਣੇ ਕੈਮਰੇ ਬੰਦ ਕਰ ਦੇਣ ਅਤੇ ਸਮਾਗਮ ਤੋਂ ਬਾਹਰ ਚਲੇ ਜਾਣ।" ਸਮਾਗਮ ਵਿੱਚ ਮੌਜੂਦ ਸੰਗਤਾਂ ਨੂੰ ਆਖਿਆ ਜਾਂਦਾ ਹੈ ਕਿ ਉਹ ਆਪਣੇ ਮੋਬਾਈਲ ਫੋਨਾਂ ਨੂੰ ਵੀ ਬੰਦ ਕਰ ਦੇਣ ਕਿਉਂਕਿ ਸਮਾਗਮ ਵਿੱਚ ਵੀਡੀਓਗ੍ਰਾਫੀ ਕਰਨ ਦੀ ਮਨਾਹੀ ਹੈ, ਕੋਈ ਵੀ ਵਿਅਕਤੀ ਮੋਬਾਈਲ ਫ਼ੋਨ ਦਾ ਇਸਤੇਮਾਲ ਨਾ ਕਰੇ ਇਸ ਦੇ ਲਈ ਕੁਝ ਨੌਜਵਾਨ ਪੰਡਾਲ ਵਿੱਚ ਮੌਜੂਦ ਸੰਗਤ ਉੱਤੇ ਵੱਡਾ ਪੰਡਾਲ ਲਗਾਇਆ ਗਿਆ ਸੀ ਤੇ ਵੱਡੇ ਪੱਧਰ 'ਤੇ ਲੋਕਾਂ ਦੇ ਰਹਿਣ ਦਾ ਪ੍ਰਬੰਦ ਕੀਤਾ ਗਿਆ ਸੀ ਪਰ ਸੰਗਤ ਆਸ ਤੋਂ ਕਿਤੇ ਘੱਟ ਸੀ ਜਿਸ ਦੇ ਚਲਦਿਆਂ ਪੰਡਾਲ ਦਾ ਬਹੁਤਾ ਹਿੱਸਾ ਖ਼ਾਲੀ ਨਜ਼ਰ ਆ ਰਿਹਾ ਸੀ। ਇਸ ਸਮਾਗਮ ਵਿੱਚ ਮੌਜੂਦ ਨੌਜਵਾਨਾਂ ਵਲੋਂ ਉਥੇ ਮੌਜੂਦ ਲੋਕਾਂ ਦੀ ਨਿਗਰਾਨੀ ਕੀਤੀ ਜਾ ਰਹੀ ਸੀ ਤੇ ਕੁਝ ਹੱਦ ਵਿੱਚ ਰਹਿਕੇ ਹੀ ਵਿਚਰਣ ਦੀ ਆਗਿਆ ਸੀ। ਲੋਕਾਂ ਲਈ ਕੁਝ ਸਮੇਂ ਲਈ ਗੁਰਦੁਆਰੇ ਦੇ ਦਰਵਾਜ਼ੇ ਵੀ ਬੰਦ ਕੀਤੇ ਗਏ। ਅੰਦਰ ਲੋਕਾਂ ਦੇ ਅੰਦਰ ਜਾਣ ਦੀ ਮਨਾਹੀ ਸੀ। ਗੁਰਦੁਆਰੇ ਦੇ ਮੁੱਖ ਗੇਟ ਉੱਤੇ ਕੁਝ ਨੌਜਵਾਨਾਂ ਨੇ ਅਸਲੇ ਦੇ ਨਾਲ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ। ਖ਼ਾਲਸਾ ਵਹੀਰ ਯਾਤਰਾ ਪੰਜਾਬ ਵਿੱਚ ਕਰੀਬ 30 ਦਿਨ ਚੱਲੇਗੀ ਇਸ ਦੀ ਸਮਾਪਤੀ ਆਨੰਦਪੁਰ ਸਾਹਿਬ ਵਿਖੇ ਹੋਵੇਗੀ। ਇਸ ਯਾਤਰਾ ਦੇ 13 ਪੜਾਅ ਹਨ।

ਇਹ ਯਾਤਰਾ ਮਹਿਤਾ ਚੌਂਕ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸੁਲਤਾਨਪੁਰ ਲੋਧੀ, ਕਪੂਰਥਲਾ, 'ਤੇ ਪੂਰੀ ਤਰ੍ਹਾਂ ਰੋਕ ਸੀ। ਇਸ ਦੌਰਾਨ ਅਮ੍ਰਿਤਪਾਲ ਨੇ ਪੁਲਿਸ ਕਰਮੀਆਂ ਨਾਲ ਗੱਲਬਾਤ ਕੀਤੀ ਤੇ ਪੰਡਾਲ ਵਿੱਚ ਚਲੇ ਗਏ ਅਮ੍ਰਿਤਪਾਲ ਸਿੰਘ ਦੇ ਪੰਡਾਲ ਵਿੱਚ ਆਉਣ ਤੋਂ ਬਾਅਦ ਹੀ ਮੰਚ ਉੱਤੇ ਕੈਮਰੇ ਬੰਦ ਕਰਵਾਉਣ ਦੀ ਅਨਾਊਸਮੈਂਟ ਪ੍ਰਬੰਧਕਾਂ ਵੱਲੋਂ ਕੀਤੀ ਗਈ। ਸ਼ਾਮ ਸਮੇਂ ਕੀਰਤਨ ਸਮਾਗਮ ਹੋਇਆ ਤੇ ਦੋ ਘੰਟੇ ਬਾਅਦ ਸਮਾਗਮ ਦੀ ਸਮਾਪਤੀ ਹੋਈ। ਸਮਾਗਮ ਦੌਰਾਨ ਅਮ੍ਰਿਤਪਾਲ ਸਿੰਘ ਸ਼ਰਧਾਲੂਆਂ ਨੂੰ ਸੰਬੋਧਨ ਕਰਨ ਤੋਂ ਗੁਰੇਜ਼ ਕਰਦੇ ਹਨ।

**ਕੀ ਹੈ ਯਾਤਰਾ ਦਾ ਮਕਸਦ**





ਬਕਾਇਦਾ ਨਜ਼ਰ ਰੱਖਦੇ ਦੇਖੇ ਜਾ ਸਕਦੇ ਹਨ। ਇਹ ਸਾਰਾ ਦ੍ਰਿਸ਼ ਜੰਡਿਆਲਾ ਗੁਰੂ ਦੇ ਗੁਰਦੁਆਰਾ ਨਾਨਕਸਰ ਦੇ ਬਾਹਰ ਖੇਤਾਂ ਵਿੱਚ ਬਣੇ ਪੰਡਾਲ ਦਾ ਸੀ, ਜਿੱਥੇ ਖ਼ਾਲਸਾ ਵਹੀਰ ਯਾਤਰਾ ਦਾ ਪਹਿਲਾ ਪੜਾਅ ਸੀ ਜਿਥੇ ਸੰਗਤਾਂ ਦੇ ਰਾਤ ਠਹਿਰਣ ਦਾ ਪ੍ਰਬੰਧ ਕੀਤਾ ਗਿਆ ਸੀ। 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਪ੍ਰਧਾਨ ਅਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਸ਼ੁਰੂ ਹੋਈ 'ਖਾਲਸਾ ਵਹੀਰ' ਅਕਾਲ ਤਖ਼ਤ ਤੋਂ 23 ਨਵੰਬਰ ਨੂੰ ਸ਼ੁਰੂ ਹੋਈ ਸੀ।

ਸੰਗਤ ਦੇ ਭਰਵੇਂ ਇਕੱਠ ਦੇ ਮੱਦੇਨਜ਼ਰ ਇੱਕ ਦਾਖਿਲ ਹੋਣ ਵਾਲਿਆਂ ਤੋਂ ਪਹਿਲਾਂ ਪੁੱਛਗਿੱਛ ਕੀਤੀ ਗਈ ਜਿਸ ਤੋਂ ਬਾਅਦ ਉਨ੍ਹਾਂ ਨੂੰ ਗੁਰਦੁਆਰੇ ਵਿੱਚ ਜਾਣ ਦੀ ਆਗਿਆ ਦਿੱਤੀ ਗਈ।

**ਵੀਡੀਓ ਬਣਾਉਣ ਤੇ ਫ਼ੋਨ ਇਸਤੇਮਾਲ ਕਰਨ ਦੀ ਮਨਾਹੀ**

ਅਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਅੰਮ੍ਰਿਤਸਰ ਤੋਂ ਰਵਾਨਾ ਹੋਈ ਯਾਤਰਾ ਕਰੀਬ 7 ਵਜੇ ਜੰਡਿਆਲਾ ਗੁਰੂ ਪਹੁੰਚੀ। ਸਭ ਤੋਂ ਪਹਿਲਾਂ ਅਮ੍ਰਿਤਪਾਲ ਸਿੰਘ ਗੁਰੂਦੁਆਰੇ ਗਏ ਤੇ ਕੁਝ ਸਮਾਂ ਉਥੇ ਹੀ ਬੈਠੇ। ਆਮ ਜਲੰਧਰ, ਫਗਵਾੜਾ, ਨਵਾਂ ਸ਼ਹਿਰ ਹੁੰਦੀ ਹੋਈ ਆਨੰਦਪੁਰ ਸਾਹਿਬ ਵਿਖੇ ਸਮਾਪਤ ਹੋਵੇਗੀ। ਯਾਤਰਾ ਦੌਰਾਨ ਖਾਲਿ-ਸਤਾਨ ਦੇ ਹੱਕ ਵਿੱਚ ਨੌਜਵਾਨਾਂ ਵੱਲੋਂ ਨਾਅਰੇਬਾਜੀ ਕੀਤੀ ਜਾ ਰਹੀ ਹੈ।

ਕੁਝ ਲੋਕਾਂ ਦਾ ਕਹਿਣਾ ਹੈ ਕਿ ਸਿੱਖੀ ਦਾ ਪ੍ਰਚਾਰ ਤਾਂ ਠੀਕ ਪਰ ਲੋਕਾਂ ਨੂੰ ਭੜਕਾਉਣਾ ਠੀਕ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਸਭ ਦਾ ਸਾਂਝਾ ਹੈ ਇਹ ਕਿਸੇ ਇੱਕ ਧਰਮ ਦਾ ਨਹੀਂ। ਕੁਝ ਲੋਕਾਂ ਨੂੰ ਤਸੱਲੀ ਤੋਂ ਬਾਅਦ ਗੁਰਦੁਆਰੇ ਜਾਣ ਦਿੱਤਾ ਵੀ ਗਿਆ ਪਰ ਮੀਡੀਆ ਕਰਮੀਆਂ

ਖ਼ਾਲਸਾ ਵਹੀਰ ਯਾਤਰਾ ਪੰਜਾਬ ਵਿੱਚ ਕਰੀਬ 30 ਦਿਨ ਚੱਲੇਗੀ ਅਤੇ ਇਸ ਦੀ ਸਮਾਪਤੀ ਆਨੰਦਪੁਰ ਸਾਹਿਬ ਵਿਖੇ ਹੋਵੇਗੀ। ਇਸ ਦੇ ਰਸਤੇ ਵਿੱਚ ਵੱਖ-ਵੱਖ ਥਾਵਾਂ 'ਤੇ 13 ਪੜਾਅ ਰੱਖੇ ਗਏ ਹਨ, ਜਿੱਥੇ ਗੁਰਮਤਿ ਦਰਬਾਰ ਅਤੇ ਅੰਮ੍ਰਿਤ ਸੰਚਾਰ ਕਰਨ ਦਾ ਦਾਅਵਾ ਇਸ ਦੇ ਪ੍ਰਬੰਧਕਾਂ ਵੱਲੋਂ ਕੀਤਾ ਗਿਆ ਹੈ। ਅਮ੍ਰਿਤਪਾਲ ਸਿੰਘ ਮੁਤਾਬਕ ਯਾਤਰਾ ਰੋਜ਼ਾਨਾ ਕਰੀਬ ਵੀਹ ਕਿੱਲੋ ਮੀਟਰ ਦਾ ਫ਼ਾਸਲਾ ਤੈਅ ਕਰੇਗੀ।

(ਬਾਕੀ ਸਫਾ 21 'ਤੇ)

# ਗੁਜਰਾਤ ਤੇ ਹਿਮਾਚਲ ਦੇ ਚੋਣ ਦੰਗਲ 'ਤੇ ਟਿਕੀਆਂ ਸਭ ਦੀਆਂ ਨਜ਼ਰਾਂ

**ਡਾ. ਏਕੇ ਵਰਮਾ**

ਹਿਮਾਚਲ ਪ੍ਰਦੇਸ਼ 'ਚ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈ ਚੁੱਕੀਆਂ ਹਨ ਅਤੇ ਹੁਣ ਨਤੀਜਿਆਂ 'ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਗੁਜਰਾਤ 'ਚ ਪਹਿਲੀ ਦਸੰਬਰ ਅਤੇ ਪੰਜ ਦਸੰਬਰ ਨੂੰ ਦੋ ਪੜਾਆਂ 'ਚ ਵੋਟਾਂ ਪੈਣੀਆਂ ਹਨ। ਚੋਣਾਂ ਭਾਵੇਂ ਹੀ ਅਲੱਗ-ਅਲੱਗ ਹੋਈਆਂ ਹੋਣ ਪਰ ਦੋਵਾਂ ਸੂਬਿਆਂ ਦੇ ਨਤੀਜੇ ਅੱਠ ਦਸੰਬਰ ਨੂੰ ਹੀ ਆਉਣੇ ਹਨ। ਇਨ੍ਹਾਂ ਸੂਬਿਆਂ ਦੀ ਜਨਤਾ ਦਾ ਮਨੋਵਿਗਿਆਨ ਵੀ ਅਲੱਗ ਹੈ। ਜਿੱਥੇ 1971 'ਚ ਹਿਮਾਚਲ ਦੇ ਗਠਨ ਤੋਂ ਬਾਅਦ ਸੱਤਾਧਾਰੀ ਪਾਰਟੀ ਨੂੰ ਕਦੇ ਦੁਬਾਰਾ ਸੱਤਾ ਨਹੀਂ ਮਿਲੀ, ਉੱਥੇ ਹੀ ਗੁਜਰਾਤ ਦੀ ਜਨਤਾ ਪਿਛਲੇ 27 ਸਾਲਾਂ ਤੋਂ ਭਾਜਪਾ ਨੂੰ ਲਗਾਤਾਰ ਚੁਣਦੀ ਆਈ ਹੈ। ਇਸ ਲਿਹਾਜ਼ ਨਾਲ ਇਤਿਹਾਸ ਅਤੇ ਪਰੰਪਰਾ ਅਨੁਸਾਰ ਜ਼ਿਆਦਾਤਰ ਲੋਕਾਂ ਨੂੰ ਇਸ ਵਾਰ ਹਿਮਾਚਲ 'ਚ ਕਾਂਗਰਸ ਅਤੇ ਗੁਜਰਾਤ 'ਚ ਭਾਜਪਾ ਦੀ ਸਰਕਾਰ ਬਣਨ ਦੀ ਉਮੀਦ ਹੈ। ਹਾਲਾਂਕਿ ਪਿਛਲੀਆਂ ਚੋਣਾਂ ਦੇ ਮੁਕਾਬਲੇ ਇਕ ਅੰਤਰ ਹੈ। ਦੋਵੇਂ ਸੂਬਿਆਂ 'ਚ ਕਾਂਗਰਸ ਅਤੇ ਭਾਜਪਾ ਦਰਮਿਆਨ ਹੀ ਮੁਕਾਬਲਾ ਹੁੰਦਾ ਆਇਆ ਹੈ। ਤੀਜੀ ਪਾਰਟੀ ਦਾ ਕੋਈ ਖ਼ਾਸ ਵਜੂਦ ਨਹੀਂ ਸੀ। ਪਹਿਲੀ ਵਾਰ ਦੋਵੇਂ ਸੂਬਿਆਂ 'ਚ ਆਮ ਆਦਮੀ ਪਾਰਟੀ ਮਜ਼ਬੂਤੀ ਨਾਲ ਚੋਣ ਲੜ ਰਹੀ ਹੈ। ਦਿੱਲੀ ਅਤੇ ਪੰਜਾਬ 'ਚ 'ਰਿਓੜੀ ਰਾਜਨੀਤੀ' ਦੇ ਸਹਾਰੇ ਸੱਤਾ ਹਾਸਲ ਕਰਨ ਵਾਲੀ 'ਆਪ' ਨੇ ਹਿਮਾਚਲ ਅਤੇ ਗੁਜਰਾਤ 'ਚ ਵੀ ਇਹੋ ਦਾਅ ਖੇਡਿਆ ਹੈ। ਇਸ ਲਈ ਉਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਸਵਾਲ ਇਹ ਹੈ ਕਿ 'ਆਪ' ਕਿਹੋ ਜਿਹਾ ਪ੍ਰਦਰਸ਼ਨ ਕਰੇਗੀ ਅਤੇ ਇਸ ਨਾਲ ਕਿਸ ਪਾਰਟੀ ਦੀਆਂ ਵੋਟਾਂ 'ਤੇ ਜ਼ਿਆਦਾ ਸੱਟ ਵੱਜੇਗੀ?

ਹਿਮਾਚਲ 'ਚ ਆਮ ਤੌਰ 'ਤੇ ਕਾਂਗਰਸ ਅਤੇ ਭਾਜਪਾ ਦਰਮਿਆਨ ਜਿੱਤ-ਹਾਰ 'ਚ ਲਗਭਗ ਪੰਜ ਫ਼ੀਸਦੀ ਵੋਟਾਂ ਦਾ ਅੰਤਰ ਰਿਹਾ ਹੈ। ਇਨ੍ਹਾਂ ਨੂੰ 'ਫਲੋਟਿੰਗ ਵੋਟ' ਕਹਿੰਦੇ ਹਨ। ਇਹ 'ਫਲੋਟਿੰਗ ਵੋਟ' ਇਕ ਵਾਰ ਭਾਜਪਾ ਤਾਂ ਦੂਜੀ ਵਾਰ ਕਾਂਗਰਸ ਦੇ ਪਾਲੇ 'ਚ ਜਾ ਕੇ ਵਾਰੀ-ਵਾਰੀ ਉਨ੍ਹਾਂ ਨੂੰ ਸੱਤਾ 'ਚ ਲਿਆਉਂਦੇ ਰਹੇ ਹਨ। ਸਾਲ 2017 'ਚ ਭਾਜਪਾ ਨੂੰ ਇੱਥੇ 48.7 ਫ਼ੀਸਦੀ ਅਤੇ ਕਾਂਗਰਸ ਨੂੰ 41.6 ਫ਼ੀਸਦੀ ਵੋਟਾਂ ਮਿਲੀਆਂ ਯਾਨੀ ਭਾਜਪਾ ਨੇ ਕਾਂਗਰਸ ਨੂੰ 7.1 ਫ਼ੀਸਦੀ ਵੋਟਾਂ ਦੇ ਫ਼ਰਕ ਨਾਲ ਹਰਾਇਆ। ਇੱਥੇ ਦੋ ਗੱਲਾਂ ਵਿਚਾਰਨਯੋਗ ਹਨ। ਪਹਿਲੀ, ਜੇ 'ਫਲੋਟਿੰਗ ਵੋਟ' ਦੀ ਵਜ੍ਹਾ ਨਾਲ ਭਾਜਪਾ ਦਾ ਵੋਟ ਫ਼ੀਸਦੀ ਇਸ ਵਾਰ ਪੰਜ ਫ਼ੀਸਦੀ ਘਟਿਆ ਵੀ ਤਾਂ ਉਸ ਨੂੰ 43.7 ਫ਼ੀਸਦੀ ਵੋਟਾਂ ਮਿਲ ਸਕਦੀਆਂ ਹਨ। ਦੂਜਾ, 'ਆਪ' ਨੂੰ ਵੀ ਕੁਝ ਵੋਟਾਂ ਜ਼ਰੂਰ ਮਿਲਣਗੀਆਂ। ਕਾਂਗਰਸ ਅਤੇ ਭਾਜਪਾ ਪ੍ਰਤੀ ਲੋਕਾਂ 'ਚ ਅਸੰਤੁਸ਼ਟੀ ਕਾਰਨ ਉਹ ਕਿਤੇ ਕਾਂਗਰਸ ਤਾਂ ਕਿਤੇ ਭਾਜਪਾ ਦਾ ਵੋਟ ਕੱਟੇਗੀ। ਹਿਮਾਚਲ 'ਚ ਭਾਵੇਂ ਹੀ ਪੁਰਾਣੀ ਪੈਨਸ਼ਨ, ਸੇਬ-ਬਾਗ਼ਬਾਨੀ ਦੀਆਂ ਸਮੱਸਿਆਵਾਂ, ਅਗਨੀਵੀਰ ਭਰਤੀ ਅਤੇ ਮਹਿੰਗਾਈ ਪ੍ਰਮੁੱਖ ਮੁੱਦੇ ਰਹੇ ਹੋਣ ਪਰ ਭਾਜਪਾ ਦੀ ਜਥੇਬੰਦਕ ਮਜ਼ਬੂਤੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਚਿਹਰਾ ਅਤੇ ਹਿਮਾਚਲ ਦਾ ਵਿਕਾਸ ਕੁਝ ਅਜਿਹੇ ਨੁਕਤੇ ਹਨ, ਜਿਸ ਨਾਲ ਸੂਬੇ 'ਚ ਭਾਜਪਾ ਦਾ ਲੋਕਾਂ 'ਚ ਆਧਾਰ ਕਾਫ਼ੀ ਵਧਿਆ ਹੈ ਅਤੇ ਧੜੇਬੰਦੀ ਦੇ ਬਾਵਜੂਦ ਪ੍ਰਧਾਨ ਮੰਤਰੀ 'ਚ ਜਨਤਾ ਦਾ



ਵਿਸ਼ਵਾਸ ਕਾਇਮ ਹੈ। ਹਿਮਾਚਲ 'ਚ ਵੀਰਭੱਦਰ ਸਿੰਘ ਤੋਂ ਬਾਅਦ ਕਾਂਗਰਸ ਜਿਵੇਂ ਲੀਡਰਸ਼ਿਪ ਤੋਂ ਵਿਹੂਣੀ ਹੋ ਗਈ ਹੈ। ਰਾਹੁਲ ਗਾਂਧੀ ਦੀ 'ਭਾਰਤ ਜੋੜੋ' ਯਾਤਰਾ ਇਸ ਸੂਬੇ ਲਈ 'ਹਿਮਾਚਲ ਛੱਡੋ' ਯਾਤਰਾ ਹੋ ਗਈ। ਕਈ ਸੀਨੀਅਰ ਨੇਤਾ ਕਾਂਗਰਸ ਤੋਂ ਦੂਰ ਹੋ ਗਏ ਅਤੇ ਧੜੇਬੰਦੀ ਚਰਮ ਸੀਮਾ 'ਤੇ ਰਹੀ। ਇਸ ਲਈ ਜੇ ਹਿਮਾਚਲ 'ਚ ਭਾਜਪਾ ਮੁੜ ਸੱਤਾ 'ਚ ਆ ਕੇ ਨਵਾਂ ਇਤਿਹਾਸ ਰਚ ਦੇਵੇ ਤਾਂ ਕੋਈ ਹੈਰਾਨੀ ਨਹੀਂ।

ਗੁਜਰਾਤ 'ਚ ਭਾਜਪਾ ਦੀ ਸੱਤਾ 'ਚ ਵਾਪਸੀ ਨੂੰ ਲੈ ਕੇ ਜ਼ਿਆਦਾਤਰ ਲੋਕ ਆਸਵੰਦ ਹਨ ਪਰ ਪਾਰਟੀ ਸਾਹਮਣੇ ਵੱਡੀਆਂ ਚੁਣੌਤੀਆਂ ਵੀ ਹਨ। ਪਿਛਲੇ 27 ਸਾਲਾਂ ਤੋਂ ਸੱਤਾ 'ਚ ਰਹਿਣ ਕਾਰਨ ਜਨਤਾ 'ਚ ਭਾਜਪਾ ਦੀ ਜਿੱਤ ਨੂੰ ਲੈ ਕੇ ਬਹੁਤ ਜ਼ਿਆਦਾ ਵਿਸ਼ਵਾਸ ਅਤੇ ਪਾਰਟੀ ਵਰਕਰਾਂ 'ਚ ਸਰਗਰਮੀ ਘਟੀ ਹੈ। ਟਿਕਟ ਨੂੰ ਲੈ ਕੇ ਮਾਰੋਮਾਰੀ ਜ਼ਿਆਦਾ ਹੈ। ਕਾਂਗਰਸ ਤੋਂ ਭਾਜਪਾ 'ਚ ਆਉਣ ਵਾਲਿਆਂ ਨੂੰ ਟਿਕਟ ਦੇਣ ਦੀ ਮਜਬੂਰੀ ਨਾਲ ਪਾਰਟੀ ਅਤੇ ਜਨਤਾ 'ਚ ਗੁੱਸਾ ਵੀ ਹੈ। ਅਸੰਤੁਸ਼ਟੀ ਦੇ ਸੰਕੇਤ ਸਤੰਬਰ 2021 'ਚ ਹੀ ਮਿਲ ਗਏ ਜਦੋਂ ਵਿਜੈ ਰੂਪਾਣੀ ਨੂੰ ਹਟਾ ਕੇ ਭੁਪਿੰਦਰ ਪਟੇਲ ਨੂੰ ਮੁੱਖ ਮੰਤਰੀ ਬਣਾਇਆ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੋਵੇਂ ਗੁਜਰਾਤ ਤੋਂ ਆਉਂਦੇ ਹਨ ਅਤੇ ਪ੍ਰਧਾਨ ਮੰਤਰੀ 12 ਸਾਲਾਂ ਤਕ ਗੁਜਰਾਤ ਦੇ ਮੁੱਖ ਮੰਤਰੀ ਰਹੇ ਹਨ। ਇਸ ਲਈ ਗੁਜਰਾਤ ਦੀਆਂ ਚੋਣਾਂ ਪਾਰਟੀ ਅਤੇ ਲੀਡਰਸ਼ਿਪ ਦੋਵਾਂ ਲਈ ਇੱਜ਼ਤ ਦਾ ਸਵਾਲ ਹਨ। ਹਾਰਦਿਕ ਪਟੇਲ ਅਤੇ ਅਲਪੇਸ਼ ਠਾਕੁਰ ਸਮੇਤ ਕੁਝ ਨੌਜਵਾਨ ਨੇਤਾਵਾਂ ਦੇ ਕਾਂਗਰਸ ਛੱਡ ਕੇ ਭਾਜਪਾ 'ਚ ਆਉਣ ਨਾਲ ਭਾਜਪਾ ਨੂੰ ਨਵਾਂ ਲੋਕ ਆਧਾਰ ਵੀ ਮਿਲਿਆ ਹੈ। ਪਿਛਲੀਆਂ ਚਾਰ ਚੋਣਾਂ ਨਾਲ ਜਿੱਥੇ ਭਾਜਪਾ ਦੀਆਂ ਸੀਟਾਂ 'ਚ ਕਮੀ ਦਾ ਸਿਲਸਿਲਾ ਭਾਵੇਂ ਹੀ ਕਾਇਮ ਰਿਹਾ ਹੋਵੇ ਪਰ ਪਾਰਟੀ ਦਾ ਲੋਕਾਂ 'ਚ ਆਧਾਰ ਖ਼ਤਮ ਨਹੀਂ ਹੋਇਆ। ਇਹ 49 ਫ਼ੀਸਦੀ 'ਤੇ ਟਿਕਿਆ ਹੋਇਆ ਹੈ। ਕਿਸੇ ਪਾਰਟੀ ਲਈ ਸੀਟਾਂ ਘੱਟ ਹੋਣਾ ਚਿੰਤਾ ਦਾ ਵਿਸ਼ਾ ਹੋ ਸਕਦਾ ਹੈ ਪਰ ਉਸ ਦਾ ਲੋਕਾਂ 'ਚ ਆਧਾਰ ਘੱਟ ਹੋਣਾ ਜ਼ਿਆਦਾ ਚਿੰਤਤ ਕਰਨ ਵਾਲਾ ਪਹਿਲੂ ਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਰਾਸ਼ਟਰਵਾਦ, ਹਿੰਦੂਤਵ, ਸੰਤੁਲਿਤ ਵਿਕਾਸ ਅਤੇ ਭ੍ਰਿਸ਼ਟਾਚਾਰ 'ਤੇ ਸੱਟ ਦੇ ਨਾਲ ਹੀ ਦੇਸ਼ ਦਾ ਮਾਣ ਵਧਾਉਣ ਦੀ ਕੋਸ਼ਿਸ਼ ਕਾਰਨ ਜਨਤਾ ਦਾ ਉਨ੍ਹਾਂ 'ਤੇ ਡੂੰਘਾ ਯਕੀਨ ਹੈ। ਇਸ ਕਾਰਨ ਇਸ ਦੇ ਕੋਈ ਆਸਾਰ ਨਹੀਂ ਦਿਸਦੇ ਕਿ ਭਾਜਪਾ ਦੇ ਲੋਕ ਆਧਾਰ 'ਚ ਕੁਝ ਕਮੀ ਆਵੇਗੀ।

ਕਾਂਗਰਸ ਨੇ ਹਿਮਾਚਲ ਤੋਂ ਸਬਕ ਲੈ ਕੇ ਗੁਜਰਾਤ 'ਚ 42 ਸਟਾਰ ਪ੍ਰਚਾਰਕਾਂ ਦੀ ਫ਼ੌਜ ਉਤਾਰੀ ਹੈ। ਰਾਹੁਲ ਗਾਂਧੀ ਵੀ ਪ੍ਰਚਾਰ ਕਰਨਗੇ। 27 ਸਾਲਾਂ ਤੋਂ ਸੱਤਾ ਤੋਂ ਬਾਹਰ ਕਾਂਗਰਸ ਵਾਪਸੀ ਲਈ ਬੇਚੈਨ ਹੈ ਪਰ ਹਾਰਦਿਕ ਪਟੇਲ ਅਤੇ ਅਲਪੇਸ਼ ਠਾਕੁਰ ਜਿਹੇ ਨੇਤਾਵਾਂ ਦਾ ਕਾਂਗਰਸ ਤੋਂ ਮੋਹ ਭੰਗ ਹੋਣ ਕਾਰਨ ਪਾਰਟੀ ਨੂੰ ਵੱਡਾ ਧੱਕਾ ਲੱਗਿਆ ਹੈ। ਮੱਧ ਗੁਜਰਾਤ 'ਚ ਇਕ ਤਿਹਾਈ ਯਾਨੀ 61 ਸੀਟਾਂ ਹਨ, ਜਿਨ੍ਹਾਂ 'ਚੋਂ 10 ਸੀਟਾਂ ਅਨੁਸੂਚਿਤ ਜਨਜਾਤੀ-ਐਸਟੀ ਲਈ ਰਾਖਵੀਆਂ ਹਨ। ਐਸਟੀ ਆਮ ਤੌਰ 'ਤੇ ਕਾਂਗਰਸ ਹਮਾਇਤੀ ਰਹੇ ਹਨ ਪਰ ਉਨ੍ਹਾਂ ਦੇ ਹਿੱਤ 'ਚ ਫ਼ੈਸਲੇ ਲੈ ਕੇ, ਵਿਕਾਸ ਕਾਰਜਾਂ ਨੂੰ ਰਫ਼ਤਾਰ ਦੇ ਕੇ ਅਤੇ ਇਸ ਵਰਗ ਦੇ ਨੇਤਾਵਾਂ ਨੂੰ ਅਪਣਾ ਕੇ ਭਾਜਪਾ ਉਨ੍ਹਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਜਿੱਥੋਂ ਤਕ ਕੇਜਰੀਵਾਲ ਦੀ 'ਰਿਓੜੀ ਰਾਜਨੀਤੀ' ਦੀ ਗੱਲ ਹੈ ਤਾਂ ਲੱਗਦਾ ਨਹੀਂ ਕਿ ਇਹ ਗੁਜਰਾਤੀਆਂ ਦੇ ਗਲੇ ਉੱਤਰੇਗੀ। ਗੁਜਰਾਤੀ ਸਮਾਜ ਨੂੰ ਮਿਹਨਤੀ ਤੇ ਪੁਰਸ਼ਾਰਥੀ ਸਮਾਜ ਮੰਨਿਆ ਜਾਂਦਾ ਹੈ, ਜੋ ਉੱਦਮਸ਼ੀਲਤਾ 'ਚ ਵਿਸ਼ਵਾਸ ਰੱਖਦਾ ਹੈ। ਉਹ ਖ਼ੈਰਾਤ ਪਸੰਦ ਸਮਾਜ ਨਹੀਂ। ਇਸ ਦੇ ਬਾਵਜੂਦ ਕੇਜਰੀਵਾਲ ਕਾਂਗਰਸ ਦੀ ਸਿਆਸੀ ਜ਼ਮੀਨ 'ਚ ਕੁਝ ਸੰਨ੍ਹਮਾਰੀ ਕਰ ਸਕਦੀ ਹੈ। ਇਸ ਸੂਰਤ 'ਚ ਜੇ ਅਪ੍ਰਸੰਗਿਕ ਹੁੰਦੀ ਕਾਂਗਰਸ ਦਾ ਲੋਕ ਆਧਾਰ ਘਟ ਕੇ 30 ਫ਼ੀਸਦੀ ਰਹਿ ਜਾਵੇ ਤਾਂ ਗੁਜਰਾਤ 'ਚ ਭਾਜਪਾ ਪ੍ਰਚੰਡ ਬਹੁਮਤ ਹਾਸਲ ਕਰ ਸਕਦੀ ਹੈ।

ਇਨ੍ਹਾਂ ਪਹਿਲੂਆਂ ਨੂੰ ਪਿਛਾਂਹ ਰੱਖ ਕੇ ਦੇਖੀਏ ਤਾਂ ਅੱਜ ਜਨਤਾ ਦਾ ਜੁੜਾਅ ਭਾਜਪਾ ਦੇ ਮੁਕਾਬਲੇ ਨਰਿੰਦਰ ਮੋਦੀ ਨਾਲ ਜ਼ਿਆਦਾ ਹੈ। ਵੋਟਰ ਉਮੀਦਵਾਰ ਦੀ ਬਜਾਏ ਮੋਦੀ ਨੂੰ ਵੋਟ ਦੇ ਰਿਹਾ ਹੈ। ਇਸ ਨਾਲ ਭਾਜਪਾ ਦੇ ਉਮੀਦਵਾਰ ਚੋਣਾਂ 'ਚ ਸਫਲਤਾ ਲਈ ਮੋਦੀ 'ਤੇ ਬਹੁਤ ਜ਼ਿਆਦਾ ਨਿਰਭਰ ਹੋ ਗਏ ਹਨ। ਉਹ ਲੋਕਾਂ ਅਤੇ ਹਲਕੇ ਦੀਆਂ ਸਮੱਸਿਆਵਾਂ ਦੇ ਹੱਲ ਪ੍ਰਤੀ ਓਨੇ ਸੰਵੇਦਨਸ਼ੀਲ ਨਹੀਂ ਰਹੇ, ਜਿੰਨੀ ਉਨ੍ਹਾਂ ਤੋਂ ਉਮੀਦ ਸੀ। ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਨਜ਼ਰੀਏ ਤੋਂ ਭਾਜਪਾ ਲਈ ਇਹ ਤੇਜ਼ੀ ਨਾਲ ਉੱਭਰਦੀ ਇਕ ਗੰਭੀਰ ਸਮੱਸਿਆ ਹੈ।

# ਖ਼ੁਦ ਨਾਲ ਹੀ ਜੂਝ ਰਿਹਾ ਹੈ ਪਾਕਿਸਤਾਨ, ਬਣ ਸਕਦੇ ਹਨ 1971 ਦੀ ਖ਼ਾਨਾਜੰਗੀ ਵਾਲੇ ਹਾਲਾਤ



ਬਲਬੀਰ ਪੁੰਜ

ਪਾਕਿਸਤਾਨ ਵਿਚ ਇਸ ਸਮੇਂ ਸਭ ਤੋਂ ਵੱਡਾ ਸਵਾਲ ਇਹੀ ਹੈ ਕਿ ਅਗਲਾ ਫ਼ੌਜ ਮੁਖੀ ਕੌਣ ਹੋਵੇਗਾ? 29 ਨਵੰਬਰ ਨੂੰ ਮੌਜੂਦਾ ਫ਼ੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦਾ ਦੂਜਾ ਕਾਰਜਕਾਲ ਵੀ ਸਮਾਪਤ ਹੋ ਰਿਹਾ ਹੈ। ਭਾਵੀ ਫ਼ੌਜ ਮੁਖੀ ਦੇ ਰੂਪ ਵਿਚ ਲੈਫਟੀਨੈਂਟ ਜਨਰਲ ਅਸੀਮ ਮੁਨੀਰ, ਲੈਫਟੀਨੈਂਟ ਜਨਰਲ ਸਾਹਿਰ ਸ਼ਮਸ਼ਾਦ ਮਿਰਜ਼ਾ ਤੇ ਲੈਫਟੀਨੈਂਟ ਜਨਰਲ ਅਜ਼ਹਰ ਅੱਬਾਸ ਤਕੜੇ ਦਾਅਵੇਦਾਰ ਹਨ। ਨਵੇਂ ਫ਼ੌਜ ਮੁਖੀ ਦੇ ਸ਼ਰੀਫ਼ ਭਰਾਵਾਂ (ਨਵਾਜ਼-ਸ਼ਾਹਬਾਜ਼) ਅਤੇ ਇਮਰਾਨ ਖ਼ਾਨ ਨਾਲ ਕਿਹੋ ਜਿਹੇ ਸਬੰਧ ਹੋਣਗੇ, ਇਸ ਪ੍ਰਸ਼ਨ ਦਾ ਪਾਕਿਸਤਾਨ ਦੇ ਭਵਿੱਖ ਨਾਲ ਸਿੱਧਾ ਸਬੰਧ ਹੈ। ਫ਼ੌਜ ਨਾਲ ਸਿੱਧੇ ਟਕਰਾਉਣ ਵਾਲੇ ਇਮਰਾਨ ਅਗਲੇ ਫ਼ੌਜ ਮੁਖੀ ਦੀ ਨਿਯੁਕਤੀ ਵਿਚ ਜਾਂ ਤਾਂ ਸਰਕਾਰ-ਵਿਰੋਧੀ ਧਿਰ ਵਿਚ ਆਮ ਸਹਿਮਤੀ ਹੋਣ ਜਾਂ ਇਸ ਨੂੰ ਚੋਣਾਂ ਤਕ ਟਾਲਣ ਦੀ ਗੱਲ ਕਹਿ ਰਹੇ ਹਨ। ਅਜਿਹਾ ਇਸ ਲਈ, ਕਿਉਂਕਿ ਸ਼ਰੀਫ ਸਰਕਾਰ ਦੁਆਰਾ ਪ੍ਰਸਤਾਵਿਤ ਬਦਲਾਂ ਵਿਚ ਜਨਰਲ ਮੁਨੀਰ ਦਾ ਹਰ ਸਮੇਂ ਨਿਯਮਾਂ ਮੁਤਾਬਕ ਚੱਲਣ ਵਾਲਾ ਵਿਵਹਾਰ ਇਮਰਾਨ ਨੂੰ ਪਸੰਦ ਨਹੀਂ ਹੈ। ਇਸੇ ਕਾਰਨ ਇਮਰਾਨ ਖ਼ਾਨ ਨੇ ਮੁਨੀਰ ਨੂੰ ਖ਼ੁਫ਼ੀਆ ਏਜੰਸੀ ਆਈਐੱਸਆਈ ਦੇ ਮੁਖੀ ਦੇ ਅਹੁਦੇ ਤੋਂ ਹਟਾਇਆ ਸੀ। ਇਸ ਦੌਰਾਨ ਇਮਰਾਨ ਪਾਕਿਸਤਾਨ ਵਿਚ ਮਾੜੇ-ਮੋਟੇ ਬਦਲਾਅ ਲਿਆਉਣ ਦਾ ਸੱਦਾ ਦੇ ਚੁੱਕੇ ਹਨ। ਉਨ੍ਹਾਂ ਨੇ ਕਈ ਮਾਮਲਿਆਂ ਵਿਚ ਭਾਰਤ ਦੀ ਸ਼ਲਾਘਾ ਵੀ ਕੀਤੀ ਹੈ। ਕੀ ਇਹ ਤਬਦੀਲੀ ਦਾ ਸੰਕੇਤ ਹੈ? ਅਸਲ ਵਿਚ, ਫ਼ੌਜ ਮੁਖੀ ਦੀ ਨਿਯੁਕਤੀ ਪ੍ਰਕਿਰਿਆ ਵਿਚ ਸ਼ਾਮਲ ਹੋਣ ਜਾਂ ਉਸ ਨੂੰ ਟਾਲਣ ਵਿਚ ਇਮਰਾਨ ਦੀ ਨੀਅਤ ਅਤੇ ਪਾਕਿਸਤਾਨ ਦੀ ਕੌੜੀ ਹਕੀਕਤ ਲੁਕੀ ਹੋਈ ਹੈ। ਸੱਚ ਇਹੀ ਹੈ ਕਿ ਇਮਰਾਨ ਕਿਸੇ ਬਦਲਾਅ ਲਈ ਨਹੀਂ ਲੜ ਰਹੇ। ਉਹ ਖ਼ੁਦ ਨੂੰ ਪ੍ਰਸੰਗਿਕ ਬਣਾਈ ਰੱਖਣ ਅਤੇ ਮੁੜ ਪ੍ਰਧਾਨ ਮੰਤਰੀ ਬਣਨ ਦੀ ਹਾਲਤ ਵਿਚ ਆਪਣੇ ਮਾਫ਼ਕ ਫ਼ੌਜ ਮੁਖੀ ਚਾਹੁੰਦੇ ਹਨ। ਅਜਿਹੇ ਵਿਚ ਜਗਿਆਸਾ ਸੁਭਾਵਿਕ ਹੈ ਕਿ ਕੀ ਪਾਕਿਸਤਾਨ ਵਿਚ ਪਸੰਦੀਦਾ ਫ਼ੌਜ ਮੁਖੀ ਹੋਣਾ ਨੇਤਾਵਾਂ ਲਈ ਹਮੇਸ਼ਾ ਲਾਹੇਵੰਦ ਹੁੰਦਾ ਹੈ?

ਿ ਇਤਿਹਾਸ ਇਹੀ ਦੱਸਦਾ ਹੈ ਕਿ ਸ਼ੁਰੂ ਤੋਂ ਹੀ ਪਾਕਿਸਤਾਨ ਫ਼ੌਜ ਮੁਖੀ ਸਰਕਾਰ ਦੀ ਬਜਾਏ ਆਪਣੀਆਂ ਖ਼ਾਹਿਸ਼ਾਂ ਅਤੇ ਸੰਸਥਾ ਪ੍ਰਤੀ ਜ਼ਿਆਦਾ ਵਫ਼ਾਦਾਰ ਹੁੰਦਾ ਹੈ। ਸੰਨ 2016 ਵਿਚ ਜਨਰਲ ਬਾਜਵਾ ਨੂੰ ਤਤਕਾਲੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਨਿਯੁਕਤ ਕੀਤਾ ਸੀ। ਅਗਲੇ ਹੀ ਸਾਲ ਨਵਾਜ਼ ਨੂੰ ਪਾਕਿਸਤਾਨੀ ਸੁਪਰੀਮ ਕੋਰਟ ਨੇ ਅਯੋਗ ਕਰਾਰ ਦੇ ਕੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਕਿਹਾ ਜਾਂਦਾ ਹੈ ਕਿ ਇਸ ਦੀ ਪਟਕਥਾ ਖ਼ੁਦ ਪਾਕਿਸਤਾਨੀ ਫ਼ੌਜ ਨੇ ਲਿਖੀ ਸੀ ਕਿਉਂਕਿ ਜਿਸ ਜਾਂਚ ਕਮੇਟੀ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਸ਼ਰੀਫ 'ਤੇ ਕਾਰਵਾਈ ਹੋਈ, ਉਸ ਵਿਚ ਆਈਐੱਸਆਈ ਤੇ ਫ਼ੌਜ ਦੇ ਅਧਿਕਾਰੀ ਵੀ ਸ਼ਾਮਲ ਸਨ। ਇਸ ਤੋਂ ਪਹਿਲਾਂ ਫ਼ੌਜ ਨਵਾਜ਼ ਸ਼ਰੀਫ ਦਾ ਤਖਤਾ ਵੀ ਪਲਟ ਚੁੱਕੀ ਸੀ। ਉਨ੍ਹਾਂ ਤੋਂ ਪਹਿਲਾਂ ਇਸਕੰਦਰ ਮਿਰਜ਼ਾ (1958) ਅਤੇ ਜ਼ੁਲਫਿਕਾਰ ਅਲੀ ਭੁੱਟੋ (1977) ਵੀ ਫ਼ੌਜੀ ਤਖਤਾਪਲਟ ਦੇ ਸ਼ਿਕਾਰ ਹੋਏ ਸਨ। ਲਿਆਕਤ ਅਲੀ ਅਤੇ ਬੇਨਜ਼ੀਰ ਭੁੱਟੋ ਇਸ ਤੋਂ ਬਚਣ ਵਿਚ ਸਫਲ ਤਾਂ ਰਹੇ ਪਰ ਦੇਰ-ਸਵੇਰ ਆਪਣੀ ਜਾਨ ਗੁਆ ਬੈਠੇ।

ਸੰਨ ਸੰਤਾਲੀ ਦੀ ਵੰਡ ਤੋਂ ਬਾਅਦ ਇਸਲਾਮ ਦੇ ਨਾਮ 'ਤੇ ਹੋਂਦ ਵਿਚ ਆਏ ਪਾਕਿਸਤਾਨ ਵਿਚ ਸ਼ੁਰੂ ਤੋਂ ਹੀ ਫ਼ੌਜ ਦਾ ਬੋਲਬਾਲਾ ਰਿਹਾ ਹੈ। ਪਾਕਿਸਤਾਨ ਵਿਚ ਇਹ ਧਾਰਨਾ ਬਣ ਚੁੱਕੀ ਹੈ ਕਿ ਮੁਲਕ ਦਾ ਰਾਸ਼ਟਰਪਤੀ ਹੋਵੇ ਜਾਂ ਪ੍ਰਧਾਨ ਮੰਤਰੀ, ਉਹ ਫ਼ੌਜ ਜਾਂ ਆਈਐੱਸਆਈ ਦੇ ਹੱਥਾਂ ਦੀ ਕਠਪੁਤਲੀ ਹੀ ਹੈ।

ਜਨਰਲ ਬਾਜਵਾ ਦੇ ਕਾਰਜਕਾਲ ਵਿਚ ਨਵਾਜ਼ ਸ਼ਰੀਫ ਹੀ ਨਹੀਂ, ਇਮਰਾਨ ਖ਼ਾਨ ਨੂੰ ਵੀ ਪ੍ਰਧਾਨ ਮੰਤਰੀ ਦਾ



ਅਹੁਦਾ ਗੁਆਉਣਾ ਪਿਆ ਸੀ। ਦਰਅਸਲ, ਇਮਰਾਨ ਨੂੰ ਬਾਅਦ ਦੇ ਦਿਨਾਂ ਵਿਚ ਫ਼ੌਜ ਦਾ ਉਹੋ ਜਿਹਾ ਸਹਿਯੋਗ ਨਹੀਂ ਮਿਲਿਆ ਜਿਹੋ ਜਿਹਾ 2018 ਦੀਆਂ ਚੋਣਾਂ ਵਿਚ ਮਿਲਿਆ ਸੀ। ਇਸੇ ਘਿਣ ਵਿਚ ਉਹ ਫ਼ੌਜ ਦੇ ਵਿਰੋਧ ਵਿਚ ਬਿਆਨ ਦੇ ਰਹੇ ਹਨ। ਉਨ੍ਹਾਂ ਦਾ ਸਰੋਕਾਰ ਕਥਿਤ ਜਮਹੂਰੀ ਹਿੱਤਾਂ ਦੀ ਰੱਖਿਆ ਜਾਂ ਨਾਗਰਿਕ-ਫ਼ੌਜੀ ਅਸੰਤੁਲਨ ਦੂਰ ਕਰਨ ਨਾਲ ਜੁੜਿਆ ਨਾ ਹੋ ਕੇ ਨਿਰੋਲ ਨਿੱਜੀ ਹੈ। ਫ਼ਿਲਹਾਲ ਪਾਕਿਸਤਾਨ ਵਿਚ ਅਸਥਿਰਤਾ ਦੀ ਅਜਿਹੀ ਸਥਿਤੀ ਹੈ ਕਿ ਉੱਥੇ ਕੁਝ ਵੀ ਵਾਪਰ ਸਕਦਾ ਹੈ। ਜਾਂ ਤਾਂ ਉੱਥੇ 1971 ਦੀ ਤਰ੍ਹਾਂ ਖ਼ਾਨਾਜੰਗੀ ਭੜਕੇਗੀ ਜਾਂ ਫ਼ੌਜ ਦੁਆਰਾ ਸਿੱਧੀ ਦਖ਼ਲਅੰਦਾਜ਼ੀ ਹੋ ਸਕਦੀ ਹੈ ਜਾਂ ਫਿਰ ਜਮਹੂਰੀ ਮਖੌਟਾ ਪਹਿਨ ਕੇ ਫ਼ੌਜ ਹੀ ਦੇਸ਼ 'ਤੇ ਸ਼ਾਸਨ ਕਰ ਸਕਦੀ ਹੈ।

ਸੱਤਾ ਤੋਂ ਬਾਹਰ ਹੋਣ 'ਤੇ ਬੌਖਲਾਏ ਇਮਰਾਨ ਨੇ ਮੌਜੂਦਾ ਸਰਕਾਰ ਵਿਰੁੱਧ ਵੀ ਹਮਲਾਵਰ ਰੁਖ਼ ਅਪਣਾਇਆ ਹੋਇਆ ਹੈ। ਉਹ 28 ਅਕਤੂਬਰ ਤੋਂ ਸਰਕਾਰੀ ਵਿਰੋਧੀ ਜਲੂਸ ਕੱਢ ਰਹੇ ਹਨ। ਇਸੇ ਦੌਰਾਨ 3 ਨਵੰਬਰ ਨੂੰ ਨਵੀਦ ਨਾਮਕ ਵਿਅਕਤੀ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਸੀ। ਹਮਲਾਵਰ ਇਸ ਤੋਂ ਨਾਰਾਜ਼ ਸੀ ਕਿ ਇਮਰਾਨ ਪਾਕਿਸਤਾਨ ਨੂੰ 'ਰਿਆਸਤ-ਏ-ਮਦੀਨਾ' ਬਣਾਉਣ ਦਾ ਵਾਅਦਾ ਕਰ ਰਹੇ ਹਨ ਜਦਕਿ 'ਰਿਆਸਤ-ਏ-ਮਦੀਨਾ' ਨੂੰ ਪੈਗੰਬਰ ਮੁਹੰਮਦ ਸਾਹਿਬ ਨੇ ਸਥਾਪਤ ਕੀਤਾ ਸੀ। ਅਜਿਹੇ ਵਿਚ ਇਮਰਾਨ ਸਿੱਧੇ ਤੌਰ 'ਤੇ ਆਪਣੀ ਤੁਲਨਾ ਪੈਗੰਬਰ ਸਾਹਿਬ ਨਾਲ ਕਰ ਕੇ 'ਈਸ਼ਨਿੰਦਾ' (ਤੌਹੀਨ-ਏ-ਖ਼ੁਦਾਈ) ਕਰ ਰਹੇ ਹਨ ਜਿਸ ਦੀ ਸਜ਼ਾ ਸਿਰਫ਼ ਮੌਤ ਹੈ। ਇਮਰਾਨ ਭਾਵੇਂ ਹੀ ਉਸ ਹਮਲੇ ਵਿਚ ਬਚ ਗਏ ਹੋਣ ਪਰ ਉਨ੍ਹਾਂ 'ਤੇ ਖ਼ਤਰਾ ਟਲਿਆ ਨਹੀਂ।

ਉਨ੍ਹਾਂ ਦੇ ਸਿਆਸੀ ਵਿਰੋਧੀ ਇਲਜ਼ਾਮ ਲਾ ਰਹੇ ਹਨ ਕਿ ਇਮਰਾਨ ਵੱਡਾ ਨੌਟੰਕੀਬਾਜ਼ ਹੈ ਅਤੇ ਉਪਰੋਕਤ ਹਮਲਾ ਉਸ ਦੀ ਆਪਣੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਨੇ ਬੜੇ ਯੋਜਨਾਬੱਧ ਅਤੇ ਨਾਟਕੀ ਤਰੀਕੇ ਨਾਲ ਕਰਵਾਇਆ ਸੀ। ਇਸ ਹਮਲੇ ਤੋਂ ਬਾਅਦ ਫ਼ੌਜ ਅਤੇ ਸਰਕਾਰ ਦੀ ਕਿਰਕਿਰੀ ਹੋਈ ਅਤੇ ਇਮਰਾਨ ਦੇ ਹੱਕ ਵਿਚ ਵੱਡੀ ਹਮਦਰਦੀ ਲਹਿਰ ਚੱਲੀ ਸੀ।

ਇਸ ਹਮਲੇ ਨਾਲ ਮੁਮਤਾਜ਼ ਕਾਦਰੀ ਦਾ ਮਾਮਲਾ ਚੇਤੇ ਆਉਂਦਾ ਹੈ। ਕਾਦਰੀ ਪਾਕਿਸਤਾਨੀ ਪੰਜਾਬ ਦੇ ਗਵਰਨਰ ਰਹੇ ਸਲਮਾਨ ਤਾਸੀਰ ਦੀ ਸੁਰੱਖਿਆ ਵਿਚ ਤਾਇਨਾਤ ਸੀ ਪਰ ਉਸ ਨੇ ਤਾਸੀਰ ਨੂੰ ਈਸ਼ਨਿੰਦਾ ਦੇ ਮਾਮਲੇ ਵਿਚ ਗੋਲ਼ੀਆਂ ਨਾਲ ਭੁੰਨ ਦਿੱਤਾ ਸੀ। ਜਦ ਕਾਦਰੀ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਤਦ ਹਜ਼ਾਰਾਂ ਦੀ ਭੀੜ ਉਸ ਦੇ ਸਮਰਥਨ ਵਿਚ ਨਾਅਰੇਬਾਜ਼ੀ ਕਰ ਰਹੀ ਸੀ। ਨਵੀਦ ਜਾਂ ਕਾਦਰੀ ਕੋਈ ਅਪਵਾਦ ਨਹੀਂ ਹਨ ਕਿਉਂਕਿ ਇਸਲਾਮ ਦੇ ਨਾਂ 'ਤੇ ਬਣੇ ਇਸ ਦੇਸ਼ ਦੀ ਵੱਡੀ ਆਬਾਦੀ ਮਜ਼ਹਬੀ ਜਨੂੰਨ ਵਿਚ ਲਗਪਗ ਕਮਲੀ ਹੋ ਚੁੱਕੀ ਹੈ। ਪਾਕਿਸਤਾਨ ਵਿਚ 1967-2021 ਦੌਰਾਨ 1500 ਤੋਂ ਵੱਧ ਈਸ਼ਨਿੰਦਾ ਦੇ ਮਾਮਲੇ ਦਰਜ ਹੋਏ। ਇਨ੍ਹਾਂ 'ਚੋਂ ਕਈ ਮੁਲਜ਼ਮਾਂ (ਮੁਸਲਿਮ ਸਮੇਤ) ਨੂੰ ਨਿਆਂਇਕ ਪ੍ਰਕਿਰਿਆ ਦੌਰਾਨ ਮਜ਼ਹਬੀ ਭੀੜ ਨੇ ਜਾਂ ਤਾਂ ਮੌਤ ਦੇ ਘਾਟ ਉਤਾਰ ਦਿੱਤਾ ਜਾਂ ਉਨ੍ਹਾਂ ਨਾਲ ਮਾਰਕੁੱਟ ਕੀਤੀ। ਹਿੰਦੂ ਅਤੇ ਈਸਾਈ ਘੱਟ-ਗਿਣਤੀਆਂ ਦਾ ਪਾਕਿਸਤਾਨ 'ਚੋਂ ਨਾਮੋਂ-ਨਿਸ਼ਾਨ ਮਿਟਾਉਣ ਲਈ ਵੀ ਈਸ਼ਨਿੰਦਾ ਕਾਨੂੰਨ ਦੀ ਦੁਰਵਰਤੋਂ ਹੁੰਦੀ ਹੈ। ਪਾਕਿਸਤਾਨੀ ਸੰਸਦੀ ਕਮੇਟੀ ਮੁਤਾਬਕ ਈਸ਼ਨਿੰਦਾ ਹਿੰਸਾ ਵਿਚ ਸ਼ਾਮਲ 90 ਪ੍ਰਤੀਸ਼ਤ ਲੋਕਾਂ ਦੀ ਉਮਰ 18-30 ਸਾਲ ਹੁੰਦੀ ਹੈ। ਗੱਲ ਸਿਰਫ਼ ਇੱਥੇ ਤਕ ਹੀ ਸੀਮਤ ਨਹੀਂ ਹੈ। ਸੰਨ 2001-2018 ਦੌਰਾਨ ਉੱਥੇ 4847 ਸ਼ਿਆ ਲੋਕਾਂ ਨੂੰ ਸੁੰਨੀ ਕੱਟੜਪੰਥੀਆਂ ਨੇ ਮੌਤ ਦੇ ਘਾਟ ਉਤਾਰ ਦਿੱਤਾ। ਲਗਪਗ 20 ਲੱਖ ਅਹਿਮਦੀਆ ਮੁਸਲਮਾਨ ਪਾਕਿਸਤਾਨ ਵਿਚ ਤਿਰਸਕਾਰ ਅਤੇ ਸ਼ੋਸ਼ਣ ਸਹਾਰ ਰਹੇ ਹਨ ਜਿਨ੍ਹਾਂ ਨੂੰ ਗ਼ੈਰ-ਮੁਸਲਿਮ ਐਲਾਨ ਦਿੱਤਾ ਗਿਆ ਹੈ। ਇਹ ਸਭ ਪਾਕਿਸਤਾਨ ਦੇ ਵਿਚਾਰਧਾਰਕ ਮੁਹਾਂਦਰੇ ਦੇ ਮੁਤਾਬਕ ਹੈ।

ਪਾਕਿਸਤਾਨ ਵਿਚ ਰਾਜਨੀਤਕ ਵਰਗ ਅਤੇ ਫ਼ੌਜ ਵਿਚਾਲੇ ਟਕਰਾਅ ਅਜਿਹੇ ਸਮੇਂ ਵਧਿਆ ਹੈ ਜਦ ਤਬਾਹ ਹੋਇਆ ਅਰਥਚਾਰਾ, ਕਮਰਤੋੜ ਮਹਿੰਗਾਈ, ਭਾਰੀ ਬੇਰੁਜ਼ਗਾਰੀ ਅਤੇ ਮਜ਼ਹਬੀ ਹਿੰਸਾ ਤੋਂ ਆਮ ਲੋਕ ਪਹਿਲਾਂ ਹੀ ਦੁਖੀ ਹਨ। ਪਾਕਿਸਤਾਨ ਤੇਜ਼ੀ ਨਾਲ ਰਸਾਤਲ ਵੱਲ ਜਾ ਰਿਹਾ ਹੈ। ਸੱਭਿਆਚਾਰਕ-ਵਿਚਾਰਧਾਰਕ ਕੱਟੜਤਾ ਕਾਰਨ ਉਹ ਰਾਸ਼ਟਰ ਦੇ ਰੂਪ ਵਿਚ ਵੀ ਮਜ਼ਬੂਤ ਨਹੀਂ ਹੈ। ਫਿਰ ਵੀ ਫ਼ੌਜ ਉੱਥੇ ਹੁਕਮਰਾਨ, ਵਿਰੋਧੀ ਧਿਰ ਅਤੇ ਵਿਆਪਕ ਜਨਮਾਨਸ ਨੂੰ ਜਿਸ ਤਰ੍ਹਾਂ ਇਕ ਸੂਤਰ ਵਿਚ ਪਿਰੋਈ ਬੈਠੀ ਹੈ, ਉਹ ਉਸ ਦੀ ਆਪਣੀ ਮੂਲ ਸਨਾਤਨ ਸੱਭਿਆਚਾਰਕ ਪਛਾਣ ਨੂੰ ਸਮਾਪਤ ਕਰਨ ਲਈ ਅਰਬ ਸੰਸਕ੍ਰਿਤੀ ਨੂੰ ਅਪਣਾਉਣ ਦੀ ਅਸਫਲ ਤੜਫ ਜਿਹੀ ਹੈ।

ਭਾਰਤੀ ਉਪ ਮਹਾਦੀਪ ਵਿਚ ਪਾਕਿਸਤਾਨ ਦਾ ਜਨਮ ਉਸ ਨਫ਼ਰਤ ਆਧਾਰਤ ਚਿੰਤਨ ਦੇ ਗਰਭ 'ਚੋਂ ਹੋਇਆ ਹੈ ਜੋ ਅੱਜ ਵੀ ਖੰਡਿਤ ਸਨਾਤਨ ਭਾਰਤ ਅਤੇ ਉਸ ਦੇ ਤਰਕਸੰਗਤ ਬਹੁਲਤਾਵਾਦੀ-ਪੰਥ ਨਿਰਪੱਖਤਾਵਾਦੀ-ਲੋਕਤੰਤਰੀ ਚਰਿੱਤਰ ਨੂੰ ਮਿਟਾਉਣ ਲਈ ਪੱਬਾਂ ਭਾਰ ਹੈ। ਪਾਕਿਸਤਾਨ ਮਹਿਜ਼ ਕੋਈ ਦੇਸ਼ ਨਹੀਂ ਸਗੋਂ ਜ਼ਹਿਰੀਲਾ ਵਿਚਾਰ ਹੈ। ਭਾਰਤ-ਹਿੰਦੂ ਵਿਰੋਧ ਹੀ ਪਾਕਿਸਤਾਨ ਦੀ ਹੋਂਦ ਦਾ ਆਧਾਰ ਹੈ।

# ਆਧੁਨਿਕਤਾ ਵਾਲੇ ਅਜੋਕੇ ਦੌਰ ਵਿਚ ਵੀ ਔਰਤਾਂ 'ਤੇ ਜ਼ੁਲਮ ਨਹੀਂ ਰੁਕ ਰਹੇ

ਦੀਪਕ ਸ਼ਰਮਾ

ਔਰਤਾਂ ਖ਼ਿਲਾਫ਼ ਹਿੰਸਾ ਦੀਆਂ ਘਟਨਾਵਾਂ ਦੇ ਖ਼ਾਤਮੇ ਲਈ ਸੰਯੁਕਤ ਰਾਸ਼ਟਰ ਵੱਲੋਂ ਹਰ ਸਾਲ 25 ਨਵੰਬਰ ਨੂੰ ਔਰਤਾਂ ਵਿਰੁੱਧ ਹਿੰਸਾ ਦੇ ਖ਼ਾਤਮੇ ਲਈ ਕੌਮਾਂਤਰੀ ਦਿਵਸ ਮਨਾਇਆ ਜਾਂਦਾ ਹੈ। ਪੂਰੀ ਦੁਨੀਆ ਵਿਚ ਔਰਤਾਂ ਦਾ ਸ਼ੋਸ਼ਣ ਅਤੇ ਜਬਰ ਰੋਕਣ ਲਈ ਸੰਯੁਕਤ ਰਾਸ਼ਟਰ ਵੱਲੋਂ ਸਾਲ 2030 ਤਕ ਔਰਤਾਂ ਵਿਰੁੱਧ ਹਿੰਸਾ ਦੇ ਖ਼ਾਤਮੇ ਲਈ ਸਾਂਝੀ ਮੁਹਿੰਮ ਚਲਾਈ ਜਾ ਰਹੀ ਹੈ। ਪੱਚੀ ਨਵੰਬਰ 1960 ਨੂੰ ਟ੍ਰਰਜਿਲੋਂ ਦੀ ਡੋਮਿਨਿਕਨ ਤਾਨਾਸ਼ਾਹੀ ਦਾ ਵਿਰੋਧ ਕਰਨ ਵਾਲੀਆਂ ਤਿੰਨ ਭੈਣਾਂ ਪੈਟਰੀਆ ਮਰਸੀਡੀਜ਼, ਮਾਰੀਆ ਅਰਜਨਟੀਨਾ ਮਿਨਰਵਾ ਤੇ ਐਂਟੋਨੀਆ ਮਾਰੀਆ ਟੇਰੇਸਾ ਦਾ ਟ੍ਰਰਜਿਲੋਂ ਵੱਲੋਂ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ ਜਿਸ ਤੋਂ ਬਾਅਦ ਸਾਲ 1981 ਤੋਂ ਔਰਤਾਂ ਦੇ ਅਧਿਕਾਰਾਂ ਦੇ ਸਮਰਥਕਾਂ ਵੱਲੋਂ ਇਨ੍ਹਾਂ ਤਿੰਨ ਭੈਣਾਂ ਦੀ ਯਾਦ ਵਜੋਂ ਇਸ ਦਿਨ ਦੀ ਸ਼ੁਰੂਆਤ ਕੀਤੀ ਗਈ ਸੀ। ਇਸ ਤੋਂ ਬਾਅਦ ਇਸ ਨੂੰ ਸਾਲ 1999 ਵਿਚ ਸੰਯੁਕਤ ਰਾਸ਼ਟਰ ਦੁਆਰਾ ਇਕ ਕੌਮਾਂਤਰੀ ਦਿਵਸ ਵਜੋਂ ਸਥਾਪਤ ਕੀਤਾ ਗਿਆ ਸੀ। ਜੇ ਅਜੋਕੇ ਹਾਲਾਤ ਵਿਚ ਵੇਖਿਆ ਜਾਵੇ ਤਾਂ ਵਿਸ਼ਵ ਪੱਧਰ 'ਤੇ ਅੱਜ ਤਿੰਨ ਵਿੱਚੋਂ ਇਕ ਔਰਤ ਸਰੀਰਕ ਜਾਂ ਮਾਨਸਿਕ ਹਿੰਸਾ ਦਾ ਸ਼ਿਕਾਰ ਹੈ। ਪਤੀ-ਪਤਨੀ ਹਿੰਸਾ, ਜਿਨਸੀ ਸ਼ੋਸ਼ਣ, ਮਨੁੱਖੀ ਤਸਕਰੀ, ਬਾਲ ਵਿਆਹ ਆਦਿ ਅੱਜ ਦੀ ਔਰਤਾਂ ਵਿਰੁੱਧ ਹੋ ਰਹੀ ਹਿੰਸਾ ਦੇ ਰੂਪਾਂ ਵਿਚ ਸ਼ਾਮਲ ਹਨ। ਵਿਸ਼ਵ ਪੱਧਰ 'ਤੇ 35 ਪ੍ਰਤੀਸ਼ਤ ਔਰਤਾਂ ਆਪਣੇ ਜੀਵਨ ਦੇ ਕਿਸੇ ਸਮੇਂ, ਕਿਸੇ ਸਾਥੀ ਜਾਂ ਗ਼ੈਰ-ਸਾਥੀ ਦੁਆਰਾ ਜਿਨਸੀ ਹਿੰਸਾ ਦਾ ਸ਼ਿਕਾਰ ਹੋਈਆਂ ਹਨ। ਕੋਵਿਡ-19 ਦੇ ਲਾਕਡਾਊਨ ਕਾਰਨ ਆਵਾਜਾਈ 'ਤੇ ਪਾਬੰਦੀਆਂ ਕਾਰਨ ਔਰਤਾਂ ਵਿਰੁੱਧ ਹਿੰਸਾ ਦੇ ਮਾਮਲਿਆਂ ਵਿਚ 5 ਫ਼ੀਸਦੀ ਦਾ ਵਾਧਾ ਹੋਇਆ ਸੀ। ਅੰਕੜਿਆਂ ਅਨੁਸਾਰ ਅੱਜ ਵੀ ਹਰ ਰੋਜ਼ ਲਗਪਗ 137 ਔਰਤਾਂ ਨੂੰ ਉਨ੍ਹਾਂ ਦੇ ਆਪਣੇ ਪਰਿਵਾਰ ਦੇ ਮੈਂਬਰਾਂ ਵੱਲੋਂ ਮਾਰਿਆ ਜਾ ਰਿਹਾ ਹੈ ਅਤੇ ਹਿੰਸਾ ਦਾ ਸਾਹਮਣਾ ਕਰਨ ਵਾਲੀਆਂ ਸਿਰਫ਼ 40 ਪ੍ਰਤੀਸ਼ਤ ਔਰਤਾਂ ਨੂੰ ਹੀ ਕਿਸੇ ਕਿਸਮ ਦੀ ਮਦਦ ਮਿਲਦੀ ਹੈ। ਭਾਰਤੀ ਪੱਧਰ 'ਤੇ ਵੀ ਪਿਤਾ-ਪੱਖੀ ਢਾਂਚਾ, ਉੱਚ ਰਾਜਨੀਤਕ ਪੱਧਰ 'ਤੇ ਸੀਮਤ ਭਾਗੀਦਾਰੀ, ਲਿੰਗਕ ਹਿੰਸਾ ਨੂੰ ਚੁੱਪ-ਚੁਪੀਤੇ ਸਵੀਕਾਰ ਕਰਨਾ, ਔਰਤਾਂ ਲਈ ਕੁਝ ਖੇਤਰਾਂ ਜਿਵੇਂ ਅਧਿਆਪਨ, ਨਰਸਿੰਗ ਆਦਿ ਦੀ ਹੱਦਬੰਦੀ ਉਨ੍ਹਾਂ ਵਿਰੁੱਧ ਹਿੰਸਾ ਦੇ ਮੁੱਖ ਕਾਰਨ ਹਨ। ਸਾਲ 2022 ਦੇ ਲਿੰਗ ਗੈਪ ਇੰਡੈਕਸ ਵਿਚ 146 ਦੇਸ਼ਾਂ ਵਿੱਚੋਂ ਭਾਰਤ 135ਵੇਂ ਸਥਾਨ 'ਤੇ ਸੀ। ਇਸ ਦਾ ਸਬੂਤ ਇਹ ਹੈ ਕਿ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਅਨੁਸਾਰ 2020 ਦੇ ਮੁਕਾਬਲੇ 2021 ਵਿਚ ਔਰਤਾਂ ਵਿਰੁੱਧ ਅਪਰਾਧਾਂ ਵਿਚ 15.3 ਫ਼ੀਸਦੀ ਦਾ ਵਾਧਾ ਹੋਇਆ ਹੈ। ਉਂਜ ਔਰਤਾਂ ਵਿਰੁੱਧ ਹਿੰਸਾ ਨੂੰ ਖ਼ਤਮ ਕਰਨ ਲਈ ਵੱਖ-ਵੱਖ ਯਤਨ ਵੀ ਕੀਤੇ ਜਾ ਰਹੇ ਹਨ। ਸੰਯੁਕਤ ਰਾਸ਼ਟਰ ਦੇ ਯਤਨਾਂ ਦੇ ਨਤੀਜੇ ਵਜੋਂ ਘੱਟੋ-ਘੱਟ 155 ਦੇਸ਼ਾਂ ਨੇ ਘਰੇਲੂ ਹਿੰਸਾ 'ਤੇ ਰੋਕ ਲਗਾਉਣ ਲਈ ਕਾਨੂੰਨ ਪਾਸ ਕੀਤੇ ਹਨ। ਸਸਟੇਨੇਬਲ ਡਿਵੈਲਪਮੈਂਟ ਟੀਚੇ ਤਹਿਤ ਕੋਈ ਵੀ ਪਿੱਛੇ ਨਾ ਰਹੇ, ਔਰਤਾਂ ਦੀ ਬਰਾਬਰੀ, ਮਨੁੱਖੀ ਅਧਿਕਾਰ ਅਤੇ ਸ਼ਾਂਤੀ ਨਾਲ ਇਸ ਵਿਕਾਸ ਨੂੰ ਯਕੀਨੀ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਭਾਰਤੀ ਪੱਧਰ 'ਤੇ ਵੀ ਸੰਵਿਧਾਨਕ ਯਤਨਾਂ ਵਿਚ ਧਾਰਾ 14 ਵਿਚ ਕਾਨੂੰਨੀ ਸਮਾਨਤਾ, ਧਾਰਾ 15 ਵਿਚ ਜਾਤ, ਧਰਮ, ਲਿੰਗ ਦੇ ਆਧਾਰ 'ਤੇ ਵਿਤਕਰਾ ਨਾ ਕਰਨ ਦਾ ਮੌਲਿਕ ਅਧਿਕਾਰ ਹੈ। ਧਾਰਾ 39 ਮਰਦਾਂ ਅਤੇ ਔਰਤਾਂ ਲਈ ਬਰਾਬਰ ਕੰਮ ਲਈ ਬਰਾਬਰ ਤਨਖ਼ਾਹ, ਧਾਰਾ 42 ਔਰਤਾਂ ਲਈ ਜਣੇਪਾ ਸਹਾਇਤਾ ਦਾ ਪ੍ਰਬੰਧ ਕਰਦੇ ਹੋਏ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੇ ਰੂਪ ਵਿਚ ਪੇਸ਼ ਕਰਦੇ ਹਨ। ਸਿਆਸੀ ਪੱਧਰ 'ਤੇ ਵੀ ਧਰਮ, ਨਸਲ, ਜਾਤ, ਲਿੰਗ ਦੇ ਆਧਾਰ 'ਤੇ ਕਿਸੇ ਨੂੰ ਵੀ ਵੋਟਰ ਸੂਚੀ ਵਿਚ ਸ਼ਾਮਲ ਕਰਨ ਲਈ ਅਯੋਗ ਕਰਾਰ ਨਹੀਂ ਦਿੱਤਾ ਜਾ ਸਕਦਾ। ਦਾਜ ਰੋਕੂ ਕਾਨੂੰਨ 1961, ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ ਐਕਟ 1971, ਭਰੂਣ ਲਿੰਗ ਚੋਣ ਰੋਕੂ ਐਕਟ 1994, ਪੋਕਸੋ ਐਕਟ ਆਦਿ ਕਾਨੂੰਨੀ ਪੱਧਰ 'ਤੇ ਕੀਤੇ ਗਏ ਯਤਨਾਂ ਵਿਚ ਮੌਜੂਦ ਹਨ। ਭਾਰਤੀ ਸਮਾਜ ਵਿਚ ਔਰਤਾਂ ਨੂੰ ਉਨ੍ਹਾਂ ਦਾ ਬਣਦਾ ਸਥਾਨ ਦਿਵਾਉਣ ਦੀ ਲੋੜ ਹੈ ਤਾਂ ਹੀ 'ਕਾਰਗਿਲ ਗਰਲ' ਵਜੋਂ ਮਸ਼ਹੂਰ ਗੁੰਜਨ ਸਕਸੈਨਾ, ਮਹਿਲਾ ਪੁਲਾੜ ਯਾਤਰੀ ਕਲਪਨਾ ਚਾਵਲਾ, ਸੁਨੀਤਾ ਵਿਲੀਅਮਜ਼, ਨਾਰੀ ਸਿੱਖਿਆ ਦੀ ਰਖਵਾਲੀ ਕਰਨ ਵਾਲੀ ਮਲਾਲਾ ਯੂਸਫ਼ਜ਼ਈ, ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਮਦਰ ਟੈਰੇਸਾ ਦਾ ਨਾਮ ਵਿਸ਼ਵ ਪੱਧਰ 'ਤੇ ਰੋਸ਼ਨ ਹੋ ਸਕੇਗਾ। ਔਰਤ ਅਜਿਹੀ ਗੁਰੂ ਹੈ ਜੋ ਟੁੱਟੇ ਹੋਏ ਕਮੀਜ਼ ਦੇ ਬਟਨ ਤੋਂ ਲੈ ਕੇ ਕਿਸੇ ਵਿਅਕਤੀ ਦੇ ਟੁੱਟੇ ਆਤਮ-ਵਿਸ਼ਵਾਸ ਨੂੰ ਸੁਧਾਰਨ ਦੀ ਕਲਾ ਜਾਣਦੀ ਹੈ। ਉਹ ਜਗਤ ਜਣਨੀ ਹੈ। ਜਿਸ ਘਰ ਵਿਚ ਔਰਤ ਦਾ ਇੱਜ਼ਤ-ਮਾਣ ਨਹੀਂ ਹੁੰਦਾ, ਉਸ ਘਰ ਵਿਚੋਂ ਖ਼ੁਸ਼ੀਆਂ ਖੰਭ ਲਾ ਕੇ ਉੱਡ ਜਾਂਦੀਆਂ ਹਨ। ਇਸ ਲਈ ਉਸ 'ਤੇ ਜ਼ੁਲਮੋ-ਸਿਤਮ ਕਿਸੇ ਵੀ ਸੱਭਿਅਕ ਸਮਾਜ ਦੇ ਮੱਥੇ 'ਤੇ ਬਦਨੁਮਾ ਦਾਗ ਹੈ।

**ਭਾਰਤੀ ਪੱਧਰ 'ਤੇ ਵੀ ਪਿਤਾ-ਪੱਖੀ ਢਾਂਚਾ, ਉੱਚ ਰਾਜਨੀਤਕ ਪੱਧਰ 'ਤੇ ਸੀਮਤ ਭਾਗੀਦਾਰੀ, ਲਿੰਗਕ ਹਿੰਸਾ ਨੂੰ ਚੁੱਪ-ਚੁਪੀਤੇ ਸਵੀਕਾਰ ਕਰਨਾ, ਔਰਤਾਂ ਲਈ ਕੁਝ ਖੇਤਰਾਂ ਜਿਵੇਂ ਅਧਿਆਪਨ, ਨਰਸਿੰਗ ਆਦਿ ਦੀ ਹੱਦਬੰਦੀ ਉਨ੍ਹਾਂ ਵਿਰੁੱਧ ਹਿੰਸਾ ਦੇ ਮੁੱਖ ਕਾਰਨ ਹਨ। ਸਾਲ 2022 ਦੇ ਲਿੰਗ ਗੈਪ ਇੰਡੈਕਸ ਵਿਚ 146 ਦੇਸ਼ਾਂ ਵਿੱਚੋਂ ਭਾਰਤ 135ਵੇਂ ਸਥਾਨ 'ਤੇ ਸੀ। ਇਸ ਦਾ ਸਬੂਤ ਇਹ ਹੈ ਕਿ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਅਨੁਸਾਰ 2020 ਦੇ ਮੁਕਾਬਲੇ 2021 ਵਿਚ ਔਰਤਾਂ ਵਿਰੁੱਧ ਅਪਰਾਧਾਂ ਵਿਚ 15.3 ਫ਼ੀਸਦੀ ਦਾ ਵਾਧਾ ਹੋਇਆ ਹੈ। ਉਂਜ ਔਰਤਾਂ ਵਿਰੁੱਧ ਹਿੰਸਾ ਨੂੰ ਖ਼ਤਮ ਕਰਨ ਲਈ ਵੱਖ-ਵੱਖ ਯਤਨ ਵੀ ਕੀਤੇ ਜਾ ਰਹੇ ਹਨ। ਸੰਯੁਕਤ ਰਾਸ਼ਟਰ ਦੇ ਯਤਨਾਂ ਦੇ ਨਤੀਜੇ ਵਜੋਂ ਘੱਟੋ-ਘੱਟ 155 ਦੇਸ਼ਾਂ ਨੇ ਘਰੇਲੂ ਹਿੰਸਾ 'ਤੇ ਰੋਕ ਲਗਾਉਣ ਲਈ ਕਾਨੂੰਨ ਪਾਸ ਕੀਤੇ ਹਨ।**



# ਪੰਜਾਬ ਦੀਆਂ ਜੇਲ੍ਹਾਂ ’ਚ ਫੈਲੀ ਅਰਾਜਕਤਾ ਨੂੰ ਕਦੋਂ ਨੱਥ ਪਵੇਗੀ?

ਪੰਜਾਬ ਦੀਆਂ ਜੇਲ੍ਹਾਂ ’ਚ ਕਿਸ ਪੱਧਰ ਤਕ ਦੀ ਅਰਾਜਕਤਾ ਦਾ ਮਾਹੌਲ ਹੈ, ਇਹ ਤੱਥ ਕਿਸੇ ਤੋਂ ਲੁਕਿਆ-ਛਿਪਿਆ ਨਹੀਂ ਹੈ। ਨਿੱਤ ਸੂਬੇ ਦੀ ਕਿਸੇ ਨਾ ਕਿਸੇ ਜੇਲ੍ਹ ’ਚੋਂ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਜੇਲ੍ਹ ਅਧਿਕਾਰੀ, ਪ੍ਰਸ਼ਾਸਨ ਤੇ ਸਰਕਾਰ ਹਾਲੇ ਵੀ ਇਨ੍ਹਾਂ ਸਮੱਸਿਆਵਾਂ ਦਾ ਹੱਲ ਲੱਭ ਹੀ ਰਹੇ ਹਨ ਕਿ ਹੁਣ ਉਨ੍ਹਾਂ ਦੇ ਸਾਹਮਣੇ ਇਕ ਨਵੀਂ ਚੁਣੌਤੀ ਖੜ੍ਹੀ ਹੋ ਗਈ ਹੈ। ਇਹ ਨਵੀਂ ਚੁਣੌਤੀ ਮਿੰਨੀ ਮੋਬਾਈਲ ਫੋਨ ਹੈ ਜਿਸ ਦੀ ਵਰਤੋਂ ਜੇਲ੍ਹਾਂ ’ਚ ਕੈਦੀਆਂ ਵੱਲੋਂ ਨਿਰੰਤਰ ਵਧਦੀ ਜਾ ਰਹੀ ਹੈ। ਸੱਤ ਸੈਂਟੀਮੀਟਰ ਤੋਂ ਵੀ ਘੱਟ ਲੰਬਾਈ, ਤਿੰਨ ਸੈਂਟੀਮੀਟਰ ਚੌੜਾਈ ਤੇ ਇਕ ਹਜ਼ਾਰ ਤੋਂ ਵੀ ਘੱਟ ਕੀਮਤ ਵਿਚ ਉਪਲਬਧ ਇਹ ਫੋਨ ਕੈਦੀਆਂ ਤਕ ਆਸਾਨੀ ਨਾਲ ਪੁੱਜ ਰਿਹਾ ਹੈ। ਚਿੰਤਾਜਨਕ ਗੱਲ ਇਹ ਹੈ ਕਿ ਇਸ ਨੂੰ ਲੁਕਾਉਣਾ ਬਹੁਤ ਸੌਖਾ ਹੈ। ਜਦੋਂ ਵੀ ਜੇਲ੍ਹਾਂ ’ਚ ਕਦੇ ਅਚਾਨਕ ਨਿਰੀਖਣ ਹੁੰਦਾ ਹੈ ਤਾਂ ਕੈਦੀ ਇਸ ਨੂੰ ਆਸਾਨੀ ਨਾਲ ਬੈਰਕ ਦੀ ਕੰਧ ਜਾਂ ਫ਼ਰਸ਼ ਦੀਆਂ ਤਰੇੜਾਂ ’ਚ ਵੀ ਲੁਕਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਇਸ ਦੇ ਬਾਵਜੂਦ ਪਿਛਲੇ ਛੇ ਮਹੀਨਿਆਂ ਦੌਰਾਨ ਅਜਿਹੇ ਲਗਪਗ ਚਾਰ ਹਜ਼ਾਰ ਮੋਬਾਈਲ ਫੋਨ ਫੜੇ ਜਾ ਚੁੱਕੇ ਹਨ। ਇਸ ਤੋਂ ਹਾਲਾਤ ਦਾ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਤੱਥ ਤੋਂ ਸਾਰੇ ਜਾਣੂ ਹਨ ਕਿ ਜੇਲ੍ਹ ’ਚ ਬੰਦ ਪਏ ਅਪਰਾਧੀ ਮੋਬਾਈਲ ਫੋਨਾਂ ਰਾਹੀਂ ਸੀਖਾਂ ਪਿੱਛੇ ਬੈਠ ਕੇ ਹੀ ਬਾਹਰ ਆਪਣਾ ਨੈੱਟਵਰਕ ਸੰਚਾਲਤ ਕਰਦੇ ਹਨ। ਪਿਛਲੇ ਦਿਨੀਂ ਕੋਟਕਪੂਰਾ ’ਚ ਡੇਰਾ ਪ੍ਰੇਮੀ ਦੀ ਹੱਤਿਆ ਦੀ ਸਾਜ਼ਿਸ਼ ਵੀ ਜੇਲ੍ਹ ’ਚ ਹੀ ਰਚੀ ਗਈ ਸੀ। ਇਸ ਤੋਂ ਪਹਿਲਾਂ ਵੀ ਕਈ ਵੱਡੀਆਂ ਅਪਰਾਧਕ ਸਾਜ਼ਿਸ਼ਾਂ ਜੇਲ੍ਹ ਅੰਦਰੋਂ ਹੀ ਰਚੀਆਂ ਜਾ ਚੁੱਕੀਆਂ ਹਨ। ਬੇਸ਼ੱਕ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸੂਬੇ ’ਚ ਕਾਨੂੰਨ ਤੇ ਵਿਵਸਥਾ ਦੀ ਹਾਲਤ ’ਤੇ ਲਗਾਤਾਰ ਸਵਾਲ ਖੜ੍ਹੇ ਹੋ ਰਹੇ ਹਨ। ਇਸੇ ਲਈ ਇਹ ਜ਼ਰੂਰੀ ਹੈ ਕਿ ਪੁਲਿਸ ਪ੍ਰਸ਼ਾਸਨ ਇਸ ਨਵੀਂ ਚੁਣੌਤੀ ਨਾਲ ਵੀ ਸਖ਼ਤੀ ਨਾਲ ਨਿਪਟੇ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਦਾਅਵਿਆਂ ਤੋਂ ਅੱਗੇ ਵਧੇ ਅਤੇ ਜੇਲ੍ਹਾਂ ’ਚ ਬੇਨਿਯਮੀਆਂ ਰੋਕਣ ਲਈ ਅਜਿਹੇ ਠੋਸ ਕਦਮ ਚੁੱਕੇ ਜੋ ਜ਼ਮੀਨੀ ਪੱਧਰ ’ਤੇ ਵੀ ਵਿਖਾਈ ਦੇਣ।



ਅਜਿਹੀਆਂ ਰਿਪੋਰਟਾਂ ਵੀ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਕਿ ਬਹੁਤ ਸਾਰੇ ਗੈਂਗਸਟਰ ਜੇਲ੍ਹਾਂ ਅੰਦਰ ਬੈਠੇ ਹੀ ਆਪਣੇ ਗਿਰੋਹ ਚਲਾਉਂਦੇ ਰਹੇ ਹਨ। ਇਨ੍ਹਾਂ ਸਮਾਜ-ਵਿਰੋਧੀ ਤੱਤਾਂ ਨੂੰ ਮੋਬਾਈਲ ਤੇ ਨਸ਼ੇ ਕੌਣ ਸਪਲਾਈ ਕਰਦਾ ਹੈ, ਇਹ ਵੀ ਇਕ ਵੱਡਾ ਸਵਾਲ ਹੈ। ਕਈ ਵਾਰ ਕੁਝ ਸਰਕਾਰੀ ਸੂਤਰ ਆਪਣੇ ਬਚਾਅ ਵਿਚ ਅਜਿਹੀ ਦਲੀਲ ਵੀ ਦਿੰਦੇ ਹਨ ਕਿ ਜੇਲ੍ਹਾਂ ਵਿਚ ਮੋਬਾਈਲ ਜਾਣ-ਬੁੱਝ ਕੇ ਮੁਹੱਈਆ ਕਰਵਾਏ ਜਾਂਦੇ ਹਨ ਤਾਂ ਜੋ ਉਨ੍ਹਾਂ ਨੂੰ ਬਾਅਦ ’ਚ ਟੈਪ ਕਰ ਕੇ ਪਤਾ ਲਾਇਆ ਜਾ ਸਕੇ ਕਿ ਕੈਦੀ ਕਿੱਥੇ ਤੇ ਕਿਨ੍ਹਾਂ ਨਾਲ ਗੱਲਬਾਤ ਕਰਦੇ ਹਨ। ਹਾਲੇ ਕੁਝ ਦਿਨ ਪਹਿਲਾਂ ਹੀ ਫ਼ਿਰੋਜ਼ਪੁਰ ਦੇ ਇਕ ਡਿਪਟੀ ਜੇਲ੍ਹ ਸੁਪਰਡੈਂਟ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ’ਤੇ ਕੈਦੀਆਂ ਨੂੰ ਮੋਬਾਈਲ ਫੋਨ ਤੇ ਨਸ਼ੇ ਸਪਲਾਈ ਕਰਨ ਦੇ ਦੋਸ਼ ਲਾਏ ਗਏ ਸਨ। ਉਸ ਨਾਲ ਤਿੰਨ ਹੋਰ ਜੇਲ੍ਹ ਅਧਿਕਾਰੀਆਂ ਨੂੰ ਵੀ ਹਿਰਾਸਤ ’ਚ ਲਿਆ ਗਿਆ ਸੀ।

ਪਿਛਲੇ ਸਮੇਂ ਦੌਰਾਨ ਪੰਜਾਬ ਦੀਆਂ ਜੇਲ੍ਹਾਂ ਦੇ 10 ਹੋਰ ਜੇਲ੍ਹ ਅਧਿਕਾਰੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਵਿਚ ਮੈਡੀਕਲ ਅਫ਼ਸਰ ਵਜੋਂ ਵਿਚਰ ਰਹੇ ਦੋ ਡਾਕਟਰ ਵੀ ਸ਼ਾਮਲ ਹਨ। ਇਸ ਤੋਂ ਆਮ ਵਿਅਕਤੀ ਤਾਂ ਇਹੋ ਸਿੱਟਾ ਕੱਢੇਗਾ ਕਿ ਉੱਚ ਅਧਿਕਾਰੀ ਹੀ ਮਿਲੀਭੁਗਤ ਨਾਲ ਉਕਤ ਸਭ ਕੁਝ ਜਾਣ-ਬੁੱਝ ਕੇ ਕਰਵਾ ਰਹੇ ਹਨ। ਸਰਕਾਰੀ ਅਧਿਕਾਰੀਆਂ ’ਤੇ ਲੱਗਣ ਵਾਲੇ ਅਜਿਹੇ ਦੋਸ਼ ਕਾਨੂੰਨ ਤੇ ਵਿਵਸਥਾ ਲਈ ਵੀ ਘਾਤਕ ਹਨ।

## ਪੰਜਾਬ ਪੁਲਿਸ ਦੇ ਅਕਸ ਨੂੰ ਲੱਗ ਰਿਹਾ ਖੋਰਾ

ਸਾਡੇ ਪੰਜਾਬ ਨੂੰ ਹੁਣ ਵਾੜ ਹੀ ਲਗਾਤਾਰ ਖੇਤ ਨੂੰ ਖਾਣ ਲੱਗੀ ਹੋਈ ਹੈ। ਸੂਬੇ ਦੀ ਸੁਰੱਖਿਆ ਲਈ ਜ਼ਿੰਮੇਵਾਰ ਪੁਲਿਸ ਵਿਭਾਗ ਦੇ ਅਧਿਕਾਰੀਆਂ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਅਕਸਰ ਲੱਗਦੇ ਹਨ। ਜੇਲ੍ਹ ਦੇ ਉੱਚ ਅਧਿਕਾਰੀ ‘ਮੋਟੀਆਂ ਰਕਮਾਂ ਲੈ ਕੇ ਕੈਦੀਆਂ ਤਕ ਨਸ਼ੇ ਤੇ ਹੋਰ ਸਾਮਾਨ ਪਹੁੰਚਾਉਣ’ ਲਈ ਵੀ ਜ਼ਿੰਮੇਵਾਰ ਪਾਏ ਜਾਂਦੇ ਰਹੇ ਹਨ। ਸਿਆਸੀ ਆਗੂਆਂ ਤੇ ਮੰਤਰੀਆਂ ਦੇ ਭ੍ਰਿਸ਼ਟਾਚਾਰ ਵੀ ਸਮੇਂ-ਸਮੇਂ ’ਤੇ ਸਾਹਮਣੇ ਆਉਂਦੇ ਰਹੇ ਹਨ। ਬੁੱਧਵਾਰ ਨੂੰ ਲੁਧਿਆਣਾ ਦੇ ਥਾਣਾ ਡਵੀਜ਼ਨ ਨੰਬਰ-5 ਦੇ ਵਧੀਕ ਐੱਸਐੱਚਓ ਨੂੰ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ



ਗਿਆ ਹੈ। ਉਹ ਸ਼ਰੇਆਮ ਪੁਲਿਸ ਦੀ ਵਰਦੀ ’ਚ ਹੈਰੋਇਨ ਦੀ ਸਪਲਾਈ ਦੇਣ ਲਈ ਮੋਟਰਸਾਈਕਲ ’ਤੇ ਫਿਲੌਰ ਤੋਂ ਲਾਡੋਵਾਲ ਜਾ ਰਿਹਾ ਸੀ। ਉਸੇ ਦੇ ਦੱਸਣ ’ਤੇ ਦੋ ਹੋਰ ਜਣਿਆਂ ਤੋਂ ਵੀ 846 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਇਸ ਤੋਂ ਵੱਡਾ ਦੁਖਾਂਤ ਹੋਰ ਕੀ ਹੋ ਸਕਦਾ ਹੈ ਜਿਸ ਅਧਿਕਾਰੀ ’ਤੇ ਨਸ਼ਿਆਂ ਦੇ ਸਮੱਗਲਰਾਂ ਨੂੰ ਕਾਬੂ ਕਰਨ ਦੀ ਜ਼ਿੰਮੇਵਾਰੀ ਹੋਵੇ, ਅੱਗੇ ਉਹੀ ਸਮਾਜ-ਵਿਰੋਧੀ ਅਨਸਰਾਂ ਨਾਲ ਰਲਿਆ ਹੋਵੇ। ਇਸ ਮਾਮਲੇ ’ਚ ‘ਕੁੱਤੀ ਦੇ ਚੋਰਾਂ ਨਾਲ ਰਲਣ’ ਵਾਲਾ ਅਖਾਣ ਸਹੀ ਸਿੱਧ ਹੁੰਦਾ ਹੈ। ਪੰਜਾਬ ’ਚ ਨਸ਼ਾ ਇਕ ਵੱਡਾ ਖ਼ਤਰਾ ਬਣ ਚੁੱਕਾ ਹੈ। ਇਸ ਨੇ ਘੱਟੋ-ਘੱਟ ਦੋ ਪੀੜ੍ਹੀਆਂ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਅਗਲੀ ਪੀੜ੍ਹੀ ਤਕ ਇਸ ਸਮੱਸਿਆ ਦਾ ਸੇਕ ਨਾ ਪੁੱਜੇ, ਇਸ ਲਈ ਗੰਭੀਰ ਕੋਸ਼ਿਸ਼ਾਂ ਕਰਨੀਆਂ ਹੋਣਗੀਆਂ। ਮਾਨਚੈਸਟਰ ਸਮਝੇ ਜਾਂਦੇ ਪੰਜਾਬ ਦੇ ਮਹਾਨਗਰ ਲੁਧਿਆਣਾ ਦੇ ਕਈ ਇਲਾਕਿਆਂ ’ਚ ਨਸ਼ਿਆਂ ਦੀ ਤਸਕਰੀ ਤੇ ਸਪਲਾਈ ਦਾ ਧੰਦਾ ਚੱਲਦੇ ਹੋਣ ਦੀਆਂ ਰਿਪੋਰਟਾਂ ਲਗਾਤਾਰ ਆ ਰਹੀਆਂ ਹਨ। ਉਂਜ ਭਾਵੇਂ ਇਸ ਵਰ੍ਹੇ 5 ਜੁਲਾਈ ਤੋਂ ਲੈ ਕੇ 1,097 ਵੱਡੀਆਂ ਮੱਛੀਆਂ ਸਮੇਤ 6,997 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਹੋਈ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ’ਤੇ ਪੁਲਿਸ ਨੇ ਹੀ ਨਸ਼ਿਆਂ ਦਾ ਗੰਦ ਫੈਲਾਉਣ ਵਾਲਿਆਂ ਨੂੰ ਕਾਬੂ ਕਰਨ ਦੀ ਮੁਹਿੰਮ ਵਿੱਢੀ ਹੋਈ ਹੈ। ਓਧਰ ਖੰਨਾ ਲਾਗਲੇ ਪਾਇਲ ਥਾਣੇ ਦੇ ਇਕ ਏਐੱਸਆਈ ਨੂੰ ਪੰਜ ਹਜ਼ਾਰ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਨੇ ਇਹ ਰਿਸ਼ਵਤ ਕਿਸੇ ਮਾਮਲੇ ’ਚ ਕਾਰਵਾਈ ਮੁਲਤਵੀ ਕਰਨ ਲਈ ਮੰਗੀ ਸੀ। ਇਹ ਮਾਮਲਾ ਵੀ ਬੁੱਧਵਾਰ ਦਾ ਹੀ ਹੈ। ਇੱਕੋ ਦਿਨ ਪੁਲਿਸ ਦੇ ਦੋ ਅਧਿਕਾਰੀਆਂ ਦਾ ਇੰਜ ਕਾਨੂੰਨੀ ਸ਼ਿਕੰਜੇ ’ਚ ਫਸਣਾ ਜਿੱਥੇ ਆਪਣੇ-ਆਪ ’ਚ ਇਕ ਵੱਡੀ ਘਟਨਾ ਹੈ, ਉੱਥੇ ਪੰਜਾਬ ਲਈ ਇਹ ਇਕ ਵੱਡੀ ਨਮੋਸ਼ੀ ਵਾਲੀ ਗੱਲ ਵੀ ਹੈ। ਪੰਜਾਬ ਪੁਲਿਸ ਦੇ ਕਈ ਅਧਿਕਾਰੀਆਂ ’ਤੇ ਅੱਤਵਾਦ ਦੇ ਕਾਲ਼ੇ ਦੌਰ ਵੇਲੇ ਝੂਠੇ ਪੁਲਿਸ ਮੁਕਾਬਲੇ ਕਰਨ ਦੇ ਵੱਡੇ ਦੋਸ਼ ਲੱਗਦੇ ਰਹੇ ਹਨ। ਹਜ਼ਾਰਾਂ ਨੌਜਵਾਨਾਂ ਦੀਆਂ ਲਾਵਾਰਸ ਲਾਸ਼ਾਂ ਦੇ ਸਸਕਾਰ ਕਰਨ ਦਾ ਮੁੱਦਾ ਭਖਿਆ ਰਿਹਾ ਹੈ। ਹੁਣ ਉਸ ਸਮੇਂ ਦੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਅਦਾਲਤਾਂ ਵੱਲੋਂ ਸਜ਼ਾਵਾਂ ਵੀ ਸੁਣਾਈਆਂ ਜਾ ਰਹੀਆਂ ਹਨ। ਅਜਿਹੇ ਹਾਲਾਤ ’ਚ ਪੰਜਾਬ ਪੁਲਿਸ ਨੂੰ ਆਪਣਾ ਅਕਸ ਸੁਧਾਰਨ ’ਤੇ ਵਧੇਰੇ ਜ਼ੋਰ ਦੇਣਾ ਚਾਹੀਦਾ ਹੈ। ਬ੍ਰਿਟਿਸ਼ ਸਰਕਾਰ ਵੇਲੇ ਦੇ ਕਾਨੂੰਨਾਂ ਦੇ ਆਧਾਰ ’ਤੇ ਕਾਰਵਾਈਆਂ ਪਾਉਣ ਦਾ ਵੇਲਾ ਹੁਣ ਵਿਹਾਅ ਚੁੱਕਾ ਹੈ। ਉਨ੍ਹਾਂ ਸਮਿਆਂ ਦੀ ਪੁਲਿਸ ਤਾਂ ਭਾਰਤ ਵਾਸੀਆਂ ਨੂੰ ਦੁਸ਼ਮਣ ਸਮਝ ਕੇ ਕਾਰਵਾਈ ਪਾਉਂਦੀ ਸੀ ਪਰ ਹੁਣ ਆਪਣੇ ਹੀ ਦੇਸ਼ ਦੇ ਨਾਗਰਿਕਾਂ ਨਾਲ ਸਿੱਝਣ ਸਮੇਂ ਪੁਲਿਸ ਅਧਿਕਾਰੀਆਂ ਨੂੰ ਨਫ਼ਰਤੀ ਵਿਚਾਰ ਲਾਂਭੇ ਰੱਖਣੇ ਹੋਣਗੇ। ਪੰਜਾਬ ਪੁਲਿਸ ਨੂੰ ਆਪਣੇ ਅਧਿਕਾਰੀਆਂ ਲਈ ਇਸ ਮਾਮਲੇ ’ਚ ਖ਼ਾਸ ਨੈਤਿਕ ਸਿੱਖਿਆ ਦੇਣ ਦੀ ਬੜੀ ਲੋੜ ਹੈ।




MK

Driving School

Union City

Student Driver

Sukhi Kaur

sukhi@mkdrivingschool.net

www.mkdrivingschool.net

510-461-6541

ਡਰਾਈਵਿੰਗ ਸਿਖਾਉਣ ਦਾ ਲੰਮਾ ਤਜਰਬਾ, ਆਸਾਨ ਪੰਜਾਬੀ ਭਾਸ਼ਾ ਵਿਚ ਗੱਲਬਾਤ


## ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨਾ ਭਾਰਤ ਵਿਚ ਗੰਭੀਰ ਮੁੱਦਾ

ਦੇਸ਼ ਅੰਦਰ ਨੌਜਵਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਤਾਦਾਦ ਸਭ ਤੋਂ ਵੱਧ ਹੈ, ਕਿਸਾਨਾਂ ਤੋਂ ਵੀ ਵੱਧ। ਦੇਸ਼ ਅੰਦਰ ਕੁੱਲ 1.39 ਲੱਖ ਖ਼ੁਦਕੁਸ਼ੀਆਂ ਵਿੱਚੋਂ 67 ਫ਼ੀਸਦੀ ਆਤਮਘਾਤ (93061) ਦਾ ਅੰਕੜਾ 18 ਤੋਂ 45 ਸਾਲ ਦੀ ਉਮਰ ਵਰਗ ਦਾ ਆਉਂਦਾ ਹੈ। ਜੇ ਇਸ ਦਾ ਅੱਗੋਂ ਵਿਸ਼ਲੇਸ਼ਣ ਕਰੀਏ ਤਾਂ ਤਕਰੀਬਨ ਇਕ ਤਿਹਾਈ (35.17%) ਖ਼ੁਦਕੁਸ਼ੀਆਂ 18 ਤੋਂ 30 ਸਾਲ ਦੀ ਉਮਰ ਵਰਗ ਦੇ ਲੋਕ ਕਰਦੇ ਹਨ।



ਡਾ. ਸ਼ਿਆਮ ਸੁੰਦਰ ਦੀਪਤੀ

ਕਿਸਾਨਾਂ ਵੱਲੋਂ ਖ਼ੁਦਕੁਸ਼ੀ ਮੁੱਦਾ ਵੀ ਬਣਦਾ ਹੈ ਚੋਣਾਂ ਲਈ, ਮੈਨੀਫੈਸਟੋ ਵਿਚ ਵੀ ਥਾਂ ਮਿਲ ਜਾਂਦੀ ਹੈ। ਕਈ ਵਾਅਦੇ-ਦਾਅਵੇ ਵੀ ਹੁੰਦੇ ਹਨ। ਨੇਤਾਵਾਂ ਦੇ ਭਾਸ਼ਣ, ਰੈਲੀਆਂ ਵਿਚ ਬੋਲ ਕੇ ਕੀਤੇ ਗਏ ਵਾਅਦਿਆਂ/ਗਾਰੰਟੀਆਂ ਵਿਚ ਜ਼ਿਕਰ ਹੁੰਦਾ ਹੈ ’ਤੇ ਤਾੜੀਆਂ ਵੀ ਹਾਸਲ ਕੀਤੀਆਂ ਜਾਂਦੀਆਂ ਹਨ। ਇਸ ਦੀ ਤਾਜ਼ਾ ਉਦਾਹਰਨ ਮੌਜੂਦਾ ਸੱਤਾ ਵਿਚ ਬੈਠੀ/ਆਈ ਸਰਕਾਰ ਦਾ ਚੋਣ ਪ੍ਰਚਾਰ ਦੇਖ ਸਕਦੇ ਹਾਂ ਕਿ ਉਨ੍ਹਾਂ ਦਾ ਦਾਅਵਾ ਸੀ ਕਿ ਜਿਸ ਦਿਨ ਸਾਡੀ ਸਰਕਾਰ ਬਣੇਗੀ, ਅਗਲੇ ਦਿਨ ਤੋਂ ਕੋਈ ਵੀ ਖ਼ੁਦਕੁਸ਼ੀ ਦੀ ਖ਼ਬਰ ਨਹੀਂ ਆਵੇਗੀ।

ਕੋਈ ਦਿਨ ਵੀ ਖ਼ਾਲੀ ਨਹੀਂ ਜਾਂਦਾ ਜਦੋਂ ਕਿਸੇ ਨਾ ਕਿਸੇ ਕਿਸਾਨ ਵੱਲੋਂ ਖ਼ੁਦਕੁਸ਼ੀ ਦੀ ਖ਼ਬਰ ਨਾ ਛਪਦੀ ਹੋਵੇ। ਇਕ ਸਰਵੇਖਣ ਮੁਤਾਬਕ ਕੁੱਲ ਕਿਸਾਨੀ ਖ਼ੁਦਕੁਸ਼ੀਆਂ ’ਚੋਂ ਲਗਪਗ 88 ਫ਼ੀਸਦੀ ਛੋਟੇ ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਹਨ। ਇਸ ਇਕ ਤੱਥ ਨਾਲ ਸਥਿਤੀ ਕਾਫ਼ੀ ਹੱਦ ਤਕ ਸਪਸ਼ਟ ਹੋ ਜਾਂਦੀ ਹੈ ਕਿ ਛੋਟੀ ਕਿਸਾਨੀ ਦਾ ਸੰਕਟ ਕੀ ਹੈ? ਇਸ ਤਰ੍ਹਾਂ ਦੇ ਤੱਥਾਂ ਦੇ ਮੱਦੇਨਜ਼ਰ ਹੀ, ਕਾਰਪੋਰੇਟ ਜਗਤ ਕਿਸਾਨੀ ਕਾਨੂੰਨ ਬਣਵਾ ਕੇ, ਅਸਿੱਧੀ ਦਖ਼ਲਅੰਦਾਜ਼ੀ ਰਾਹੀਂ ਇਨ੍ਹਾਂ ਦੀਆਂ ਜ਼ਮੀਨਾਂ ਹੜੱਪਣਾ ਚਾਹ ਰਿਹਾ ਸੀ। ਭਾਵੇਂ ਕਹਿਣ ਨੂੰ ਕਿਸਾਨਾਂ ਨੂੰ ਬਹੁਤ ਸਹੂਲਤਾਂ ਦਿੱਤੀਆਂ ਗਈਆਂ ਹਨ ਮਸਲਨ ਬੈਂਕਾਂ ਤੋਂ ਸਸਤਾ ਲੋਨ, ਭਾਵ ਕਿਸਾਨ ਨੂੰ ਕਰਜ਼ਾਈ ਕਰਨਾ, ਫ਼ਸਲੀ ਬੀਮਾ ਯੋਜਨਾ ਅਤੇ ਕਿਸਾਨਾਂ ਦੇ ਖਾਤਿਆਂ ਵਿਚ ਛੇ ਹਜ਼ਾਰ ਰੁਪਏ ਦੀ ਸਾਲਾਨਾ ਬੱਝਵੀਂ ਰਾਸ਼ੀ ਆਦਿ। ਪਰ ਇਹ ਇਕ ਲੁਕਵਾਂ ਤਰੀਕਾ ਹੈ ਕਿ ਕਿਸਾਨਾਂ ਉੱਪਰ ਜਾਲ ਵਿਛਾਇਆ ਜਾਵੇ। ਕਰਜ਼ਾ ਲੈ ਕੇ ਉਸ ਨੂੰ ਮਜਬੂਰ ਕੀਤਾ ਜਾਵੇ ਕਿ ਉਹ ਜ਼ਮੀਨ ਵੇਚੇ। ਜਿੱਥੋਂ ਤਕ ਫ਼ਸਲੀ ਬੀਮਾ ਯੋਜਨਾ ਦਾ ਸਵਾਲ ਹੈ, ਕਿਸਾਨਾਂ ਨੂੰ ਹਮੇਸ਼ਾ ਹੀ ਭੈੜੇ ਮੌਸਮ ਅਤੇ ਫ਼ਸਲਾਂ ਦੀ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ। ਪਰ ਫ਼ਸਲ ਬੀਮਾ ਜਾਂ ਸਸਤੇ ਕਰਜ਼ੇ ਦੇ ਨਾਂ ਹੇਠ ਜ਼ਮੀਨਾਂ ਗਹਿਣੇ ਰਖਵਾ ਕੇ ਹੱਥ ਪੱਲੇ ਪੈਂਦੀ ਨਮੋਸ਼ੀ ਵੱਧ ਨੁਕਸਾਨ ਕਰ ਰਹੀ ਹੈ ਤੇ ਇਸ ਕੁਚੱਕਰ ਦਾ ਨਤੀਜਾ ਅੰਤ ਵਿਚ ਖ਼ੁਦਕੁਸ਼ੀ ਵਿਚ ਨਿਕਲਦਾ ਹੈ।




ਖ਼ੁਦਕੁਸ਼ੀ ਨਾਲ ਜੁੜੇ ਸਿਹਤ ਦੇ ਪਹਿਲੂ ਨੂੰ ਸਮਝਣਾ ਹੋਵੇ ਤਾਂ ਇਹ ਮਨ ਦਾ ਇਕ ਡੂੰਘਾ ਵਿਕਾਰ ਹੈ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਕੋਈ ਵੀ ਖ਼ੁਦਕੁਸ਼ੀ ਭਾਵੇਂ ਇਕ ਪਲ ਵਿਚ ਲਏ ਗਏ ਫ਼ੈਸਲੇ ਦਾ ਨਤੀਜਾ ਜਾਪਦੀ ਹੈ ਪਰ ਅਜਿਹਾ ਨਹੀਂ ਹੈ। ਉਸ ਪਲ ਦੀ ਤਿਆਰੀ ਇਕ ਮਹੱਤਵਪੂਰਨ ਸਮਾਂ ਹੈ। ਇਹ ਹਾਦਸਾ ਇਕ ਪਲ ਵਿਚ ਸਿਰੇ ਜ਼ਰੂਰ ਚੜ੍ਹਦਾ ਹੈ ਪਰ ਇਸ ਦੀ ਪ੍ਰਕਿਰਿਆ ਵਿਅਕਤੀ ਅੰਦਰ ਇਕ ਲੰਬਾ ਸਮਾਂ ਰਿੱਝਦੀ ਰਹਿੰਦੀ ਹੈ। ਖ਼ੁਦਕੁਸ਼ੀ ਸਮੇਂ ਜਾਂ ਕੁਝ ਸਮਾਂ ਹੀ ਪਹਿਲਾਂ ਜਦੋਂ ਇਹ ਫ਼ੈਸਲਾ ਲਿਆ ਜਾ ਰਿਹਾ ਹੁੰਦਾ ਹੈ, ਵਿਅਕਤੀ ਇਕ ਨੋਟ ਲਿਖਦਾ ਹੈ ਜਿਸ ਪਿੱਛੇ ਸੋਚ ਹੁੰਦੀ ਹੈ ਕਿ ਮੇਰੇ ਮਰਨ ਮਗਰੋਂ ਮੇਰੇ ਘਰਦਿਆਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਕਾਨੂੰਨ ਤਹਿਤ ਖ਼ੁਦਕੁਸ਼ੀ ਇਕ ਅਪਰਾਧ ਹੈ। ਇਸ ਨੂੰ ਕਰਨ ਵਾਲਾ ਤਾਂ ਇਸ ਦੁਨੀਆ ਤੋਂ ਚਲਾ ਜਾਂਦਾ ਹੈ ਪਰ ਖ਼ੁਦਕੁਸ਼ੀ ਲਈ ਤਿਆਰ ਕਰਨ, ਉਕਸਾਉਣ, ਮਜਬੂਰ ਕਰਨ ਵਾਲੇ ਦੀ ਤਲਾਸ਼ ਸ਼ੁਰੂ ਹੁੰਦੀ ਹੈ। ਪੁਲਿਸ-ਤੰਤਰ ਇਹ ਕਾਰਜ ਕਰਦਾ ਹੈ। ਪਰ ਡੂੰਘਾਈ ਨਾਲ ਅਧਿਐਨ ਹੋਵੇ ਤਾਂ ਸਾਫ਼-ਸਪਸ਼ਟ ਪਤਾ ਚੱਲੇਗਾ ਕਿ ਵਿਵਸਥਾ, ਰਾਜ ਦੀਆਂ ਨੀਤੀਆਂ ਹੀ ਜ਼ਿੰਮੇਵਾਰ ਹੋਣਗੀਆਂ ਇਸ ਤਰ੍ਹਾਂ ਦਾ ਮਾਹੌਲ ਸਿਰਜਣ ਲਈ ਜਿੱਥੇ ਕੋਈ ਸ਼ਖ਼ਸ ਖ਼ੁਦਕੁਸ਼ੀ ਦਾ ਰਾਹ ਫੜਦਾ ਹੈ। ਖ਼ੁਦਕੁਸ਼ੀ ਦੀ ਸ਼ੁਰੂਆਤ ਜੀਵਨ ਦੇ ਨਿਰਾਸ਼ਾ ਵਾਲੇ ਪਲਾਂ ਤੋਂ ਹੁੰਦੀ ਹੈ। ਨਿਰਾਸ਼ਾ ਫਿਰ ਉਦਾਸੀ ਵੱਲ ਲੈ ਜਾਂਦੀ ਹੈ। ਉਦਾਸੀ ਦਾ ਲਗਾਤਾਰ ਬਣੇ ਰਹਿਣਾ, ਕਿਸੇ ਨਾਲ ਗੱਲ ਨਾ ਕਰਨਾ ਆਦਿ ਇਹ ਸਭ ਫਿਰ ਹੀਣਭਾਵਨਾ ਵੱਲ ਲੈ ਜਾਂਦਾ ਹੈ। ਕਿਸਾਨ ਜੋ ਦੇਸ਼ ਦਾ ਢਿੱਡ ਭਰਨ ਵਾਲਾ ਅੰਨਦਾਤਾ ਕਿਹਾ ਜਾਂਦਾ ਹੈ, ਜਦੋਂ ਉਹ ਆਪਣੀ ਮਿਹਨਤ ਤੋਂ ਬਾਅਦ ਘਰਦਿਆਂ ਦਾ ਢਿੱਡ ਵੀ ਨਹੀਂ ਭਰ ਪਾਉਂਦਾ, ਘਰ ਦੇ ਜੀਆਂ ਦੀਆਂ ਆਸਾਂ-ਉਮੀਦਾਂ ’ਤੇ ਖ਼ਰਾ ਨਹੀਂ ਉਤਰਦਾ, ਬੱਚੇ ਪੜ੍ਹਾ ਨਹੀਂ ਸਕਦਾ, ਕੁੜੀ ਦੇ ਵਿਆਹ ਲਈ ਅਸਮਰੱਥ ਹੁੰਦਾ ਹੈ ਤਾਂ ਉਸ ਅੰਦਰ ਨਕਾਰਾ ਹੋਣ ਦੀ ਭਾਵਨਾ ਪੈਦਾ ਹੁੰਦੀ ਹੈ।

ਫ਼ਸਲ ਬਰਬਾਦ ਹੁੰਦੀ ਹੈ ਤਾਂ ਮਾੜੀ ਕਿਸਮਤ ਵੱਲ ਸੋਚ ਜਾਂਦੀ ਹੈ ਤੇ ’ਤੋਂ ਬੈਂਕ ਦੇ ਕਰਜ਼ੇ ਦੀਆਂ ਕਿਸ਼ਤਾਂ ਨਹੀਂ ਮੁੜਦੀਆਂ ਤੇ ਬੈਂਕ ਦੇ ਕਰਮਚਾਰੀ ਜ਼ਲੀਲ ਕਰਦੇ ਹਨ ਤਾਂ ਇਹ ਸਾਰਾ ਮਾਹੌਲ, ਹੀਣ-ਭਾਵਨਾ ਨੂੰ ਡੂੰਘਾ ਕਰਦਾ ਹੈ। ‘ਮੈਂ ਕਿਸੇ ਕੰਮ ਜੋਗਾ ਨਹੀਂ। ਮੇਰੀ ਕਿਸਮਤ ਮਾੜੀ ਹੈ, ਮੈਂ ਬੱਚਿਆਂ ਦੀ ਜ਼ਿੰਦਗੀ ਬਰਬਾਦ ਕਰਨ ਦਾ ਜ਼ਿੰਮੇਵਾਰ ਹਾਂ। ਮੈਨੂੰ ਜੀਣ ਦਾ ਕੋਈ ਹੱਕ ਨਹੀਂ। ਮੈਂ ਬੋਝ ਹਾਂ ਤੇ ਇਸ ਤਰ੍ਹਾਂ ਇਹ ਸੋਚ ਫਿਰ ਖ਼ੁਦਕੁਸ਼ੀ ਵਿਚ ਜਾ ਨਿੱਬੜਦੀ ਹੈ। ਖ਼ੁਦਕੁਸ਼ੀ ਦੇ ਸਰਵੇਖਣਾਂ ਤੋਂ ਇਹ ਵੀ ਦੇਖਣ ਵਿਚ ਆਇਆ ਹੈ ਕਿ ਇਸ ਤੋਂ ਪਹਿਲਾਂ, ਤਕਰੀਬਨ ਇਕ ਮਹੀਨਾ ਆਪਣੇ ਚੁੱਪ-ਚਾਪ ਰਹਿਣ ਦੇ ਵਤੀਰੇ ਕਾਰਨ ਸਬੰਧਤ ਵਿਅਕਤੀ ਨੂੰ ਜਦੋਂ ਡਾਕਟਰ ਕੋਲ ਲੈ ਕੇ ਜਾਇਆ ਜਾਂਦਾ ਹੈ ਤਾਂ ਆਪਣੀ ਪਰੇਸ਼ਾਨੀ ਦੱਸਣਾ ਚਾਹੁਣ ਦੇ ਬਾਵਜੂਦ ਉਹ ਨਹੀਂ ਦੱਸ ਪਾਉਂਦਾ। ਇਹ ਉਨ੍ਹਾਂ ਦਾ ਸੰਵਾਦ-ਸੰਕਟ ਵੀ ਕਿਸੇ ਹੱਲ ਦੇ ਲਈ ਰਾਹ ਨਹੀਂ ਖੋਲ੍ਹਦਾ। ਜੇਕਰ ਇਹ ਸੰਕਟ ਟਲ ਸਕੇ ਜਾਂ ਇਸ ਦਿਸ਼ਾ ਵਿਚ ਕੁਝ ਰਾਹ ਲੱਭੇ ਤਾਂ ਅੱਧੀਆਂ ਖ਼ੁਦਕੁਸ਼ੀਆਂ ਰੋਕੀਆਂ ਜਾ ਸਕਦੀਆਂ ਹਨ। ਤਕਰੀਬਨ ਪੰਜ ਸਾਲ ਪਹਿਲਾਂ ਵਿਸ਼ਵ ਸਿਹਤ ਸੰਗਠਨ ਨੇ ਉਦਾਸੀ ਨੂੰ ਲੈ ਕੇ ਇਕ ਕੇਂਦਰੀ ਨੁਕਤਾ ਉਭਾਰਿਆ ਤੇ ਉਸ ਸਾਲ ਜੋ ਉਭਾਰਿਆ ਉਹ ਸੀ : ਉਦਾਸੀ-ਆਓ ਗੱਲਾਂ ਕਰੀਏ। ਗੱਲਾਂ ਕਰਨ ਨਾਲ, ਦੁੱਖ ਵੰਡਣ ਨਾਲ, ਸਮੱਸਿਆ ਨੂੰ ਦੂਸਰਿਆਂ ਨਾਲ ਵੰਡਣ ਨਾਲ ਉਦਾਸੀ-ਨਿਰਾਸ਼ਾ ਅਤੇ ਖ਼ੁਦਕੁਸ਼ੀ ਵਰਗੇ ਹਾਦਸੇ ਟਾਲੇ ਜਾ ਸਕਦੇ ਹਨ।

ਜੇ ਇਸ ਮੌਜੂਦਾ ਵਿਵਸਥਾ ਨੂੰ, ਅਜੋਕੇ ਸਮੇਂ ਨੂੰ ਕੁਝ-ਕੁ ਦਹਾਕੇ ਪਹਿਲਾਂ ਨਾਲ ਤੁਲਨਾ ਕਰ ਕੇ ਦੇਖੀਏ ਤਾਂ ਕਿਸਾਨਾਂ ਦੀ ਫ਼ਸਲ ਬਰਬਾਦੀ ਦੀ ਦਾਸਤਾਨ ਪਹਿਲਾਂ ਵੀ ਸੀ ਪਰ ਮੁਕਾਬਲਤਨ

(ਬਾਕੀ ਸਫਾ 21 ‘ਤੇ)

# ਖੇਤੀ ਅਤੇ ਸੰਤੁਲਿਤ ਭੋਜਨ ਵਿਚ ਸਬਜ਼ੀਆਂ ਦੀ ਅਹਿਮੀਅਤ



ਡਾ. ਰਣਜੀਤ ਸਿੰਘ

ਇਹ ਮੰਨਿਆ ਜਾਂਦਾ ਹੈ ਕਿ ਦੇਸ਼ ਦੇ ਬਾਕੀ ਲੋਕਾਂ ਨਾਲੋਂ ਪੰਜਾਬੀ ਚੰਗਾ ਖਾਂਦੇ ਅਤੇ ਚੰਗਾ ਪਹਿਨਦੇ ਹਨ ਪਰ ਅੰਕੜੇ ਦੱਸਦੇ ਹਨ ਕਿ ਜਿੱਥੋਂ ਤੱਕ ਸੰਤੁਲਿਤ ਭੋਜਨ ਦਾ ਸਬੰਧ ਹੈ, ਪੰਜਾਬੀ ਵਿਸ਼ੇਸ਼ ਕਰ ਕੇ ਪਿੰਡਾਂ ਦੇ ਲੋਕ ਭਾਰਤ ਦੇ ਬਾਕੀ ਲੋਕਾਂ ਦੇ ਬਰਾਬਰ ਹੀ ਹਨ। ਇਸ ਅਨੁਸਾਰ ਪੰਜਾਬ ਦੀ ਵੀ ਅੱਧੀ ਆਬਾਦੀ ਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ। ਬੱਚਿਆਂ ਅਤੇ ਔਰਤਾਂ ਨੂੰ ਲੋੜੀਂਦੀ ਖ਼ੁਰਾਕ ਨਹੀਂ ਮਿਲਦੀ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬ ਦੇ ਪਿੰਡਾਂ ਦੇ ਵਾਸੀਆਂ ਦੀ ਖ਼ੁਰਾਕ ਵਿਚ ਦੁੱਧ, ਸਬਜ਼ੀਆਂ ਅਤੇ ਫਲਾਂ ਦੀ ਘਾਟ ਹੈ। ਖੇਤੀ ਦੇ ਮਸ਼ੀਨੀਕਰਨ ਤੋਂ ਪਹਿਲਾਂ ਪਿੰਡਾਂ ਦੇ ਲਗਭਗ ਹਰ ਘਰ ਵਿਚ ਲਵੇਰਾ ਹੁੰਦਾ ਸੀ। ਬੇਜ਼ਮੀਨੇ ਖੇਤ-ਕਾਮੇ ਵੀ ਲਵੇਰੇ ਰੱਖਦੇ ਸਨ। ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ ਪੀਣ ਦਾ ਰਿਵਾਜ ਸੀ। ਸਵੇਰੇ ਲੱਸੀ ਤੇ ਮੱਖਣ ਨਾਲ ਰੋਟੀ ਖਾਧੀ ਜਾਂਦੀ ਸੀ। ਹਰ ਕਿਸਾਨ ਖੂਹ ਦੇ ਲਾਗੇ ਕੁਝ ਰਕਬੇ ਵਿਚ ਸਬਜ਼ੀਆਂ ਦੀ ਕਾਸ਼ਤ ਕਰਦਾ ਸੀ। ਗਰਮੀਆਂ ਵਿਚ ਖਰਬੂਜ਼ੇ, ਤਰਾਂ, ਕੱਦੂ, ਕਰੇਲੇ, ਭਿੰਡੀ ਆਦਿ ਦੀ ਬਿਜਾਈ ਕੀਤੀ ਜਾਂਦੀ ਸੀ ਜਦੋਂਕਿ ਸਰਦੀਆਂ ਵਿਚ ਮੂਲੀ, ਗਾਜਰ, ਸ਼ਲਗਮ, ਲਸਣ, ਪਿਆਜ਼, ਸੋਏ, ਸੌਂਫ ਤੇ ਅਜਵਾਇਣ ਦੀ ਬਿਜਾਈ ਹੁੰਦੀ ਸੀ। ਮੂਲੀਆਂ ਤੇ ਸ਼ਲਗਮ ਤਾਂ ਬਰਸੀਮ ਦੀਆਂ ਵੱਟਾਂ ਉੱਤੇ ਹੀ ਬੀਜ ਦਿੱਤੇ ਜਾਂਦੇ ਸਨ। ਉਦੋਂ ਹਲਟ ਨਾਲ ਸਿੰਜਾਈ ਹੋਣ ਕਰ ਕੇ ਕਿਆਰੇ ਛੋਟੇ ਬਣਾਏ ਜਾਂਦੇ ਸਨ।

ਹੁਣ ਤਾਂ ਕਈ ਘਰਾਂ ਨੇ ਲਵੇਰੇ ਰੱਖਣੇ ਹੀ ਬੰਦ ਕਰ ਦਿੱਤੇ ਹਨ ਜਿਹੜੇ ਰੱਖਦੇ ਵੀ ਹਨ, ਉਹ ਚਾਹ ਜੋਗਾ ਦੁੱਧ ਰੱਖ ਕੇ ਬਾਕੀ ਦੋਧੀ ਨੂੰ ਪਾ ਦਿੰਦੇ ਹਨ। ਸਬਜ਼ੀਆਂ ਬੀਜਣ ਦਾ ਤਾਂ ਰਿਵਾਜ ਘਟ ਰਿਹਾ ਹੈ। ਪੰਜਾਬੀਆਂ ਵਿਚ ਵਧ ਰਹੀਆਂ ਬਿਮਾਰੀਆਂ ਦਾ ਇੱਕ ਕਾਰਨ ਇਹ ਵੀ ਹੈ, ਇਸ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਹਾੜ੍ਹੀ ਦੀਆਂ ਸਬਜ਼ੀਆਂ ਦੀ ਬਿਜਾਈ ਦਾ ਸਮਾਂ ਆ ਰਿਹਾ ਹੈ। ਇਸ ਵਾਰ ਜ਼ਰੂਰ ਕੁਝ ਰਕਬੇ ਵਿਚ ਕਾਸ਼ਤ ਕਰੋ। ਪੂਰੇ ਖ਼ੁਰਾਕੀ ਤੱਤ ਤਾਜ਼ੀਆਂ ਅਤੇ ਜ਼ਹਿਰਾਂ ਰਹਿਤ ਸਬਜ਼ੀਆਂ ਤੋਂ ਹੀ ਪ੍ਰਾਪਤ ਹੁੰਦੇ ਹਨ। ਸਬਜ਼ੀਆਂ ਦੀ ਬਿਜਾਈ ਚੰਗੀ ਤਰ੍ਹਾਂ ਤਿਆਰ ਕੀਤੇ ਖੇਤ ਵਿਚ ਕਰਨੀ ਚਾਹੀਦੀ ਹੈ। ਰੂੜੀ ਦੀ ਵਰਤੋਂ ਜ਼ਰੂਰੀ ਹੈ। ਖੇਤ ਤਿਆਰ ਕਰਦੇ ਸਮੇਂ 10 ਕੁ ਟਨ ਦੇਸੀ ਰੂੜੀ ਪ੍ਰਤੀ ਏਕੜ ਪਾਈ ਜਾਵੇ। ਨਦੀਨਾਂ ਦੀ ਰੋਕਥਾਮ ਲਈ ਗੋਡੀ ਕੀਤੀ ਜਾਵੇ ਕੋਸ਼ਿਸ਼ ਕਰੋ ਕਿ ਨਦੀਨਨਾਸ਼ਕਾਂ ਦੀ ਵਰਤੋਂ ਨਾ ਕੀਤੀ ਜਾਵੇ।

ਪੰਜਾਬੀ ਲਈ ਠੰਢ ਵਿਚ ਮਟਰ ਸਭ ਤੋਂ ਵਧ ਪਸੰਦ ਕੀਤੀਆਂ ਜਾਣ ਵਾਲੀਆਂ ਸਬਜ਼ੀਆਂ ਵਿਚੋਂ ਇੱਕ ਹੈ। ਅਗੇਤੀ ਫ਼ਸਲ ਦੀ ਬਿਜਾਈ ਸਤੰਬਰ ਦੇ ਅਖ਼ੀਰ ਵਿਚ ਕੀਤੀ ਜਾ ਸਕਦੀ ਹੈ। ਮਟਰ ਅਗੇਤ-7, ਮਟਰ ਅਗੇਤ-6 ਅਤੇ ਅਰਕਲ ਏਪੀ 3 ਅਗੇਤੀਆਂ ਕਿਸਮਾਂ ਹਨ। ਜੇ ਅਕਤੂਬਰ ਦੇ ਅੱਧ ਵਿਚ ਬਿਜਾਈ ਕੀਤੀ ਜਾਵੇ ਤਾਂ ਬਿਮਾਰੀਆਂ ਦਾ ਹਮਲਾ ਘੱਟ ਹੁੰਦਾ ਹੈ। ਇਸ ਮੌਸਮ ਵਿਚ ਪੰਜਾਬ 89 ਅਤੇ ਮਿੱਠੀ ਫ਼ਲੀ ਸਿਫ਼ਾਰਸ਼ ਕੀਤੀ ਗਈ ਹੈ। ਅਗੇਤੀ ਬਿਜਾਈ ਲਈ 45 ਕਿਲੋ ਅਤੇ ਮੁੱਖ ਸਮੇਂ ਲਈ 30 ਕਿਲੋ ਬੀਜ ਵਰਤਿਆ ਜਾਵੇ। ਬਿਜਾਈ ਸਮੇਂ ਅਗੇਤੀਆਂ ਕਿਸਮਾਂ ਦੀ ਬਿਜਾਈ 30×7.5 ਸੈਂਟੀਮੀਟਰ ਦੇ ਫ਼ਾਸਲੇ ਉੱਤੇ ਅਤੇ ਮੁੱਖ ਸਮੇਂ ਦੀ ਬਿਜਾਈ ਸਮੇਂ 30×10 ਸੈਂਟੀਮੀਟਰ ਫ਼ਾਸਲੇ ਤੇ ਕੀਤੀ ਜਾਵੇ। ਬੀਜ ਨੂੰ ਬੀਜਣ ਤੋਂ ਪਹਿਲਾਂ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਗਾਇਆ ਜਾਵੇ। ਮਟਰ ਧਰਤੀ ਦੀ ਸਿਹਤ ਵਿਚ ਸੁਧਾਰ ਕਰਦੇ ਹਨ। ਫਿਰ ਵੀ ਬਿਜਾਈ ਸਮੇਂ 45 ਕਿਲੋ ਯੂਰੀਆ ਅਤੇ 155 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਪਾਈ ਜਾਵੇ। ਮਟਰਾਂ ਦੀ ਬਿਜਾਈ ਤੋਂ ਇਕ ਮਹੀਨੇ ਪਿੱਛੋਂ ਤੇ ਫਿਰ ਦੂਜੇ ਮਹੀਨੇ ਗੋਡੀ ਜ਼ਰੂਰ ਕਰੋ। ਬਿਜਾਈ ਤੋਂ ਤਿੰਨ ਮਹੀਨਿਆਂ ਪਿੱਛੋਂ ਪਹਿਲੀ ਤੁੜਾਈ ਕੀਤੀ ਜਾ ਸਕਦੀ ਹੈ। ਇਕ ਏਕੜ ਵਿਚੋਂ 60 ਕੁਇੰਟਲ ਤਕ ਹਰੀਆਂ ਫ਼ਲੀਆਂ ਪ੍ਰਾਪਤ ਹੋ ਸਕਦੀਆਂ ਹਨ।



ਗੋਭੀ ਦੀ ਪਨੀਰੀ ਪੁੱਟ ਕੇ ਵੀ ਇਸੇ ਮਹੀਨੇ ਖੇਤ ਵਿਚ ਲਗਾਈ ਜਾ ਸਕਦੀ ਹੈ। ਪਨੀਰੀ ਲਗਾਉਣ ਸਮੇਂ ਬੂਟਿਆਂ ਅਤੇ ਲਾਈਨਾਂ ਵਿਚਕਾਰ 45 ਸੈਂਟੀਮੀਟਰ ਫ਼ਾਸਲਾ ਰੱਖਿਆ ਜਾਵੇ। ਬਿਜਾਈ ਸਮੇਂ 50 ਕਿਲੋ ਯੂਰੀਆ, 155 ਕਿਲੋ ਸੁਪਰਫਾਸਫੇਟ ਅਤੇ 40 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਈ ਜਾਵੇ। ਇਕ ਮਹੀਨੇ ਪਿੱਛੋਂ ਲੋੜ ਅਨੁਸਾਰ ਹੋਰ ਯੂਰੀਆ ਪਾਇਆ ਜਾ ਸਕਦਾ ਹੈ। ਪਨੀਰੀ ਲਗਾਉਣ ਤੋਂ ਤੁਰੰਤ ਪਿੱਛੋਂ ਪਾਣੀ ਦਿੱਤਾ ਜਾਵੇ। ਬੰਦ ਗੋਭੀ ਦੀ ਲੁਆਈ ਵੀ ਇਸੇ ਤਰ੍ਹਾਂ ਕੀਤੀ ਜਾ ਸਕਦੀ ਹੈ। ਬਰੌਕਲੀ ਦੇ ਵੀ ਕੁਝ ਬੂਟੇ ਜ਼ਰੂਰ ਲਗਾਉਣੇ ਚਾਹੀਦੇ ਹਨ। ਇਸ ਵਿਚ ਵਿਟਾਮਿਨ, ਲੋਹਾ ਅਤੇ ਕੈਲਸ਼ੀਅਮ ਹੁੰਦੇ ਹਨ। ਪੰਜਾਬ ਬਰੌਕਲੀ-1 ਅਤੇ ਪਾਲਮ ਸਮਰਿਧੀ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਇਸ ਦੀ ਲੁਆਈ ਵੀ ਗੋਭੀ ਵਾਂਗ ਹੀ ਕੀਤੀ ਜਾਂਦੀ ਹੈ।

ਗਾਜਰ, ਮੂਲੀ ਸ਼ਲਗਮ ਜੜ੍ਹਾਂ ਵਾਲੀਆਂ ਹਨ। ਗਾਜਰ ਅਤੇ ਸ਼ਲਗਮ ਦੀ ਵਰਤੋਂ ਸਬਜ਼ੀ ਲਈ ਜਦੋਂਕਿ ਮੂਲੀ ਨੂੰ ਸਲਾਦ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਗਾਜਰ ਦਾ ਰਸ ਅਤੇ ਗਾਜਰਪਾਕ ਮਠਿਆਈ ਵੀ ਬਣਾਈ ਜਾਂਦੀ ਹੈ। ਗਾਜਰ ਅਤੇ ਸ਼ਲਗਮ ਦਾ ਆਚਾਰ ਵੀ ਪਇਆ ਜਾਂਦਾ ਹੈ। ਪੰਜਾਬ ਕੈਰਟ ਰੈਂਡ, ਪੀਸੀ 161, ਪੰਜਾਬ ਬਲੈਕ ਬਿਊਟੀ ਅਤੇ ਪੀਸੀ-34 ਗਾਜਰ ਦੀਆਂ ਉੱਨਤ ਕਿਸਮਾਂ ਹਨ। ਗਾਜਰ ਦਾ ਇੱਕ ਏਕੜ ਵਿਚ ਪੰਜ ਕਿਲੋ ਬੀਜ ਪਾਇਆ ਜਾਵੇ। ਐਲ-1 ਸ਼ਲਗਮ ਦੀ ਸਿਫ਼ਾਰਸ਼ ਕੀਤੀ ਕਿਸਮ ਹੈ। ਸ਼ਲਗਮ ਦਾ ਇੱਕ ਏਕੜ ਵਿਚ ਦੋ ਕਿਲੋ ਬੀਜ ਪਾਇਆ ਜਾਵੇ। ਮੂਲੀ ਦੀ ਤਾਂ ਹੁਣ ਸਾਰਾ ਸਾਲਾ ਕਾਸ਼ਤ ਕੀਤੀ ਜਾ ਸਕਦੀ ਹੈ। ਹੁਣ ਪੰਜਾਬ ਪਸੰਦ, ਜਪਾਨੀ ਵਾਈਟ ਅਤੇ ਆਰ ਬੀ-21 ਕਿਸਮਾਂ ਦੀ ਬਿਜਾਈ ਕੀਤੀ ਜਾਵੇ। ਇਸ ਦਾ ਵੀ ਪੰਜ ਕਿਲੋ ਬੀਜ ਪ੍ਰਤੀ ਏਕੜ ਪਾਇਆ ਜਾਵੇ। ਜਿਵੇਂ ਪਹਿਲਾਂ ਲਿਖਿਆ ਸੀ, ਸਬਜ਼ੀਆਂ ਲਈ ਦੇਸੀ ਰੂੜੀ ਜ਼ਰੂਰੀ ਹੈ। ਫਿਰ ਵੀ ਬਿਜਾਈ ਸਮੇਂ 55 ਕਿਲੋ ਯੂਰੀਆ ਅਤੇ 75 ਕਿਲੋ ਸੁਪਰ ਫਾਸਫੇਟ ਪ੍ਰਤੀ ਏਕੜ ਪਾਇਆ ਜਾਵੇ। ਹਰੇ ਪੱਤਿਆਂ ਵਾਲੀਆਂ ਸਬਜ਼ੀਆਂ ਵਿਚ ਵਧੇਰੇ ਖ਼ੁਰਾਕੀ ਤੱਤ ਹੁੰਦੇ ਹਨ। ਇਨ੍ਹਾਂ ਵਿਚ ਪਾਲਕ, ਮੇਥੀ, ਸਲਾਦ ਅਤੇ ਧਨੀਆ ਮੁੱਖ ਹਨ। ਪਾਲਕ ਦੀ ਬਿਜਾਈ ਵੀ ਹੁਣ ਕੀਤੀ ਜਾ ਸਕਦੀ ਹੈ। ਪੰਜਾਬ ਗਰੀਨ ਕਿਸਮ ਬੀਜਣੀ ਚਾਹੀਦੀ ਹੈ। ਇਕ ਏਕੜ ਵਿਚ ਪੰਜ ਕਿਲੋ ਬੀਜ ਪਾਇਆ ਜਾਵੇ। ਪੰਜਾਬੀ ਸਲਾਦ ਦੀ ਬਹੁਤ ਘੱਟ ਵਰਤੋਂ ਕਰਦੇ ਹਨ। ਇਸ ਦੇ ਕੁਝ ਬੂਟੇ ਘਰ ਵਿਚ ਜ਼ਰੂਰ ਲਗਾਏ ਜਾਣ। ਕਸੂਰੀ ਸੁਪਰੀਮ ਕਸੂਰੀ ਮੇਥੀ ਦੀ ਸਿਫ਼ਾਰਸ਼ ਕੀਤੀ ਕਿਸਮ ਹੈ। ਧਨੀਆ ਵੀ ਜ਼ਰੂਰ ਬੀਜੋ, ਪਹਿਲਾਂ ਹਰੇ ਪਤਿਆਂ ਦੀ ਵਰਤੋਂ ਕਰੋ ਪੱਕਣ ’ਤੇ ਇਸ ਦਾਣੇ ਪ੍ਰਾਪਤ ਕਰੋ। ਪੰਜਾਬ ਸੁਗੰਧ ਸਿਫ਼ਾਰਸ਼ ਕੀਤੀ ਕਿਸਮ ਹੈ। ਕੁਝ ਰਕਬੇ ਵਿਚ ਲਸਣ ਵੀ ਜ਼ਰੂਰ ਬੀਜੋ। ਇਸ ਦੀ ਬਿਜਾਈ ਤੁਰੀਆਂ ਨਾਲ ਕੀਤੀ ਜਾਂਦੀ ਹੈ। ਪੀਜੀ-18 ਅਤੇ ਪੀਜੀ-17 ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਤੁਰੀਆਂ ਲਗਾਉਂਦੇ ਸਮੇਂ ਲਾਈਨਾਂ ਵਿਚਕਾਰ 15 ਅਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਦਾ ਫ਼ਾਸਲ ਰੱਖੋ।

ਚੀਨੀ ਬੰਦ ਗੋਭੀ ਅਜਿਹੀ ਸਬਜ਼ੀ ਹੈ ਜਿਸ ਦਾ ਸਾਗ ਵਧੀਆ ਬਣਦਾ ਹੈ। ਪੰਜਾਬ ਵਿਚ ਕਾਸ਼ਤ ਲਈ ਸਾਗ ਸਰਸੋਂ ਅਤੇ ਚੀਨੀ ਸਰ੍ਹੋਂ-1 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਕ ਮਹੀਨੇ ਪਿੱਛੋਂ ਪੱਤਿਆਂ ਦੀ ਪਹਿਲੀ ਤੁੜਾਈ ਕੀਤੀ ਜਾ ਸਕਦੀ ਹੈ। ਇਸ ਦੀਆਂ ਅੱਠ ਕੁ ਤੁੜਾਈਆਂ ਕੀਤੀਆਂ ਜਾ ਸਕਦੀਆਂ ਹਨ। ਇਕ ਏਕੜ ਵਿਚੋਂ ਕਰੀਬ 200 ਕੁਇੰਟਲ ਤਕ ਸਾਗ ਪ੍ਰਾਪਤ ਕੀਤਾ ਜਾ ਸਕਦਾ ਹੈ। ਖਾਦਾਂ ਅਤੇ ਖੇਤ ਦੀ ਤਿਆਰੀ ਵਾਂਗ ਹੀ ਕੀਤੀ ਜਾਵੇ। ਉਮੀਦ ਕਰਦੇ ਹਾਂ ਕਿ ਇਸ ਵਾਰ ਕੁਝ ਰਕਬੇ ਵਿਚ ਸਬਜ਼ੀ ਕਾਸ਼ਤ ਜ਼ਰੂਰ ਕੀਤੀ ਜਾਵੇਗਾ।

Zee foods llc

ਜ਼ੀ ਫੂਡ ਐਲ. ਐਲ. ਸੀ. ਵੱਲੋਂ
ਹਰ ਕਿਸਮ ਦੇ ਸਵਾਦ ਅਤੇ ਫਲੇਵਰ ਵਿਚ
ਕੁਲਫੀਆਂ ਅਤੇ ਆਈਸਕ੍ਰੀਮ




ਹਰ ਤਰ੍ਹਾਂ ਦੇ ਛੋਟੇ-ਵੱਡੇ ਪੈਕਟਾਂ ਵਿਚ ਮਿਲ ਸਕਦੀਆਂ ਹਨ
ਸੰਪਰਕ ਕਰੋ- ਅਕਰਮ ਖਾਨ (ਜਲੰਧਰ ਵਾਲੇ)
1 (510) 453-1757

# ਭਾਰਤੀ ਅਰਥਚਾਰੇ ਪ੍ਰਤੀ ਆਸ਼ਾ ਤੇ ਨਿਰਾਸ਼ਾ ਦੇ ਪਸਾਰ



ਟੀਐੱਨ ਨੈਨਾਨ

ਇਕ ਸਮਾਂ ਹੁੰਦਾ ਸੀ ਜਦੋਂ ਅੱਛੇ ਖਾਸੇ ਸਮੀਖਿਅਕ ਲੜਖੜਾਉਂਦੇ ਭਾਰਤੀ ਅਰਥਚਾਰੇ ਬਾਬਤ ਕਿਹਾ ਕਰਦੇ ਸਨ ਕਿ ਵਕਤੀ ਤੌਰ ‘ਤੇ ਭਾਵੇਂ ਉਹ ਇਸ ਬਾਰੇ ਨਾਉਮੀਦ ਹਨ ਪਰ ਦੀਰਘਕਾਲ ਰੂਪ ਵਿਚ ਆਸਵੰਦ ਹਨ। ਹੁਣ ਇਸ ਨਜ਼ਰੀਏ ਨੂੰ ਉਲਟਾ ਗੇੜ ਆ ਗਿਆ ਜਾਪਦਾ ਹੈ। ਬਹੁਤੇ ਲੋਕ ਵਕਤੀ ਤੌਰ ‘ਤੇ ਆਸਵੰਦ ਬਣ ਗਏ ਹਨ ਪਰ ਦੀਰਘਕਾਲ ਲਿਹਾਜ਼ ਤੋਂ ਨਾਉਮੀਦ ਹੋ ਗਏ ਹਨ। ਤੁਸੀਂ ਇਹ ਦਲੀਲ ਦੇ ਸਕਦੇ ਹੋ ਕਿ ਜੇ ਅਸੀਂ ਅਲਪਕਾਲ ਦੀਆਂ



ਕੜੀਆਂ ਨੂੰ ਸੰਭਾਲ ਲਈਏ ਤਾਂ ਦੀਰਘਕਾਲ ਵੀ ਆਪਣੇ ਆਪ ਸੁਧਰ ਜਾਵੇਗਾ। ਪਰ ਇਸ ਦਲੀਲ ‘ਤੇ ਗ਼ੌਰ ਫਰਮਾਓ।

ਭਾਰਤੀ ਅਰਥਚਾਰਾ ਇਸ ਵਕਤ ਜ਼ਾਹਰਾ ਤੌਰ ‘ਤੇ ਬਹੁਤ ਚੰਗੀ ਕਾਰਗੁਜ਼ਾਰੀ ਦਿਖਾ ਰਿਹਾ ਹੈ। ਵੱਡੇ ਅਰਥਚਾਰਿਆਂ ’ਚੋਂ ਇਹ ਉਦੋਂ ਸਭ ਤੋਂ ਤੇਜ਼ ਰਫ਼ਤਾਰ ਨਾਲ ਵਿਕਾਸ ਕਰਨ ਵਾਲਾ ਅਰਥਚਾਰਾ ਹੈ (ਜਿਵੇਂ ਕਿ ਇਹ ਇਕ ਵਾਰ ਪਹਿਲਾਂ ਵੀ ਥੋੜ੍ਹੀ ਦੇਰ ਲਈ ਬਣਿਆ ਰਿਹਾ ਹੈ) ਜਦੋਂ ਜਪਾਨੀ ਤੇ ਬਰਤਾਨਵੀ ਅਰਥਚਾਰੇ ਸੁੰਗੜ ਰਹੇ ਹਨ। ਇਵੇਂ ਹੀ ਸੱਜਰੀ ਤਿਮਾਹੀ ਤੱਕ ਅਮਰੀਕੀ ਅਰਥਚਾਰੇ ਵਿਚ ਇਹ ਰੁਝਾਨ ਦੇਖਣ ਨੂੰ ਮਿਲਿਆ ਹੈ ਅਤੇ ਯੂਰੋ ਖਿੱਤੇ ਦਾ ਅਰਥਚਾਰਾ ਚਪਾਤੀ ਵਾਂਗ ਸਪਾਟ ਹੈ। ਪੱਛਮ ਦੇ ਮੋਹਰੀ ਅਰਥਚਾਰਿਆਂ ਦੇ ਮੁਕਾਬਲੇ ਭਾਰਤ ਅੰਦਰ ਮਹਿੰਗਾਈ ਦਰ ਵੀ ਨਿਸਬਤਨ ਨੀਵੀਂ ਹੈ। ਵਪਾਰਕ ਮੁਹਾਜ਼ ‘ਤੇ ਭਾਰਤ ਦਾ ਚਲੰਤ ਖਾਤਾ ਘਾਟਾ ਅਮਰੀਕਾ ਜਾਂ ਬਰਤਾਨੀਆ ਨਾਲੋਂ ਘੱਟ ਚਲਦਾ ਆ ਰਿਹਾ ਹੈ। ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਵਿਚ ਗਿਰਾਵਟ ਹੋਰਨਾਂ ਕਰੰਸੀਆਂ ਨਾਲੋਂ ਘੱਟ ਆਈ ਹੈ। ਇਸ ਲਈ ਇਹ ਵਰਤਾਰਾ ਮਹਿਜ਼ ਵਿਕਾਸ ਦੀ ਕਹਾਣੀ ਤੱਕ ਸੀਮਤ ਨਹੀਂ ਹੈ ਸਗੋਂ ਆਰਥਿਕ ਸਥਿਰਤਾ ਦੇ ਲਿਹਾਜ਼ ਤੋਂ ਵੀ ਹੋਰਨਾਂ ਵੱਡੇ ਅਰਥਚਾਰਿਆਂ ਦੇ ਮੁਕਾਬਲੇ ਭਾਰਤ ਦੀ ਕਾਰਗੁਜ਼ਾਰੀ ਬਿਹਤਰ ਰਹੀ ਹੈ ਜੋ ਕਿ ਲਾਜ਼ਮੀ ਤੌਰ ‘ਤੇ ਪਹਿਲੀ ਵਾਰ ਹੋਇਆ ਹੈ। ਚੀਨ ਕਾਫ਼ੀ ਲੰਮੇ ਅਰਸੇ ਤੋਂ ਭਾਰਤ ‘ਤੇ ਹਾਵੀ ਰਿਹਾ ਹੈ ਪਰ ਹੁਣ ਇਸ ਦੇ ਵਿਕਾਸ ਦੀ ਗਤੀ ਮੱਠੀ ਪੈਂਦੀ ਜਾ ਰਹੀ ਹੈ। ਇਸ ਦੇ ਅਰਥਚਾਰੇ ਦੇ ਵਿਕਾਸ ਦੀ ਦਰ ਭਾਰਤ ਨਾਲੋਂ ਅੱਧੀ ਰਹਿਣ ਦਾ ਅਨੁਮਾਨ ਹੈ ਅਤੇ ਇਹ ਢਾਂਚਾਗਤ ਖ਼ਾਸਕਰ ਵਿੱਤੀ ਖੇਤਰ ਦੀਆਂ ਸਮੱਸਿਆਵਾਂ ਵਿਚ ਘਿਰਿਆ ਹੋਇਆ ਹੈ। ਭਾਰਤ ਨੇ ਤਜਰਬੇ ਤੋਂ ਸਬਕ ਸਿੱਖ ਲਿਆ ਸੀ ਕਿ ਨੁਕਸਾਨੀਆਂ ਬੈਲੈਂਸ ਸ਼ੀਟਾਂ ਨੂੰ ਠੀਕ ਕਰਨ ਲਈ ਕਿੰਨਾ ਸਮਾਂ ਲੱਗ ਸਕਦਾ ਹੈ। ਇਸ ਦੌਰਾਨ, ਜਪਾਨ ਇਕ ਵੱਖਰੀ ਤਰ੍ਹਾਂ ਦੀ ਕਾਰਗੁਜ਼ਾਰੀ ਦਰਸਾ ਰਿਹਾ ਹੈ ਜਿੱਥੇ ਮਹਿੰਗਾਈ ਦਰ ਨੀਵੀਂ ਹੈ ਤੇ ਦੀਰਘਕਾਲੀ ਚਲੰਤ ਖਾਤਾ ਸਰਪਲੱਸ ਹੈ ਪਰ ਇਸ ਵਿਚ ਗਤੀਸ਼ੀਲਤਾ ਦੀ ਘਾਟ ਰੜਕ ਰਹੀ ਹੈ। ਇੰਝ ਇਹ ਕਹਿਣ ਦੀ ਲੋੜ ਨਹੀਂ ਕਿ ਭਾਵੇਂ ਭਾਰਤ ਦੀ ਪ੍ਰਤੀ ਜੀਅ ਆਮਦਨ ਬਹੁਤ ਹੀ ਘੱਟ ਹੈ ਪਰ ਇਨ੍ਹਾਂ ਸਾਰੇ ਮੁਲਕਾਂ ਦੇ ਮੁਕਾਬਲੇ ਇਹ ਵਿਕਾਸ ਦੇ ਇਕ ਵੱਖਰੇ ਪੱਧਰ ‘ਤੇ ਚੱਲ ਰਿਹਾ ਹੈ। ਪਰ ਜੇ ਨੇੜ ਭਵਿੱਖ ਦੇ ਲਿਹਾਜ਼ ਤੋਂ ਵੇਖਿਆ ਜਾਵੇ ਤਾਂ ਇਸ ਦੀ ਆਰਥਿਕ ਵਿਕਾਸ ਦਰ ਆਲਮੀ ਔਸਤ ਨਾਲੋਂ ਦੁੱਗਣੀ ਹੋ ਸਕਦੀ ਹੈ ਹਾਲਾਂਕਿ ਰਿਜ਼ਰਵ ਬੈਂਕ ਦਾ ਬਹੁਤਾ ਜ਼ੋਰ ਮਹਿੰਗਾਈ ਦਰ

(ਬਾਕੀ ਸਫਾ 21 ‘ਤੇ)

# ਸੰਚਾਰ ਸਾਧਨ, ਅਸੰਵੇਦਨਸ਼ੀਲਤਾ ਤੇ ਵਧ ਰਿਹਾ ਹਿੰਸਕ ਵਰਤਾਰਾ




ਡਾ. ਸੁਖਦੇਵ ਸਿੰਘ

ਕਤਲ ਦੇ ਟੈਲੀਵਿਜ਼ਨ ਸੀਰੀਅਲ ਵਿੱਚ ਦਿਖਾਏ ਢੰਗ ਦੀ ਤਰਜ਼ 'ਤੇ ਦਿੱਲੀ ਵਿੱਚ 28 ਸਾਲਾ ਨੌਜੁਆਨ ਵੱਲੋਂ ਆਪਣੀ 26 ਸਾਲਾ ਮਹਿਲਾ ਮਿੱਤਰ ਦੀ ਹੱਤਿਆ ਉਪ੍ਰੰਤ ਉਸ ਦੇ ਸਰੀਰ ਨੂੰ 35 ਟੁਕੜਿਆਂ ਵਿੱਚ ਵੱਢ ਕੇ ਫਰਿੱਜ ਵਿੱਚ ਲਗਾ ਦੇਣ ਅਤੇ ਹਰ ਰਾਤ ਇੱਕ ਟੁਕੜੇ ਨੂੰ ਮਹਿਰੌਲੀ ਵੱਲ ਜੰਗਲ ਵਿੱਚ ਸੁੱਟੀ ਜਾਣ ਅਤੇ ਪੰਜ ਮਹੀਨੇ ਏਸ ਜੁਰਮ ਦੀ ਭਿਣਕ ਨਾ ਪੈਣ ਦੇਣ ਦੀ ਖ਼ਬਰ ਨੇ ਦੇਸ਼ ਵਿੱਚ ਫੈਲ ਰਹੀ ਅਸੰਵੇਦਨਸ਼ੀਲਤਾ ਤੇ ਬਰਬਰਤਾ ਦੀ ਸਿਖਰ ਦੇ ਸੰਕੇਤ ਵਲ ਧਿਆਨ ਖਿਚਿਆ ਹੈ। ਦੋਸ਼ੀ ਨੇ ਪੜਤਾਲ ਦੌਰਾਨ ਮੰਨਿਆ ਕਿ ਉਸ ਨੇ ਇਹ ਅੱਤ ਅਸੰਵੇਦਨਸ਼ੀਲ ਕਾਰਾ ਅਮਰੀਕਾ ਦੀ ਜੁਰਮ ਸੀਰੀਜ਼ 'ਡੈਕਸਟਰ' ਨੂੰ ਦੇਖ ਕੇ ਕੀਤਾ ਜਿਸ ਵਿੱਚ ਇਕ ਸੀਰੀਅਲ ਕਿਲਰ ਏਸ ਤਰ੍ਹਾਂ ਦੇ ਜੁਰਮ ਕਰਦਾ ਹੈ।

ਨਾਵਲਕਾਰ ਜੈਫ ਲਿੰਡਸੇ ਦੇ ਨਾਵਲ 'ਡਾਰਕਲੀ ਡਰੀਮਿੰਗ ਡੈਕਸਟਰ' ਉਤੇ ਅਧਾਰਿਤ ਅਕਤੂਬਰ 2006 ਤੋਂ ਸੰਤਬਰ 2013 ਤੱਕ ਚੱਲੇ ਏਸ ਟੀਵੀ ਲੜੀਵਾਰ ਦੇ ਪ੍ਰਭਾਵ ਹੇਠ ਅਮਰੀਕਾ, ਕੈਨੇਡਾ, ਸਪੇਨ, ਬਰਤਾਨੀਆ, ਨਾਰਵੇ ਦੇਸ਼ਾਂ ਵਿੱਚ ਕਈ ਨੌਜੁਆਨਾਂ ਤੇ ਅੱਲ੍ਹੜ ਲੜਕਿਆਂ ਨੇ ਆਪਣੀਆਂ ਪ੍ਰੇਮਿਕਾਵਾਂ ਨੂੰ ਅਸੱਭਿਅਕ ਢੰਗਾਂ ਨਾਲ ਮਾਰ ਕੇ ਸਰੀਰਕ ਅੰਗਾਂ ਨੂੰ ਪਲਾਸਟਿਕ ਲਿਫਾਫੇ ਆਦਿ ਵਿੱਚ ਵਲੇਟ ਕੇ ਰੱਖਿਆ ਜਾਂ ਸੁੱਟਿਆ। ਮਹਿਰੌਲੀ ਕੇਸ ਦੀ ਛਾਣਬੀਣ ਤੋਂ ਪਤਾ ਚਲਦਾ ਹੈ ਕਿ ਮ੍ਰਿਤਕ ਲੜਕੀ ਖੁਦ ਵੀ ਖੁੱਲ੍ਹਾ ਤੇ ਆਪਣੀ ਮਰਜ਼ੀ ਦਾ ਜੀਵਨ ਜੀਣਾ ਚਹੁੰਦੀ ਸੀ। ਉਹ ਅਮਰੀਕਨ ਟੀਵੀ ਸੀਰੀਅਲ 'ਫਰੈਂਡ' ਦੀ ਫੈਨ ਸੀ, ਜਿਸ ਵਿੱਚ ਛੇ ਮਿੱਤਰ ਲੜਕੇ-ਲੜਕੀਆਂ ਖੁੱਲ੍ਹਾ ਜੀਵਨ ਬਤੀਤ ਕਰਦੇ ਦਿਖਾਏ ਗਏ ਸਨ। ਏਸੇ ਕਰਕੇ ਸ਼ਾਇਦ ਪਰਿਵਾਰ ਦੇ ਮਨ੍ਹਾ ਕਰਨ ਨੂੰ ਦਰਕਿਨਾਰ ਕਰ ਕੇ ਆਪਣੇ ਮਿਤਰ ਨਾਲ ਲਿਵ-ਇਨ-ਰਿਲੇਸ਼ਨ ਵਜੋਂ ਰਹਿਣ ਲਗ ਪਈ। ਟੀਵੀ 'ਤੇ ਹੋਰ ਮਾਡਰਨ ਸੰਚਾਰ ਸਾਧਨਾਂ ਦੇ ਮੱਨੁਖੀ ਜੀਵਨ 'ਤੇ ਪ੍ਰਭਾਵਾਂ ਬਾਰੇ ਖੋਜਾਂ ਤੇ ਸੰਬਧਤ ਲਿਖਤਾਂ

ਇਸ਼ਾਰਾ ਕਰਦੀਆਂ ਹਨ ਕਿ ਮੱਨੁਖੀ ਵਰਤਾਰਾ ਸੰਚਾਰ ਦੇ ਅਜੋਕੇ ਸਾਧਨਾਂ ਕਰਕੇ ਵੱਡੀ ਪੱਧਰ 'ਤੇ ਬਦਲਿਆ ਹੈ ਅਤੇ ਬਦਲ ਰਿਹਾ ਹੈ, ਜਿਸਦੇ ਹਾਂਪੱਖੀ ਤੇ ਨਾਂਹਪੱਖੀ ਨਤੀਜੇ ਸਾਹਮਣੇ ਆ ਰਹੇ ਹਨ।

ਸੰਚਾਰ ਅਤੇ ਅੰਤਰਕਾਰਜ ਮਨੁੱਖੀ ਜੀਵਨ ਦਾ ਧੁਰਾ ਹਨ। ਕਬਾਇਲੀ ਤੇ ਅੱਤ-ਸਰਲ ਸਮਾਜਾਂ ਵਿੱਚ ਇਸ਼ਾਰਿਆ, ਬੋਲੀਆਂ ਤੇ ਫੇਰ ਲਿਖਤ ਭਾਸ਼ਾਵਾਂ ਵਿੱਚ ਸੰਚਾਰ ਪ੍ਰਰਿਆਵਾਂ ਦੀ ਸ਼ੁਰੂਆਤ ਹੋਈ ਪਰ ਸੰਚਾਰ ਵਧੇਰੇ ਕਰਕੇ ਸਥਾਨਕ ਪੱਧਰੀ ਸੀ। ਮਨੁੱਖੀ ਵਿਕਾਸ ਤੇ ਕੁਦਰਤ ਨੂੰ ਹੋਰ ਜਾਣਨ ਅਤੇ ਕੰਟਰੋਲ ਕਰਨ ਦੀ ਉਤਸੁਕਤਾ ਨੇ ਸਾਇੰਸ ਤੇ ਤਕਨਾਲੋਜੀ ਨੂੰ ਜਨਮ ਦਿੱਤਾ। ਅਠਾਰ੍ਹਵੀਂ ਸਦੀ ਦੌਰਾਨ ਇੰਗਲੈਂਡ ਵਿੱਚ ਉਪਜੇ ਉਦਯੋਗਿਕ ਇਨਕਲਾਬ ਨੇ ਦੁਨੀਆਂ ਵਿੱਚ ਮਨੁੱਖੀ ਜੀਵਨ ਨੂੰ ਤੇਜ਼ੀ ਨਾਲ ਬਦਲਣਾ ਸ਼ੁਰੂ ਕੀਤਾ ਅਤੇ ਤਕਨਾਲੋਜੀ ਤੋਂ ਬਿਨਾਂ ਜੀਵਨ ਅਧੂਰਾ ਲੱਗਣ ਲਗਾ। ਟੈਲੀਫੋਨ, ਰੇਡੀਉ ਤੋਂ ਸ਼ੁਰੂ ਹੋ ਕੇ ਟੈਲੀਵਿਜ਼ਨ, ਇੰਟਰਨੈਟ, ਫਿਲਮਾਂ, ਅਖਬਾਰਾਂ, ਰਸਾਲੇ ਤੇ ਹੋਰ ਸੋਸ਼ਲ ਮੀਡੀਆ ਦੀ ਆਮਦ ਨੇ ਮਨੁੱਖੀ ਜੀਵਨ ਤੇ ਵਰਤਾਰੇ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਮਿਥਿਹਾਸਕ ਕਥਾਵਾਂ, ਧਾਰਮਿਕ ਲਿਖਤਾਂ, ਕਹਾਣੀਆਂ, ਕਿੱਸੇ ਸੁਣਨ ਅਤੇ ਬਾਤਾਂ, ਬੁਝਾਰਤਾਂ, ਬੋਲੀਆਂ ਆਦਿ ਦੇ ਪਰਿਵਾਰ ਤੇ ਪਿੰਡ ਪੱਧਰੀ ਮਨਪ੍ਰਚਾਵੇ ਦੀ ਥਾਂ ਵੱਖ ਵੱਖ ਤਰ੍ਹਾਂ ਮਕਾਨਕੀ ਸੰਚਾਰ ਸਾਧਨਾਂ ਤੇ ਖਾਸਕਰ ਸਮਾਰਟ ਫੋਨਾਂ ਤੋਂ ਮਨ ਪ੍ਰਚਾਵੇ ਤੇ ਸੂਚਨਾਵਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅੱਜ ਆਲਮ ਇਹ ਹੈ ਕਿ ਮਨੁੱਖ ਸਮੂਹਾਂ ਦੀ ਥਾਂ ਇਕਲਾ ਹੋ ਗਿਆ ਹੈ ਅਤੇ ਪਦਾਰਥਵਾਦੀ ਯੁੱਗ ਵਿੱਚ ਹਰ ਤਰ੍ਹਾਂ ਦੀ ਸਹੂਲਤ ਮਾਨਣ ਲਈ ਉਤਸੁਕ ਰਹਿੰਦਾ ਹੈ। ਸੰਚਾਰ ਸਾਧਨਾਂ, ਖਾਸਕਰ ਇੰਟਰਨੈਟ ਅਧਾਰਤ ਕੰਪਿਊਟਰ ਤੇ ਮੋਬਾਈਲ ਨੇ ਜਿਥੇ ਸੂਚਨਾਵਾਂ ਦੀ ਪ੍ਰਾਪਤੀ, ਬੈਕਾਂ, ਰੇਲਾਂ, ਹਵਾਈ ਸਫਰਾਂ, ਕਾਰੋਬਾਰਾਂ ਆਦਿ ਵਿੱਚ ਚੰਗੀ ਭੂਮਿਕਾ ਨਿਭਾਈ ਹੈ, ਉਥੇ ਲੋਕਾਂ ਨੂੰ ਤੇ ਵਧੇਰੇ ਕਰਕੇ ਬੱਚਿਆਂ ਤੇ ਨੌਜੁਆਨਾਂ ਦੀ ਜ਼ਿੰਦਗੀ, ਪੜ੍ਹਾਈ, ਖੇਡਣ, ਸੌਣ ਤੇ ਮੱਨੁਖੀ ਉਤਪਾਦਕ ਸ਼ਕਤੀ ਦੇ ਮਾੜੇ ਇਸਤੇਮਾਲ ਵਲ ਵਧੇਰੇ ਰੋਲ ਅਦਾ ਕੀਤਾ ਹੈ, ਜੋ ਮੋਬਾਈਲ ਦੇ ਹੱਦੋਂ ਵੱਧ ਇਸਤੇਮਾਲ, ਪੋਰਨੋਗ੍ਰਾਫੀ ਦੇ ਜਾਲ, ਨਸ਼ਾਖੋਰੀ, ਵਿਭਚਾਰੀ ਵਿਵਹਾਰ ਤੇ ਵੱਖ ਵੱਖ ਤਰ੍ਹਾਂ ਦੇ ਜੁਰਮਾਂ ਵਿੱਚ ਦ੍ਰਿਸ਼ਟਮਾਨ ਹੋ ਰਿਹਾ ਹੈ। ਟੀਵੀ ਦੀ ਆਮ ਸਮਗਰੀ ਤੇ ਖਾਸਕਰ ਸੀਰੀਅਲਾਂ ਵਿੱਚ ਦਿਖਾਈਆਂ



ਜਾਦੀਆਂ ਰਿਸ਼ਤਿਆਂ ਦੀਆਂ ਬਣਤਰਾਂ ਦੇਖ ਕਈ ਲੋਕਾਂ ਦਾ ਵਰਤਾਰਾ ਚਿੜਚੜਾ, ਹਮਲਾਵਰੀ, ਡਰ ਤੇ ਭੈ ਭਰਿਆ ਹੋ ਜਾਂਦਾ ਹੈ ਅਤੇ ਤਲਿੱਸਮੀ ਜੀਵਨ ਦੀ ਲੋਚਾ ਕਰ ਮਨੋਰੋਗੀ ਹੋ ਜਾਂਦੇ ਹਨ।

ਸਾਡਾ ਦੇਸ਼ ਤੇ ਸੂਬਾ ਪੰਜਾਬ ਵੀ ਸੰਚਾਰ ਸਾਧਨਾਂ ਦੇ ਭਾਰੀ ਪ੍ਰਭਾਵ ਥੱਲੇ ਹੈ। ਹੋਰ ਮਾਰੂ ਤੱਥਾਂ ਤੋਂ ਇਲਾਵਾ ਅੱਜ ਦੇਸ਼ ਵਿੱਚ ਬਲਾਤਕਾਰ ਤੇ ਹੱਤਿਆਵਾਂ ਦੇ ਕੇਸ ਬਹੁਤ ਵਧ ਰਹੇ ਹਨ। ਪਿਛਲੇ ਕੁਝ ਮਹੀਨਿਆਂ ਜੰਮੂ, ਦਿੱਲੀ, ਯੂਪੀ, ਝਾਰਖੰਡ, ਰਾਜਸਥਾਨ, ਹਰਿਆਣਾ, ਪੰਜਾਬ, ਮਹਾਰਾਸ਼ਟਰ ਆਦਿ ਵਿੱਚ ਸਮੂਹਿਕ ਬਲਾਤਕਾਰਾਂ ਵਿੱਚ ਅੱਤ ਦੀ ਬਰਬਰਤਾ ਦਿੱਖੀ, ਜਿਥੇ ਛੋਟੀ ਉਮਰ ਦੀਆਂ ਲੜਕੀਆਂ ਨੂੰ ਰੇਪ ਉਪਰੰਤ ਬੇਰਹਿਮੀ ਨਾਲ ਮਾਰ ਦਿਤਾ ਗਿਆ। ਮਹਾਰ-ਾਸ਼ਟਰ ਦੇ ਸ਼ਹਿਰ ਠਾਣੇ ਨੇੜੇ 33 ਲੋਕਾਂ ਵਲੋਂ ਲੜਕੀ ਦਾ ਕਈ ਮਹੀਨੇ ਤਕ ਬਲਾਤਕਾਰ ਜੁਰਮ ਦੀ ਇੰਤਹਾ ਸੀ। ਇਸ ਦੇ ਮੁੱਖ ਦੋਸ਼ੀ ਨੇ ਮੋਬਾਈਲ ਰਾਹੀਂ ਲੜਕੀ ਦੀ ਵੀਡੀਉ ਬਣਾ ਕੇ ਮਜਬੂਰ ਕੀਤਾ। ਏਸੇ ਤਰ੍ਹਾਂ ਕਠੂਆ, ਛਾਵਲਾ, ਸੀਲਮਪੁਰ, ਚੈਬਾਸ ਕੇਸ ਆਦਿ ਅਨੇਕਾਂ ਹੀ ਘਿਨਾਉਣੇ ਅਪਰਾਧਾਂ ਵਿੱਚ ਦਰਿੰਦਿਆਂ ਨੇ ਛੋਟੀਆਂ ਲੜਕੀਆਂ ਨੂੰ ਹਵਸ ਪੂਰਤੀ ਉਪਰੰਤ ਬੇਰਹਿਮੀ ਨਾਲ ਮਾਰ ਦਿੱਤਾ। ਨੈਸ਼ਨਲ ਕਰਾਇਮ ਰਿਕਾਰਡ ਬਿਊਰੋ ਮੁਤਾਬਿਕ 2021 ਵਿੱਚ 31677 ਬਲਾਤਕਾਰ ਦੇ ਕੇਸ ਵਾਪਰੇ ਜਿਨ੍ਹਾਂ ਵਿੱਚ ਵਧੇਰੇ ਕਰਕੇ ਛੋਟੀਆਂ ਲੜਕੀਆਂ ਦੇ ਸਨ। ਔਸਤਨ ਹਰ ਹੋਜ਼ 86 ਰੇਪ ਕੇਸ ਅਤੇ 49 ਹੋਰ ਤਰ੍ਹਾਂ ਦੇ ਜੁਰਮ ਔਰਤਾਂ ਨਾਲ ਵਾਪਰੇ। ਹੋਰ ਨੇੜਿਉਂ ਦੇਖੀਏ ਤਾ ਪਤਾ ਚਲਦਾ ਹੈ ਕਿ ਔਰਤਾਂ ਖਿਲਾਫ਼ ਜੁਰਮਾਂ ਦੀ ਸਥਿਤੀ ਇਹ ਹੈ ਕਿ ਹਰ ਦੋ ਮਿੰਟ ਵਿੱਚ ਇੱਕ ਅਪਰਾਧ, 11 ਮਿੰਟਾਂ ਵਿੱਚ ਇਕ ਛੇੜਛਾੜ, 20 ਮਿੰਟਾਂ ਵਿੱਚ ਇੱਕ ਰੇਪ ਤੇ 64 ਮਿੰਟਾਂ ਵਿੱਚ ਜਾਨ ਦਾਜ ਦੀ ਬਲੀ ਚੜ੍ਹਦੀ ਹੈ। ਹਜ਼ਾਰਾਂ ਹੀ ਕੇਸ ਐਸੇ ਹੁੰਦੇ ਹਨ ਜੋ ਵੱਖ ਵੱਖ ਕਾਰਨਾਂ ਕਰ ਕੇ ਕਦੇ ਰਿਪੋਰਟ ਹੀ ਨਹੀਂ ਹੁੰਦੇ। ਏਸ ਤੋਂ ਛੁਟ ਸੰਚਾਰ ਸਾਧਨਾਂ ਰਾਹੀਂ ਉਪਜ ਰਹੇ ਤਲਿੱਸਮੀ ਸੈਕਸੁਅਲ ਸੰਬਧਾਂ ਕਾਰਨ ਤਲਾਕਾਂ ਵਿੱਚ ਵਾਧਾ ਹੋ ਰਿਹਾ ਹੈ। ਜਸਟਿਸ ਪੂਨਮ ਏ ਬੰਬਾ ਨੇ ਆਪਣੀ ਪੁਸਤਕ 'ਟੈਂਪਲ ਆਫ ਜਸਟਿਸ: ਏ ਸਕੂਲ ਲਾਈਫ'' ਵਿੱਚ ਆਪਣੇ ਅਦਾਲਤੀ ਤਜਰਬਿਆਂ ਦੇ ਅਧਾਰ 'ਤੇ ਪਰਵਾਰਿਕ ਤੇ ਖਾਸ ਕਰਕੇ ਵਿਆਹੁਤਾ ਜੀਵਨ ਵਿੱਚ ਉਪਜ ਰਹੀਆਂ ਉਲਝਣਾਂ ਬਾਰੇ ਸਿਟਾ ਕਢਿਆ ਹੈ ਕਿ ਏਸ ਲਈ ਸੰਚਾਰ ਸਾਧਨ ਤੇ ਤਕਨਾਲੋਜੀ ਦੁਆਰਾ ਉਪਜਾਏ ਜਾ ਰਹੇ ਕਲਪਿਤ ਸੈਕਸ ਸੰਬਧ ਤੇ ਹੋਰ ਅਭਾਸੀ ਸੰਸਾਰ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ। ਇਰਾ ਤ੍ਰਿਵੇਦੀ ਦੀ ਪੁਸਤਕ 'ਇੰਡੀਆ ਇਨ ਲਵ: ਮੈਰਿਜ ਐਂਡ ਸੈਕਸਸੁਐਲਿਟੀ ਇਨ ਟਵੰਟੀ ਫਸਟ ਸੈਂਚੂਰੀ' ਵਿੱਚ ਵੀ ਲੇਖਿਕਾ ਅਜਿਹੇ ਹੀ ਸਿੱਟਿਆਂ 'ਤੇ ਪੁੱਜੀ ਹੈ। ਗੇਅ ਕਲਚਰ, ਸਮਲਿੰਗੀ ਵਿਆਹ ਅਤੇ ਲਿਵ-ਇਨ-ਰਿਲੇਸ਼ਨਸ਼ਿਪ ਵਰਗੇ ਦਿਖਾਵੇ ਵੀ ਸਾਹਮਣੇ ਆ ਰਹੇ ਹਨ ਜੋ ਮੁੱਖ ਤੌਰ 'ਤੇ ਸੋਸ਼ਲ ਮੀਡੀਆ ਦੀ ਹੀ ਦੇਣ ਹਨ।

ਪੰਜਾਬ ਦੀਆਂ ਵਧੇਰੇ ਸਭਿਆਚਾਰਕ ਕਦਰਾਂ ਕੀਮਤਾਂ ਉਸਾਰੂ, ਉਪਜਾਊ ਅਤੇ ਜੀਵਨ ਨੂੰ ਖੇੜੇ ਵਿੱਚ ਰੱਖਣ ਵਾਲੀਆਂ ਸਨ ਪਰ ਪੰਜਾਬ ਦੀ ਨਿੱਗਰ ਮਨੁੱਖੀ ਸ਼ਕਤੀ ਅੱਜ ਕਈ ਕਾਰਨਾਂ ਕਰਕੇ ਅਨੇਕਾਂ ਅਲਾਮਤਾਂ ਥੱਲੇ ਆ ਰਹੀ ਹੈ। ਨਸ਼ਾਖੋਰੀ, 'ਖਾਉਵਾਦੀ' ਸਭਿਆਚਾਰ, ਗੰਨ ਕਲਚਰ ਆਦਿ ਕਰ ਕੇ ਪੰਜਾਬ ਵੱਖ ਵੱਖ ਪੱਖਾਂ ਤੋਂ ਧਰਾਤਲ ਵਲ ਜਾ ਰਿਹਾ ਹੈ।

ਪਿਛਲੇ ਕੁਝ ਸਮੇਂ ਦੌਰਾਨ ਪੰਜਾਬ ਵਿਚ ਵੱਖ ਵੱਖ ਥਾਈਂ 'ਤੇ ਵਿਆਹ ਸ਼ਾਦੀਆਂ ਜਾਂ ਹੋਰ ਖੁਸ਼ੀਆਂ ਦੇ ਮੌਕਿਆਂ 'ਤੇ ਚੌੜ ਵਿੱਚ ਆ ਕੇ ਚਲਾਈਆਂ ਗੋਲੀਆਂ ਕਾਰਨ ਆਪਣੇ ਰਿਸ਼ਤੇਦਾਰਾਂ, ਮਿੱਤਰਾਂ, ਡੀਜੇ ਡਾਂਸਰਾਂ ਤੇ ਕੈਮਰਾਮੈਨ ਦੀਆਂ ਹੋਈਆਂ ਮੌਤਾਂ, ਇਥੋਂ ਤੱਕ ਕੇ ਲਾੜੇ ਲਾੜੀਆਂ ਦੇ ਜ਼ਖ਼ਮੀ ਜਾਂ ਮੌਤ ਹੋਣਾ, ਭੜਕੀਲੇ ਗਾਣੇ ਗਾਉਣ ਵਾਲਿਆਂ ਨੂੰ ਖੁਦ ਵੀ ਗੋਲੀਆਂ ਦਾ ਸ਼ਿਕਾਰ ਹੋ ਜਾਣਾ ਆਦਿ ਦੀਆਂ ਖਬਰਾਂ ਪੜ੍ਹ ਕੇ ਹਰੇਕ ਸੰਵੇਦਨਸ਼ੀਲ ਮਨ ਨੂੰ ਠੇਸ ਪਹੁੰਚਦੀ ਹੈ। ਪੰਜਾਬ ਜੋ ਕਿ ਆਪਣੀ ਮਿਹਨਤ, ਕਰੜੀ ਘਾਲ, ਹਿੰਮਤ ਤੇ ਮਾੜਿਆਂ ਨੂੰ ਆਸਰਾ ਦੇਣ ਕਰਕੇ ਜਾਣਿਆ ਜਾਂਦਾ ਸੀ ਅੱਜ ਨਸ਼ੇ ਦੇ ਫੈਲਾਅ ਅਤੇ ਗੰਨ ਕਲਚਰ ਵਾਲਾ ਬਿਆਨਿਆ ਜਾਣ ਲਗਾ ਹੈ। ਇਸ ਦਾ ਇੱਕ ਵੱਡਾ ਕਾਰਨ ਭੜਕੀਲੇ ਕਾਮੁਕ ਗਾਣੇ ਤੇ ਉਸ ਵਿੱਚ ਦਿਖਾਏ ਜਾ ਰਹੇ ਪਿਸਤੌਲਾਂ, ਬੰਦੂਕਾਂ ਕਰਕੇ ਹੈ ਜੋ ਅਜੋਕੇ ਮੀਡੀਆ ਦੀ ਉਪਜ ਹੈ। ਪੰਜਾਬ ਸਰਕਾਰ ਵਲੋਂ ਅਜਿਹੇ ਗਾਣਿਆਂ 'ਤੇ ਪਾਬੰਦੀ ਏਸ ਦਾ ਸਬੂਤ ਹੈ। ਨਵੀਂ ਪਨੀਰੀ ਵਿੱਚ ਨੱਚਣ ਗਾਉਣ ਦਾ ਰੁਝਾਨ ਹੋਰ ਵਧਣ ਲਗਾ। ਖੇਤੀ ਕੰਮਾਂ ਤੇ ਜੀਵਨ ਸੰਘਰਸ਼ ਦੇ ਹੋਰ ਪਹਿਲੂਆਂ ਨੂੰ ਛੱਡ ਸੌਖਾ ਰਾਹ ਲਭਿਆ ਮਨੋਰੰਜਨ ਵਿੱਚ ਵਧੇਰੇ ਸਮਾਂ ਗੁਜਾਰਨਾ।

ਜਿਥੇ 1980 ਤੋਂ ਪਹਿਲਾਂ ਪੋਟਿਆਂ 'ਤੇ ਗਿਣੇ ਜਾਣ ਵਾਲੇ ਕਲਾਕਾਰ ਸਨ ਉਥੇ ਅੱਜ ਵੱਖ ਵੱਖ ਤਰ੍ਹਾਂ ਤੇ ਵੱਖ ਵੱਖ ਪੱਧਰਾਂ ਦੇ 10000 ਦੇ ਕਰੀਬ ਕਲਾਕਾਰ ਦੱਸੇ ਜਾਂਦੇ ਹਨ। ਵਧ ਰਹੀ ਅਬਾਦੀ ਤੇ ਰੁਜ਼ਗਾਰ ਦੇ ਸੁੰਗੜ ਰਹੇ ਮੌਕਿਆਂ, ਸੀਰੀਅਲਾਂ ਰਾਹੀਂ ਦਿਖਾਈ ਜਾ ਰਹੀ ਹਥਿਆਰਾਂ ਦੇ ਜ਼ੋਰ ਹਾਸਲ ਕੀਤੀ ਭੋਗ ਵਿਲਾਸੀ ਜ਼ਿੰਦਗੀ, ਧਰਮ, ਕਦਰਾਂ ਕੀਮਤਾਂ, ਪਰਿਵਾਰ, ਵਿਦਿਅਕ, ਸਮਾਜਿਕ ਸੰਸਥਾਵਾਂ ਦਾ ਘਟ ਰਿਹਾ ਰੋਲ, ਸਮਾਜ ਪ੍ਰਤੀ ਕੋਈ ਜਵਾਬਦੇਹੀ ਦਾ ਨਾ ਹੋਣਾ, ਬਹੁਤੇ ਕੇਸਾਂ ਵਿੱਚ ਅਪਰਾਧੀਆਂ ਨੂੰ ਢੁਕਵੀਂ ਸਜ਼ਾ ਨਾ ਮਿਲਣਾ ਵੱਡੇ ਕਾਰਨ ਹਨ, ਜਿਨ੍ਹਾਂ ਕਾਰਨ ਨਵੇਂ ਗਾਇਕ ਸਮਾਜ ਵਿੱਚ ਅਜਿਹਾ ਕੁਝ ਪਰੋਸ ਰਹੇ ਹਨ ਜੋ ਅਸਲ ਜੀਵਨ ਨਾਲ ਮੇਲ ਨਹੀਂ ਖਾਂਦਾ। ਲੜਕੀਆਂ ਨੂੰ ਪਾਉਣ ਖਾਤਰ ਉਨ੍ਹਾਂ ਦੇ ਮਾਤਾ, ਪਿਤਾ ਅਤੇ ਭਰਾਵਾਂ ਬਾਰੇ ਗੀਤਾਂ ਵਿੱਚ ਵਰਤੀ ਜਾਂਦੀ ਸ਼ਬਦਾਵਲੀ ਅਜਿਹੀ ਹੁੰਦੀ ਹੈ ਕਿ ਲੋਕ ਕੁੜੀਆਂ ਜਮੰਣੀਆਂ ਹੀ ਛੱਡ ਦੇਣ। ਤਲਿੱਸਮ ਦੀ ਏਸ ਦੁਨੀਆਂ ਵਿੱਚ ਕਈ ਨੌਜੁਆਨ ਖਰਚੇ ਪੂਰਤੀ ਲਈ ਮਾਪਿਆਂ ਦੇ ਨੱਕ ਵਿੱਚ ਦਮ ਕਰੀ ਰੱਖਦੇ ਹਨ।

ਸਮਕਾਲੀ ਯੁੱਗ ਤਕਨਾਲੋਜੀ ਤੇ ਮਾਰਕੀਟ ਸ਼ਕਤੀ ਦਾ ਯੁੱਗ ਹੈ। ਨਾ ਹੀ ਪਿੱਛੇ ਜਾਇਆ ਜਾ ਸਕਦਾ ਅਤੇ ਨਾ ਨਵੀਂ ਤਕਨਾਲੋਜੀ ਤੋਂ ਮੁਨਕਰ ਹੋਇਆ ਜਾ ਸਕਦਾ ਹੈ। ਹੋਰ ਕਾਰਕਾਂ ਤੋਂ ਇਲਾਵਾ ਮਾਰਕੀਟ ਦੀ ਮੁੱਖ ਧਾਰਨਾ ਹੈ ਲੋਕਾਂ ਤੇ ਖਾਸਕਰ ਨੌਜੁਆਨਾਂ ਨੂੰ 'ਖਾਊਵਾਦੀ' ਤੇ ਖ਼ਪਤਕਾਰੀ ਸਭਿਆਚਾਰ ਦੇ ਚੱਕਰ ਵਿੱਚ ਪਾ ਦੇਣਾ ਅਤੇ ਯਥਾਰਥ ਤੋਂ ਪਰੇ ਰੱਖਣਾ। ਜੇ ਰੋਕ ਦੀ ਗੱਲ ਉਠੇ ਤਾਂ ਸਵਾਲ ਆਜ਼ਾਦੀ ਤੇ ਨਿੱਜੀ ਜ਼ਿੰਦਗੀ ਦਾ ਆ ਜਾਂਦਾ ਹੈ। ਏਸ ਗੁੰਝਲਦਾਰ ਪ੍ਰਕਿਰਿਆ ਨੂੰ ਸਮਝ ਕੇ ਚਿੰਤਕਾਂ, ਦੇਸ਼ ਸਮਾਜ ਬਾਰੇ ਸਰੋਕਾਰ ਰੱਖਣ ਵਾਲੇ ਲੋਕ ਤੇ ਯੋਜਨਾਕਾਰਾਂ ਨੂੰ ਮਿਲ ਕੇ ਵਿਚਾਰ ਕਰਨਾ ਪਵੇਗਾ ਕਿ ਕਿਸ ਤਰ੍ਹਾਂ ਸੰਚਾਰ ਸਾਧਨਾਂ ਵਿੱਚ ਦਿਖਾਈ ਜਾਣ ਵਾਲੀ ਸਮੱਗਰੀ ਨੂੰ ਦਿਸ਼ਾ ਨਿਰਦੇਸ਼ਤ ਕੀਤਾ ਜਾ ਸਕੇ। ਸੁਪਰੀਮ ਕੋਰਟ ਨੇ ਪਿੱਛੇ ਜਿਹੇ ਇੱਕ ਟੀਵੀ ਸੀਰੀਅਲ ਨਿਰਦੇਸ਼ਕਾ ਨੂੰ ਤਾੜਨਾ ਵੀ ਕੀਤੀ ਹੈ ਕਿ ਉਹ ਆਪਣੀ ਵੈਬ ਸੀਰੀਜ਼ ਰਾਹੀਂ ਨੌਜੁਆਨ ਪੀੜ੍ਹੀ ਦੇ ਦਿਮਾਗਾਂ ਨੂੰ ਪ੍ਰਦੂਸ਼ਤ ਕਰ ਰਹੀ ਹੈ। ਸੋ ਲੋੜ ਹੈ ਵਿਚਾਰਨ ਦੀ ਤਾਂ ਜੋ ਸੰਚਾਰ ਸਾਧਨਾਂ ਦੇ ਨਕਾਰਾਤਮਕ ਪ੍ਰਭਾਵਾਂ ਨੂੰ ਕਾਬੂ ਵਿੱਚ ਰਖਿਆ ਜਾਵੇ।

# ਲੈਟਿਨ ਅਮਰੀਕਾ ਵਿਚ ਖੱਬੇ ਪੱਖੀਆਂ ਦੀ ਬਣ ਰਹੀ ਹਵਾ

ਦਰਬਾਰਾ ਸਿੰਘ ਕਾਹਲੋਂ

ਲੋਕ ਪੱਖੀ ਵਿਚਾਰਧਾਰਾ ਨਾ ਕਦੇ ਮਰਦੀ ਹੈ ਅਤੇ ਨਾ ਹੀ ਕਦੇ ਹਾਰਦੀ ਹੈ। ਜਨਤਕ ਅਵੇਸਲੇਪਣ ਅਤੇ ਲੀਡਰਸ਼ਿਪ ਕਮਜ਼ੋਰੀਆਂ ਕਰਕੇ ਜ਼ਰੂਰ ਕੁਝ ਸਮਾਂ ਉਤਰਾਅ-ਚੜ੍ਹਾਅ ਵੇਖੇ ਜਾ ਸਕਦੇ ਹਨ। ਇਸੇ ਤਰ੍ਹਾਂ ਲਾਤੀਨੀ ਅਮਰੀਕਾ ਵਿਚ ਕੁਝ ਸਮਾਂ ਸੱਜੇ ਪੱਖੀ ਏਕਾਧਿਕਾਰਵਾਦੀ, ਤਾਨਾਸ਼ਾਹ ਫੌਜੀ ਸ਼ਾਸਕਾਂ ਦੇ ਲੋਕ ਵਿਰੋਧੀ ਸ਼ਾਸਨ ਵੇਖਣ ਨੂੰ ਮਿਲੇ। ਅੱਜ ਵੀ ਕੁਝ ਪਾਕੇਟਾਂ ਵਿਚ ਕਾਬਜ਼ ਵਿਖਾਈ ਦਿਤੇ ਜਾ ਸਕਦੇ ਹਨ। ਲੇਕਿਨ ਸੰਨ 2018 ਵਿਚ ਮੈਕਸੀਕੋ ਅੰਦਰ ਖੱਬੇ ਪੱਖੀ ਐਂਡਰਸ ਮੈਨੂਅਲ ਲੋਪੇਜ਼ ਅਬਰਾਡੋਰ ਦੀ ਜਿੱਤ ਬਾਅਦ ਪਿਛਲੇ ਦਿਨੀਂ 30, ਅਕਤੂਬਰ ਨੂੰ ਲਾਤੀਨੀ ਅਮਰੀਕਾ ਦੇ ਸਭ ਤੋਂ ਪ੍ਰਭਾਵਸ਼ਾਲੀ ਦੇਸ਼ ਬ੍ਰਾਜ਼ੀਲ ਵਿਚ ਖੱਬੇ ਪੱਖੀ ਵਰਕਰਜ਼ ਪਾਰਟੀ ਆਗੂ ਲੂਇਜ਼ ਇਨਾਸੀਓ ਲੂਲਾ ਡਾਸਿਲਵਾ ਦੀ ਸੱਜੇ ਪੱਖੀ ਫਾਸ਼ੀਵਾਦੀ ਰਾਸ਼ਟਰਪਤੀ ਜ਼ੈਰ ਬੋਲਸੋਨਾਰੋ 'ਤੇ ਬਹੁਤ ਹੀ ਦਿਲਚਸਪ ਫਸਵੇਂ ਮੁਕਾਬਲੇ ਵਿਚ ਜਿੱਤ ਨਾਲ ਖੱਬੇ ਪੱਖੀ ਜੇਤੂ ਕਾਰਵਾਂ ਲਗਾਤਾਰ ਜਾਰੀ ਹੈ।

ਲਾਤੀਨੀ ਅਮਰੀਕਾ ਅੰਦਰ ਕਿਵੇਂ ਗੁਰਬਤ, ਸਮਾਜਿਕ-ਆਰਥਿਕ ਅਸਮਾਨਤਾ ਅਤੇ ਬੇਇਨਸਾਫੀ ਦੇ ਮਾਰੇ ਅਤੇ ਲਤਾੜੇ ਲੋਕ ਆਪਣੇ ਐਸੇ ਵਰਗ ਵਿਚ ਚੁਣ-ਚੁਣ ਕੇ ਆਪਣੇ ਹੀਰੋ ਅੱਗੇ ਲੈ ਕੇ ਆਏ ਹਨ ਇਹ ਸੱਚਮੁੱਚ ਵਿਗਿਆਨਿਕ ਲੋਕਪੱਖੀ ਵਿਚਾਰਧਾਰਾ, ਜਨਤਕ ਸਿਰੜ ਅਤੇ ਦਲੇਰਾਨਾ ਇੱਕਜੁਟਤਾ ਦਾ ਕ੍ਰਿਸ਼ਮਾ ਹੈ। ਚਿੱਲੀ ਵਿਚ ਸਾਬਕਾ ਵਿਦਿਆਰਥੀ ਯੂਨੀਆਨਾਂ ਅਤੇ ਸੰਘਰਸ਼ਾਂ ਦੇ ਆਗੂ ਨੌਜਵਾਨ ਗੈਬਰੀਅਲ ਬੋਰਕ ਨੂੰ ਚੰਗੇ ਅਤੇ ਨਰੋਏ ਭਵਿੱਖ ਲਈ ਅੱਗੇ ਲੈ ਕੇ ਆਏ, ਜਿਸ ਨੇ ਖੱਬੇ ਪੱਖੀ ਸੰਨ 1970-73 ਵਿਚ ਸਲਵਾਡੋਰ ਅਲੈਂਡੇ ਸ਼ਾਸਨ ਤੋਂ ਬਾਅਦ ਲਗਾਤਾਰ ਸੱਜੇ ਪੱਖੀ ਫਾਸ਼ੀਵਾਦੀ ਨਿਜ਼ਾਮ ਨੂੰ ਬਦਲਣ, ਜਨਤਕ ਸੁਰੱਖਿਆ ਅਤੇ ਟੈਕਸਾਂ ਦਾ ਬੋਝ ਧਨਾਢ ਲੋਕਾਂ 'ਤੇ ਲੱਦਣ ਦਾ ਵਾਅਦਾ ਕੀਤਾ। ਚਿੱਲੀ ਦੇ ਸਾਬਕਾ ਤਾਨਾਸ਼ਾਹ ਅਗਸਤੋ ਪਿਨਾਚੇ ਦੇ ਸੱਜੇ ਪੱਖੀ ਸਥਾਪਿਤ ਨਿਜ਼ਾਮ ਦੇ ਪਾਲਤੂ ਜੋਸੇ ਅੰਟੀਨੀਓ ਕਾਸਟ ਨਾਮਕ ਰਾਜਨੀਤੀਵਾਨ ਨੂੰ ਹਰਾਇਆ ਜਿਸ ਦੀਆਂ ਸੱਜ-ਪਿਛਾਖੜੀ ਆਰਥਿਕ ਨੀਤੀਆਂ ਦੇਸ਼ ਦੀ ਆਰਥਿਕਤਾ ਨੂੰ ਬਰਬਾਦ ਕਰ ਰੱਖਿਆ ਸੀ।



ਪੇਰੂ ਮੁਲਕ ਦੇ ਵਾਸੀਆਂ ਨੇ ਵੱਡੀ ਭਵਿੱਖੀ ਵਧੀਆ ਜੀਵਨ ਦੀ ਰੀਝ ਦੀ ਪੂਰਤੀ ਲਈ ਗਰੀਬ ਕਿਸਾਨੀ ਦੇ ਪੁੱਤਰ ਪੈਡਰੋ ਕਾਸਟੀਲੋ ਨੂੰ ਪਿਛਲੇ ਸਾਲ ਆਪਣਾ ਰਾਸ਼ਟਰਪਤੀ ਚੁਣਿਆ। ਜਿਸ ਨੌਜਵਾਨ ਨੂੰ ਸ਼ਾਇਦ ਰਾਜਨੀਤੀ ਵਿਚ ਜਾਣਿਆ ਹੀ ਨਹੀਂ ਜਾਂਦਾ ਸੀ ਉਸ ਨੇ ਸੱਜੇ ਪੱਖੀ ਪਰਿਵਾਰਵਾਦੀ ਰਾਜਨੀਤੀਵਾਨ ਕੀਕੋ ਫੁਜੀਮੋਰੀ ਨੂੰ ਚੋਣਾਂ ਵਿਚ ਧੂੜ ਚਟਾਈ। ਇਹ ਪ੍ਰੋਫੈਸ਼ਨਲ ਰਾਜਨੀਤੀਵਾਨ ਸਾਬਕਾ ਫਾਸ਼ੀਵਾਦੀ ਰਾਸ਼ਟਰਪਤੀ ਅਲਬਰਟੋ ਫੁਜੀਮੋਰੀ ਦਾ ਪੁੱਤਰ ਹੈ ਜਿਸ ਨੇ ਲੋਹੇ ਦੇ ਜਾਬਰ ਹੱਥਾਂ ਨਾਲ ਪੇਰੂ ਦੇ ਲੋਕਾਂ ਨੂੰ ਨਿਊ-ਲਿਬਰਲ ਲੋਕਮਾਰੂ ਕਾਰਪੋਰੇਵਾਦੀ ਨੀਤੀਆਂ ਨਾਲ ਦਬਾਅ ਕੇ ਰੱਖਿਆ ਹੋਇਆ ਸੀ। ਪੇਂਡੂ, ਦੂਰ-ਦੁਰੇਡੇ ਰਹਿਣ ਵਾਲੇ ਲੋਕਾਂ, ਕਿਸਾਨ-ਮਜ਼ਦੂਰਾਂ ਅਤੇ ਕਬਾਇਲੀਆਂ ਦਾ ਜੀਊਣਾ ਹਰਾਮ ਕਰ ਰਖਿਆ ਸੀ।

ਕੋਲੰਬੀਆ ਅੰਦਰ ਵੱਡੀ ਜਦੋ-ਜਹਿਦ ਬਾਅਦ ਦੇਸ਼ ਵਾਸੀਆਂ ਨੇ ਸਾਬਕਾ ਖੱਬੇ ਪੱਖੀ ਵਿਦਰੋਹੀ ਆਗੂ ਗੁਸਤਾਵੋ ਪੈਟਰੋ ਨੂੰ ਪਹਿਲੇ ਖੱਬੇ ਪੱਖੀ ਪ੍ਰਧਾਨ ਵਜੋਂ ਵੱਡੀਆਂ ਆਸਾਂ-ਉਮੀਦਾਂ ਨਾਲ ਚੁਣਿਆ। ਡਰੱਗ ਤਸਕਰੀ, ਗੈਂਗਸਟਰਵਾਦ ਅਤੇ ਖੱਬੇ ਪੱਖੀ ਵਿਦਰੋਹ ਨਾਲ ਕੋਲੰਬੀਆ ਲੰਬੇ ਸਮੇਂ ਤੋਂ ਜੂਝਦਾ ਚਲਾ ਆ ਰਿਹਾ ਸੀ। ਗੁਸਤਾਵੋ ਪੈਟਰੋ ਨੇ ਕੋਲੰਬੀਆ ਵਾਸੀਆਂ ਨੂੰ ਇੱਕ ਵਧੀਆ ਭਵਿੱਖ ਦੇਣ, ਸਥਾਨਿਕ ਮੂਲ ਨਿਵਾਸੀਆਂ, ਗਰੀਬ ਅਤੇ ਪਛੜੇ ਲੋਕਾਂ ਨੂੰ ਇੱਜ਼ਤ ਅਤੇ ਸਵੈਮਾਣ ਭਰਿਆ ਜੀਵਨ ਦੇਣ ਅਤੇ ਸਭ ਨਾਗਰਿਕਾਂ ਦੀ ਭਾਗੀਦਾਰੀ ਵਾਲੀ ਆਰਥਿਕਤਾ ਦੇਣ ਦਾ ਭਰੋਸਾ ਦਿਤਾ। ਕੋਲੰਬੀਆ ਦੇ 40 ਪ੍ਰਤੀਸ਼ਤ ਪਰਿਵਾਰ ਅੱਜ ਦੇ 21ਵੀਂ ਸਦੀ ਦੇ ਯੁੱਗ ਵਿਚ 100 ਡਾਲਰ ਮਾਸਿਕ ਕਮਾਈ ਨਾਲ ਅਤਿ ਦਾ ਗੁਰਬਤ ਅਤੇ ਲਾਚਾਰੀ ਭਰਿਆ ਜੀਵਨ ਬਿਤਾਉਣ ਲਈ ਮਜਬੂਰ ਹਨ। ਕਰੀਬ 11 ਪ੍ਰਤੀਸ਼ਤ ਮਹਿੰਗਾਈ ਦਰ ਨੇ ਗਰੀਬਾਂ ਦਾ ਜਿਊਣਾ ਹਰਾਮ ਕਰ ਰਖਿਆ ਹੋਇਆ ਹੈ।

ਸੰਨ 2019 ਦੇ ਅਖੀਰ ਵਿਚ ਹੋਈਆਂ ਚੋਣਾਂ ਵਿਚ ਖੱਬੇ ਪੱਖੀ ਅਲਬਰਟੋ ਫਰਨੈਂਡਜ਼ ਨੇ ਸੱਜੇ ਪੱਖੀ ਤਾਨਾਸ਼ਾਹ ਰਾਸ਼ਟਰਪਤੀ ਦਾ ਤਖ਼ਤਾ ਪਲਟ ਕੇ ਰੱਖ ਦਿਤਾ। ਇਕੁਆਡੋਰ ਵਿਚ ਲੋਕਾਂ ਨੇ ਸੱਜੇ ਪੱਖੀ ਗੁਲੇਸਮੋ ਲਾਸੋ ਨੂੰ

(ਬਾਕੀ ਸਫਾ 21 'ਤੇ)

# Moon Indian Cuisine
# 510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

## Fish Pakora

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net



# Raja

New Introducing Chaat Corner

King of Sweets Now Presents

Come and Enjoy Mouth Watering Chaat All Day



ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

## RAJA SWEETS & INDIAN CUISINE

31583 Alvarado Blvd. Union City, CA 94587

Phone : (510) 489-9100



# FAIRWAY BODY SHOP

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Gurdial Aujla



Darshan Aujla
510-750-6116

1421 Industrial Parkway West #C
Hayward, CA 94644

510-538-2983



# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

## ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

## KASH FABRICS

29576 Mission Blvd
Hayward,CA 94544
510-538-1138



Cosmetic & Family Dentistry

UPPAL DENTAL CARE

50 % Discount for Cash Patients

INVISALIGN

Call for Details

Straighten Teeth Without Wires

FREE TEETH WHITENING WITH PAID EXAM,
X-RAY & CLEANING.
YOUR INSURANCE USUALLY COVER THESE SERVICES



Charanjit S Uppal
D.D.S.

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained
Sterilization Standards
Most Insurance
Plans Accepted

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com






Quick Lube & Smog

We rent U-HAUL

OIL CHANGE & SMOG CHECK STATION

SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330



TASTE OF INDIA

specialist- Gurh Dee Barfee, Gurh Diyaan Jalebian

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



YOUR ONE-STOP CENTER BOTH FABRICS & APPLIANCES

APPLIANCES & LUGGAGE CROSS, PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

Onkar Singh Saini

5156 Mowry AVE. Fremont. CA 94538
Tel- 510-797-7111

# ਕੌਮ ਅਤੇ ਕੌਮੀਅਤ ਦੇ ਸੰਕਲਪ

**ਕਰਮ ਬਰਸਟ**

ਬਰਤਾਨਵੀ ਬਸਤੀਵਾਦੀਆਂ ਨੂੰ ਭਾਰਤ ਵਿਚੋਂ ਕੱਢਣ ਲਈ ਭਾਰਤ ਵਿਚ ਵਸਦੀਆਂ ਅਨੇਕਾਂ ਕੌਮੀਅਤਾਂ ਦੀ ਜਨਤਾ ਨੇ ਸਾਂਝੇ ਸੰਘਰਸ਼ ਲੜੇ। ਸਿੱਟੇ ਵਜੋਂ ਵੱਖ ਵੱਖ ਕੌਮੀਅਤਾਂ ਵਿਚਕਾਰ ਆਪਸੀ ਸਾਂਝ ਪੈਦਾ ਹੋਈ ਅਤੇ ਇਕ ਲੰਮੇ ਦੌਰ ਦੇ ਸਾਂਝੇ ਘੋਲਾਂ ਵਿਚੋਂ ਉਨ੍ਹਾਂ ਅੰਦਰ ਇਕ ਦੇਸ਼ (ਭਾਰਤ) ਅੰਦਰ ਰਲ ਕੇ ਰਹਿਣ ਦੀ ਭਾਵਨਾ ਵੀ ਜਾਗੀ। ਸਾਮਰਾਜ ਵਿਰੋਧੀ ਕੌਮੀ ਮੁਕਤੀ ਲਹਿਰ ਵਿਚ ਭਾਰਤੀ ਕੌਮ ਦੇ ਰੂਪ ਦੀ ਸਿਰਜਣਾ ਬਹੁਤ ਮੱਧਮ ਰਫ਼ਤਾਰ ਨਾਲ ਸ਼ੁਰੂ ਤਾਂ ਹੋਈ ਪਰ ਬਸਤੀਵਾਦੀਆਂ ਦੀਆਂ ਪਾੜੂ ਨੀਤੀਆਂ ਅਤੇ ਕਾਂਗਰਸੀ ਤੇ ਮੁਸਲਿਮ ਲੀਗੀ ਆਗੂਆਂ ਦੀਆਂ ਤੰਗ ਤੇ ਨਿੱਜੀ ਸੋਚਾਂ/ਇੱਛਾਵਾਂ ਨੇ 'ਭਾਰਤੀਅਤਾ' ਦੇ ਉੱਭਰਦੇ ਬਿੰਬ ਨੂੰ ਲੀਰੋ-ਲੀਰ ਕਰ ਦਿੱਤਾ। ਧਰਮ ਦੇ ਆਧਾਰ 'ਤੇ 'ਦੋ ਕੌਮਾਂ' ਦੀ ਗ਼ੈਰ-ਵਿਗਿਆਨਕ ਧਾਰਨਾ ਨੂੰ ਮਾਨਤਾ ਦੇ ਕੇ ਭਾਰਤੀ ਜਨਤਾ ਵਿਚ ਵੰਡੀਆਂ ਪਾ ਦਿੱਤੀਆਂ ਗਈਆਂ।

ਧਰਮ ਦੇ ਆਧਾਰ 'ਤੇ ਕੌਮਾਂ ਦੀ ਵੰਡ ਦੇ ਪੈਂਤੜੇ ਤੋਂ ਸਿੱਖਾਂ ਨੂੰ ਵੀ ਵੱਖਰੇ ਰਾਜ ਦੀ ਪੇਸ਼ਕਸ਼ ਹੋਈ ਦੱਸੀ ਜਾਂਦੀ ਹੈ ਪਰ ਦੂਰ ਦੂਰ ਸਥਿਤ ਦੋ ਤਹਿਸੀਲਾਂ ਨੂੰ ਛੱਡ ਕੇ ਕਿਸੇ ਇਲਾਕੇ ਵਿਚ ਵੀ ਸਿੱਖ ਭਾਰੂ ਗਿਣਤੀ ਵਿਚ ਨਹੀਂ ਸਨ। ਸਮੇਂ ਦੀ ਸਿੱਖ ਲੀਡਰਸ਼ਿਪ ਵੀ ਇਸ ਦੇ ਹੱਕ ਵਿਚ ਨਹੀਂ ਸੀ ਲੇਕਿਨ ਇਹ ਸੱਚ ਹੈ ਕਿ ਉਦੋਂ ਦੇ ਸਿੱਖ ਆਗੂਆਂ ਨੇ ਭਾਰਤ ਦੀ ਵੰਡ ਨੂੰ ਰੋਕਣ ਅਤੇ ਦਬਾਓ ਪਾਉਣ ਦੇ ਪੈਂਤੜੇ ਤੋਂ ਕਦੇ ਵੱਖਰੇ ਸਿੱਖ ਰਾਜ ਦੀ ਅਤੇ ਕਦੇ ਪਾਕਿਸਤਾਨ ਨਾਲ ਜਾਣ ਦੀ ਪੈਂਤੜੇਬਾਜ਼ੀ ਵਾਲੀਆਂ ਖੇਡਾਂ ਜ਼ਰੂਰ ਖੇਡੀਆਂ ਸਨ। ਅੰਤ ਵਿਚ ਕਾਂਗਰਸੀ ਆਗੂਆਂ ਵੱਲੋਂ ਸਿੱਖਾਂ ਨੂੰ ਭਾਰਤ ਵਿਚ ਸਨਮਾਨਯੋਗ ਥਾਂ ਦੇਣ ਦੇ ਵਾਅਦੇ ਨਾਲ ਅਤੇ ਉਸ ਵੇਲੇ ਦੀ ਸਿੱਖ ਲੀਡਰਸ਼ਿਪ ਦੀ ਦੂਰਅੰਦੇਸ਼ੀ ਸਦਕਾ, ਸਿੱਖਾਂ ਨੇ ਵੱਖਰੇ ਰਾਜ ਦੀ ਬਜਾਇ ਭਾਰਤ ਵਿਚ ਹੀ ਰਹਿਣ ਨੂੰ ਤਰਜੀਹ ਦਿੱਤੀ। ਸਿੱਖ ਲੀਡਰਸ਼ਿਪ ਦਾ ਇਹ ਚੰਗਾ ਫੈਸਲਾ ਸੀ ਪਰ ਧਰਮ ਨੂੰ ਕੌਮ ਦੇ ਆਧਾਰ ਵਜੋਂ ਇਕ ਵਾਰ ਮਾਨਤਾ ਦੇ ਦੇਣ ਨਾਲ, ਅਜਿਹੀ ਪਿਛਾਖੜੀ ਵਿਚਾਰਧਾਰਾ ਦੇ ਬੀਅ ਬੀਜ ਦਿੱਤੇ ਗਏ ਸਨ ਜੋ ਅੱਜ ਤੱਕ ਵੀ ਵਾਰ ਵਾਰ ਉੱਗਦੇ, ਵਧਦੇ, ਫੈਲਦੇ, ਉੱਭਰਦੇ ਅਤੇ ਜਵਾਨ ਹੁੰਦੇ ਆ ਰਹੇ ਹਨ।

ਆਖਰ ਇਹ 'ਕੌਮ' ਕਿਸ ਸ਼ੈਅ ਦਾ ਨਾਮ ਹੈ। ਇਹ ਸੰਕਲਪ ਕਿਵੇਂ ਉੱਭਰਿਆ ਅਤੇ ਕੌਮ ਕਿਵੇਂ ਹੋਂਦ ਵਿਚ ਆਉਂਦੀ ਹੈ? ਕੌਮ ਬੁਰਜੂਆ-ਸਰਮਾਏਦਾਰੀ ਸੰਕਲਪ ਹੈ ਜੋ ਜਗੀਰੂ ਸਮਾਜ ਦੇ ਵਿਨਾਸ਼ ਅਤੇ ਸਨਅਤੀ ਸਰਮਾਏਦਾਰੀ ਸਮਾਜ ਦੇ ਵਿਕਾਸ ਵਿਚੋਂ ਪੈਦਾ ਹੋਇਆ ਹੈ। ਸਰਮਾਏਦਾਰੀ ਦੇ ਵਿਕਾਸ ਲਈ ਜਗੀਰਦਾਰੀ ਦਾ ਟੁੱਟਣਾ/ਹਾਰਨਾ ਲਾਜ਼ਮੀ ਸ਼ਰਤ ਹੈ, ਇਸ ਲਈ ਕੌਮੀ ਲਹਿਰ ਦਾ ਮੁੱਖ ਧੁਰਾ ਜਗੀਰਦਾਰੀ ਵਿਰੋਧੀ ਸੀ। ਬੁਰਜੂਆਜ਼ੀ ਦੀ ਅਗਵਾਈ ਹੇਠਾਂ ਚੱਲੀਆਂ ਲਹਿਰਾਂ ਦੀਆਂ ਜਿੱਤਾਂ ਕਾਰਨ ਯੂਰੋਪ ਵਿਚ ਕੌਮੀ ਰਿਆਸਤਾਂ ਹੋਂਦ ਵਿਚ ਆਈਆਂ। ਇਸ ਦੌਰ ਤੱਕ ਬੁਰਜੂਆਜ਼ੀ ਅਗਾਂਹਵਧੂ ਸਮਾਜਿਕ ਸ਼ਕਤੀ ਸੀ। ਫਿਰ ਅਜਿਹਾ ਦੌਰ ਆਇਆ ਜਦੋਂ ਪੂੰਜੀਵਾਦ ਆਰਥਿਕ ਖੁੱਲ੍ਹੇ ਮੁਕਾਬਲੇ ਵਿਚੋਂ ਨਿਕਲ ਕੇ ਇਜਾਰੇਦਾਰਾ ਪੂੰਜੀਵਾਦ, ਯਾਨੀ ਸਾਮਰਾਜ ਵਿਚ ਤਬਦੀਲ ਹੋ ਗਿਆ। ਇਸ ਤਰ੍ਹਾਂ ਇਹ ਪੂੰਜੀਵਾਦ ਜੋ ਅਗਾਂਹਵਧੂ ਰਿਹਾ ਸੀ, ਹੁਣ ਦੂਜੇ ਦੇਸ਼ਾਂ/ਕੌਮਾਂ ਨੂੰ ਲੁੱਟਣ, ਗ਼ੁਲਾਮ ਬਣਾਉਣ ਵੱਲ ਹੋ ਤੁਰਿਆ। ਸਿੱਟੇ ਵਜੋਂ ਅਨੇਕਾਂ ਬਸਤੀਆਂ ਹੋਂਦ ਵਿਚ ਆਈਆਂ। ਇਨ੍ਹਾਂ ਬਸਤੀਆਂ ਵਿਚ ਕਿਹੋ ਜਿਹੇ ਪੂੰਜੀਵਾਦ ਦੀ ਉਸਾਰੀ ਹੋਈ ਅਤੇ ਕੌਮੀ ਮੁਕਤੀ ਲਹਿਰਾਂ ਨੇ ਕਿਹੋ ਜਿਹੀ ਸ਼ਕਲ ਅਖਤਿਆਰ ਕੀਤੀ, ਇਸ ਨੂੰ ਭਾਰਤੀ ਪ੍ਰਸੰਗ ਵਿਚ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ।

ਕੌਮ ਦੀ ਪਰਿਭਾਸ਼ਾ ਬਹੁਤ ਸਾਰੇ ਵਿਦਵਾਨਾਂ ਨੇ ਵੱਖੋ-ਵੱਖ ਢੰਗ ਨਾਲ ਕੀਤੀ ਹੈ। ਇਸ ਦੀ ਸਭ ਤੋਂ ਸਟੀਕ ਪਰਿਭਾਸ਼ਾ ਜੋਸਫ ਸਟਾਲਿਨ ਦੀ ਮੰਨੀ ਜਾਂਦੀ ਹੈ। ਉਸ ਅਨੁਸਾਰ, "ਕੌਮ ਕਿਸੇ ਨਿਸ਼ਚਤ ਇਲਾਕੇ ਵਿਚ ਇਤਿਹਾਸਕ



ਤੌਰ 'ਤੇ ਹੋਂਦ ਵਿਚ ਆਇਆ, ਇਕ ਜ਼ਬਾਨ ਬੋਲਣ ਵਾਲਾ ਨਸਲੀ ਸਮੂਹ ਹੈ ਜਿਸ ਦਾ ਆਪਣਾ ਆਰਥਿਕ ਪ੍ਰਬੰਧ ਅਤੇ ਉਸ ਉੱਪਰ ਉਸਰਿਆ ਸਭਿਆਚਾਰ ਹੁੰਦਾ ਹੈ।" ਇਸ ਪਰਿਭਾਸ਼ਾ ਵਿਚੋਂ ਪੰਜ ਤੱਤ ਉੱਭਰਦੇ ਹਨ- ਲੋਕਾਂ ਦਾ ਨਸਲੀ ਸਮੂਹ, ਸਾਂਝੀ ਜ਼ਬਾਨ, ਇਲਾਕਾ, ਸਭਿਆਚਾਰ ਅਤੇ ਅਰਥਚਾਰਾ। ਕੌਮ ਦੀ ਇਸ ਘਾੜਤ ਵਿਚ ਧਰਮ ਦਾ ਕਿਤੇ ਵੀ ਜ਼ਿਕਰ ਨਹੀਂ ਕਿਉਂਕਿ ਇਹ ਦੋਵੇਂ ਸੰਕਲਪ ਵੱਖਰੇ ਵੱਖਰੇ ਹਨ ਅਤੇ ਉਨ੍ਹਾਂ ਨੂੰ ਇਨ੍ਹਾਂ ਵਿਚਲੇ ਅੰਤਰਾਂ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਕੌਮ ਦੀ ਘਾੜਤ ਵਿਚ ਧਰਮ ਦੀ ਭੂਮਿਕਾ ਨਹੀਂ ਮੰਨੀ ਗਈ। ਕਾਰਨ ਸ਼ਾਇਦ ਇਹ ਹੈ ਕਿ ਕਿਸੇ ਕੌਮੀ ਸਮਾਜ ਵਿਚ ਧਰਮ ਕਿਸੇ ਵੇਲੇ ਵੀ ਪੈਦਾ ਹੋ ਸਕਦਾ ਹੈ ਜਾਂ ਕਿਸੇ ਹਾਲਤ ਵਿਚ ਲੁਪਤ ਹੋ ਸਕਦਾ ਹੈ। ਮਿਸਾਲ ਵਜੋਂ ਪੰਦਰਵੀਂ ਸਦੀ ਤਕ ਸਿੱਖ ਧਰਮ (ਲਹਿਰ) ਦੀ ਕੋਈ ਹੋਂਦ ਨਹੀਂ ਸੀ ਪਰ ਜਿਸ ਪੰਜਾਬੀ ਸਮਾਜ (ਕੌਮ) ਵਿਚ ਇਹ ਪਨਪਿਆ, ਇਹ ਪਹਿਲਾਂ ਤੋਂ ਹੀ ਮੌਜੂਦ ਸੀ। ਇਸੇ ਤਰ੍ਹਾਂ ਭਾਰਤ ਵਿਚ ਈਸਾਈ ਧਰਮ ਦੀ ਆਮਦ ਵੀ ਮੋਟੇ ਤੌਰ 'ਤੇ ਯੂਰੋਪੀਅਨ ਬਸਤੀਵਾਦੀਆਂ ਦੇ ਆਉਣ ਨਾਲ ਹੋਈ ਜਦੋਂ ਕਿ ਇਸ ਨੂੰ ਅਪਣਾਉਣ ਵਾਲੇ ਵੱਖ ਵੱਖ ਕੌਮੀਅਤਾਂ ਦੇ ਲੋਕ ਸਦੀਆਂ ਤੋਂ ਭਾਰਤ ਵਿਚ ਵਸਦੇ ਆ ਰਹੇ ਸਨ। ਇਸੇ ਤਰ੍ਹਾਂ ਕਿਸੇ ਵੇਲੇ ਦੇਸ਼ ਦੇ ਪ੍ਰਮੁੱਖ ਧਰਮ ਵਜੋਂ ਹੋਂਦ ਵਿਚ ਆਇਆ ਬੁੱਧ ਧਰਮ ਸਮਾਂ ਪੈ ਕੇ, ਭਾਰਤ ਦੇ ਵੱਡੇ ਭਾਗਾਂ ਵਿਚੋਂ ਲਗਭਗ ਲੋਪ ਹੋ ਗਿਆ।

ਭਾਰਤ ਵਿਚ ਦੋ ਦਰਜਨ ਦੇ ਕਰੀਬ ਕੌਮੀਅਤਾਂ ਹਨ ਜਿਨ੍ਹਾਂ ਦੀ ਭਾਰੀ ਗਿਣਤੀ ਹਿੰਦੂ ਧਰਮ ਨੂੰ ਮੰਨਦੀ ਹੈ ਪਰ ਇਕ ਹੀ ਧਰਮ ਨੂੰ ਮੰਨਣ ਦੇ ਬਾਵਜੂਦ ਉਨ੍ਹਾਂ ਦੀ ਵਸੋਂ/ਜਨਤਾ 'ਹਿੰਦੂ ਕੌਮ' ਨਹੀਂ ਬਣ ਜਾਂਦੀ। ਸਾਂਝੇ ਧਰਮ ਦੇ ਹੁੰਦਿਆਂ ਵੀ ਉਹ ਬੰਗਾਲੀ, ਮਲਿਆਲੀ, ਤਾਮਿਲ, ਤੈਲਗੂ, ਪੰਜਾਬੀ ਆਦਿ ਕੌਮੀਅਤਾਂ ਦੇ ਅੰਗ ਹਨ। ਇਕ ਕੌਮੀਅਤ ਦੇ ਲੋਕਾਂ ਨੂੰ ਜੋੜਨ ਲਈ ਧਰਮ ਕੋਈ ਭੂਮਿਕਾ ਨਹੀਂ ਨਿਭਾਉਂਦਾ। ਜੇ ਅਜਿਹਾ ਹੁੰਦਾ ਤਾਂ ਈਸਾਈ ਧਰਮ ਨੂੰ ਮੰਨਣ ਵਾਲੇ ਅਨੇਕਾਂ ਹੀ ਅਲੱਗ ਅਲੱਗ ਦੇਸ਼ ਨਾ ਹੁੰਦੇ। ਉਹਨਾਂ ਵਿਚ ਵਸਣ ਵਾਲੇ ਲੋਕ ਆਪਣੇ ਆਪ ਨੂੰ ਬਰਤਾਨਵੀ, ਫਰਾਂਸੀਸੀ, ਸਪੇਨੀ, ਪੁਰਤਗਾਲੀ, ਰੂਸੀ, ਜਰਮਨ, ਅਮਰੀਕਨ ਆਦਿ ਕਹਿਣ ਦੀ ਬਜਾਇ 'ਈਸਾਈ ਕੌਮ' ਕਹਾਉਂਦੇ ਪਰ ਅਜਿਹਾ ਨਹੀਂ ਹੁੰਦਾ। ਦੋ ਕੌਮਾਂ ਦੇ ਸਿਧਾਂਤ ਦੇ ਆਧਾਰ 'ਤੇ ਵੱਖ ਹੋਏ ਪਾਕਿਸਤਾਨ ਵਿਚ ਵੀ 'ਮੁਸਲਮਾਨ ਕੌਮ' ਨਾਂ ਦੀ ਕੋਈ ਚੀਜ਼ ਨਹੀਂ ਮਿਲਦੀ; ਜੇ ਅਜਿਹਾ ਹੁੰਦਾ ਤਾਂ ਬੰਗਾਲੀ ਕੌਮ ਦੇ ਮੁਸਲਮਾਨਾਂ ਨੂੰ ਬੰਗਲਾਦੇਸ਼ ਬਣਾਉਣ ਦੀ ਕੋਈ ਲੋੜ ਹੀ ਨਹੀਂ ਸੀ। ਮੌਜੂਦਾ ਪਾਕਿਸਤਾਨ ਅੰਦਰ ਹੀ ਇਸ ਵੇਲੇ ਮੁੱਖ ਚਾਰ ਕੌਮਾਂ ਹਨ- ਪੰਜਾਬੀ, ਸਿੰਧੀ, ਬਲੋਚੀ ਅਤੇ ਪਠਾਣ ਜਿਨ੍ਹਾਂ ਦੀਆਂ ਕੌਮੀ ਮੰਗਾਂ/ਮਸਲਿਆਂ ਦੇ ਆਧਾਰ ਉੱਪਰ ਆਪੋ ਵਿਚ ਤਿੱਖੀਆਂ ਵਿਰੋਧਤਾਈਆਂ ਹਨ।

ਸਿੱਖ ਗੁਰੂ ਜਿੱਥੇ ਵੀ ਗਏ, ਉੱਥੇ ਸਿੱਖੀ ਦਾ ਫੈਲਾਓ ਹੋਇਆ, ਭਾਵੇਂ ਪੰਜਾਬ ਦੇ ਮੁਕਾਬਲੇ ਭਾਰਤ ਦੇ ਬਾਕੀ ਸੂਬਿਆਂ ਵਿਚ ਇਹ ਬਹੁਤ ਹੀ ਘੱਟ ਹੈ। ਸਿੱਖ ਧਰਮ ਨੂੰ ਮੰਨਣ ਵਾਲੇ ਲੋਕਾਂ ਵਿਚ ਪੰਜਾਬੀ, ਮਰਾਠੇ, ਬਿਹਾਰੀ, ਬੰਗਾਲੀ, ਅਸਾਮੀ ਆਦਿ ਮਿਲਦੇ ਹਨ। ਸਾਂਝੇ ਧਰਮ ਨੂੰ ਮੰਨਣ ਦੇ ਬਾਵਜੂਦ ਉਹ ਵੱਖ ਵੱਖ ਕੌਮੀਅਤਾਂ ਦੇ ਭਾਗ ਹਨ। ਪੰਜਾਬ ਵਿਚ ਵਸਦੇ ਸਿੱਖ ਵੀ ਪੰਜਾਬੀ ਕੌਮੀਅਤ ਦਾ ਉਵੇਂ ਹੀ ਅੰਗ ਹਨ ਜਿਵੇਂ ਹਿੰਦੂ ਪੰਜਾਬੀ ਜਾਂ ਮੁਸਲਮਾਨ ਪੰਜਾਬੀ। ਇਨ੍ਹਾਂ ਸਭਨਾਂ ਦਾ ਜ਼ਬਾਨ, ਸਾਹਿਤ, ਸਭਿਆਚਾਰ, ਇਲਾਕਾ, ਨਸਲ, ਇਤਿਹਾਸ ਅਤੇ ਆਰਥਿਕਤਾ ਸਾਂਝੀ ਹੈ। ਇਨ੍ਹਾਂ ਦੇ ਗੀਤ, ਗਿੱਧੇ, ਭੰਗੜੇ, ਮੌਤ 'ਤੇ ਪੈਣ ਵਾਲੇ ਵੈਣ, ਸਮਾਜਿਕ ਵਰਤੋਂ ਵਿਹਾਰ, ਰਸਮੋ-ਰਿਵਾਜ਼, ਮੇਲੇ ਤਿਓਹਾਰ ਆਦਿ ਸਭ ਸਾਂਝੇ ਹਨ। ਪੰਜਾਬ ਵਿਚ ਰਹਿਣ ਵਾਲੇ ਹਿੰਦੂ ਹੋ ਸਕਦੇ ਹਨ, ਸਿੱਖ ਹੋ ਸਕਦੇ ਹਨ, ਮੁਸਲਮਾਨ ਹੋ ਸਕਦੇ ਹਨ ਪਰ 'ਹਿੰਦੂ ਕੌਮ', 'ਸਿੱਖ ਕੌਮ' ਤੇ 'ਮੁਸਲਮਾਨ ਕੌਮ' ਨਹੀਂ ਹੋ ਸਕਦੇ। ਉਹ ਪੰਜਾਬੀ ਹਨ ਅਤੇ ਪੰਜਾਬੀ ਕੌਮੀਅਤ ਦਾ ਹੀ ਅੰਗ ਰਹਿਣਗੇ।

ਪੰਜਾਬੀ ਕੌਮੀਅਤ ਅੰਦਰ ਦੋ ਮਸਲੇ ਹਨ; ਇਕ ਪੰਜਾਬੀ ਕੌਮੀਅਤ ਦੇ ਅਗਲੇਰੇ ਵਿਕਾਸ ਦਾ, ਇਹਦੇ ਵਿਰੁੱਧ ਕੀਤੇ ਜਾਂਦੇ ਵਿਤਕਰਿਆਂ ਦਾ; ਦੂਜਾ ਸਿੱਖ ਧਾਰਮਿਕ ਘੱਟ ਗਿਣਤੀ ਦੇ ਮੰਗਾਂ ਮਸਲਿਆਂ ਦਾ। ਇਨ੍ਹਾਂ ਲਈ ਦੋ ਵੱਖ ਵੱਖ ਹੱਲਾਂ ਦੀ ਲੋੜ ਹੈ। ਪੰਜਾਬੀ ਕੌਮੀਅਤ ਵੱਲੋਂ ਭਾਰਤ ਨਾਲੋਂ ਵੱਖਰੇ ਹੋਣ ਦੀ ਮੰਗ ਪੰਜਾਬੀਆਂ ਦੀ ਨਹੀਂ ਤੇ ਨਾ ਹੀ ਪੰਜਾਬੀ ਕੌਮੀਅਤ ਦੇ ਭਾਰੂ ਹਿੱਸੇ ਸਿੱਖਾਂ ਦੀ। ਪੰਜਾਬੀ ਕੌਮੀਅਤ ਦੀ ਅਸਲ ਮੰਗ ਸੱਚੀਮੁੱਚੀ ਦੇ ਫੈਡਰਲ ਭਾਰਤ ਦੀ ਹੈ। ਇਹ ਮੰਗ ਹੱਕੀ ਵੀ ਹੈ, ਜਮਹੂਰੀ ਵੀ। ਪੰਜਾਬੀ ਸਭ ਤੋਂ ਵੱਧ ਵਿਕਸਤ ਕੌਮੀਅਤ ਹਨ ਤੇ ਇਨ੍ਹਾਂ ਦੀ ਪ੍ਰਤੀ ਜੀਅ ਆਮਦਨ ਵੀ ਹੋਰਨਾਂ ਨਾਲੋਂ ਜ਼ਿਆਦਾ ਹੈ। ਪੰਜਾਬੀਆਂ ਦੀ ਕੇਂਦਰੀ ਰਿਆਸਤ ਦੇ ਸਿਆਸੀ ਆਰਥਿਕ ਕਲ-ਪੁਰਜ਼ਿਆਂ 'ਤੇ ਵੀ ਬਰਾਬਰ ਦੀ ਪੁੱਗਤ ਹੈ। ਫਿਰ ਵੀ ਪੰਜਾਬ ਦਾ ਆਰਥਿਕ ਵਿਕਾਸ ਨਹੀਂ ਕੀਤਾ ਗਿਆ। ਖੇਤੀ ਪੈਦਾਵਾਰ ਖੜੋਤ ਦਾ ਸ਼ਿਕਾਰ ਹੈ। ਵੱਡੀਆਂ ਅਤੇ ਦਰਮਿਆਨੀਆਂ ਸਨਅਤਾਂ ਦੀ ਕਮੀ ਹੈ, ਪੰਜਾਬ ਨੂੰ ਐਗਰੋ ਇੰਡਸਟਰੀ ਚਾਹੀਦੀ ਹੈ। ਪੰਜਾਬ ਨਾਲ ਸਿਆਸੀ ਧੱਕੇਸ਼ਾਹੀਆਂ ਹੋਈਆਂ ਹਨ। ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖ ਦਿੱਤੇ ਗਏ। ਪੰਜਾਬੀ ਭਾਸ਼ਾ ਦੇ ਵਿਕਾਸ ਵੱਲ, ਇਸ ਨੂੰ ਰਾਜ ਭਾਸ਼ਾ ਵਜੋਂ ਹਕੀਕੀ ਰੂਪ ਵਿਚ ਲਾਗੂ ਕਰਨ ਵੱਲ ਧਿਆਨ ਨਹੀਂ ਦਿੱਤਾ ਗਿਆ। ਸਭ ਤੋਂ ਵੱਡੀ ਗੱਲ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਅਜੇ ਤੱਕ ਪੰਜਾਬ ਦੇ ਹਵਾਲੇ ਨਹੀਂ ਕੀਤਾ ਗਿਆ। ਪੰਜਾਬ ਦੇ ਦਰਿਆਈ ਪਾਣੀਆਂ ਦੀ ਨਿਆਈਂ ਵੰਡ ਨਹੀਂ ਕੀਤੀ ਗਈ, ਪਣ-ਬਿਜਲੀ ਤੇ ਹੈਡ-ਵਰਕਸਾਂ ਦਾ ਕੰਟਰੋਲ ਨਹੀਂ ਦਿੱਤਾ ਗਿਆ। ਪੰਜਾਬੀ ਭਾਸ਼ਾ ਨੂੰ ਹਰਿਆਣਾ, ਹਿਮਾਚਲ ਅਤੇ ਦਿੱਲੀ ਵਿਚ ਦੂਜੀ ਭਾਸ਼ਾ ਵਜੋਂ ਮਾਨਤਾ ਦੇਣ ਤੋਂ ਇਨਕਾਰ ਕੀਤਾ ਗਿਆ। ਇਨ੍ਹਾਂ ਸਾਰੀਆਂ ਜਮਹੂਰੀ ਮੰਗਾਂ ਦੇ ਪੂਰੇ ਹੋਣ ਨਾਲ ਹੀ ਪੰਜਾਬੀ ਕੌਮੀਅਤ ਨਾਲ ਕੀਤੇ ਵਿਤਕਰਿਆਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ।

ਭਾਰਤ ਵਿਚ ਕੌਮੀ ਸਵਾਲ ਨੂੰ ਵਿਗਿਆਨਕ ਜਮਹੂਰੀ ਢੰਗ ਨਾਲ ਹੱਲ ਕੀਤੇ ਬਿਨਾ ਕੌਮੀਅਤਾਂ ਦੇ ਗਿਲੇ-ਸ਼ਿਕਵੇ ਦੂਰ ਨਹੀਂ ਕੀਤੇ ਜਾ ਸਕਦੇ, ਨਾ ਹੀ ਉਨ੍ਹਾਂ ਦਾ ਇਕਸਾਰ ਬਰਾਬਰ ਵਿਕਾਸ ਸੰਭਵ ਹੈ। ਨਾਲ ਹੀ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਕੌਮੀਅਤਾਂ ਦੇ ਘੋਲਾਂ ਨੂੰ ਮੌਜੂਦਾ ਅਗਵਾਈ ਦੇ ਰਹੀਆਂ ਸ਼ਕਤੀਆਂ ਆਪਣੀ ਇਤਿਹਾਸਕ ਕਮਜ਼ੋਰੀ ਅਤੇ ਜਮਾਤੀ ਹਿੱਤਾਂ ਸਦਕਾ ਜਿੱਤ ਤੱਕ ਨਹੀਂ ਪਹੁੰਚਾ ਸਕਦੀਆਂ। ਅਵਿਕਸਤ ਅਤੇ ਸਾਮਰਾਜ ਦੇ ਸਿੱਧੇ ਜਾਂ ਅਸਿੱਧੇ ਗਲਬੇ ਵਾਲੇ ਦੇਸ਼ਾਂ ਵਿਚ ਕੌਮੀ ਸਵਾਲ ਨਵੀਂ ਤਰ੍ਹਾਂ ਦੇ ਲੋਕ ਜਮਹੂਰੀ ਇਨਕਲਾਬ ਨਾਲ ਜੁੜਿਆ ਹੋਇਆ ਹੈ। ਇਹ ਕਾਰਜ ਸਿਰਫ਼ ਧਰਮ ਨਿਰਪੱਖ, ਇਨਕਲਾਬੀ ਅਤੇ ਜਮਹੂਰੀ ਜਥੇਬੰਦੀਆਂ ਹੀ ਨੇਪਰੇ ਚਾੜ੍ਹ ਸਕਦੀਆਂ ਹਨ। ਕੌਮੀਅਤਾਂ ਦੇ ਘੋਲ ਨੂੰ ਬੁਨਿਆਦੀ ਸਮਾਜਿਕ ਤਬਦੀਲੀ ਦੇ ਅੰਗ ਵਜੋਂ ਲੈਣਾ ਪਵੇਗਾ ਪਰ ਫੌਰੀ ਤੌਰ 'ਤੇ ਕੌਮੀਅਤਾਂ/ਰਾਜਾਂ ਨੂੰ ਵੱਧ ਅਧਿਕਾਰ ਦਿੰਦੇ ਹੋਏ ਵਿਵਸਥਾ ਨੂੰ ਹਕੀਕੀ ਫੈਡਰਲ ਰੂਪ ਦੇ ਕੇ ਹੀ ਇਸ ਦਿਸ਼ਾ ਵੱਲ ਪਹਿਲਾ ਕਦਮ ਪੁੱਟਿਆ ਜਾ ਸਕਦਾ ਹੈ।

# ਜੀ20 ਸੰਮੇਲਨ 'ਤੇ ਸੰਕਟ ਦਾ ਪਰਛਾਵਾਂ



**ਸੀ ਉਦੈ ਭਾਸਕਰ**

ਬਾਲੀ ਵਿਚ 16 ਨਵੰਬਰ ਨੂੰ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਜੋਕੋ ਵਿਡੋਡੋ ਨੇ ਜੀ20 ਦੀ ਪ੍ਰਧਾਨਗੀ ਦੀ ਛੜੀ ਰਸਮੀ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੌਂਪੀ ਸੀ। ਇਸ ਸਿਖਰ ਸੰਮੇਲਨ ਦਾ ਸਿੱਟਾ ਅੰਤਰ-ਸਬੰਧਿਤ ਕਈ ਪੱਧਰਾਂ 'ਤੇ ਭਾਰਤ ਲਈ ਪ੍ਰਸੰਗਕ ਹੈ। ਮੇਜ਼ਬਾਨ ਇਸ ਗੱਲੋਂ ਹਤਾਸ਼ ਵੀ ਦਿਸੇ ਕਿ ਜੀ20 ਦਾ ਏਜੰਡਾ ਅਮਰੀਕੀ ਰਾਸ਼ਟਰਪਤੀ ਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਵਿਚਕਾਰ ਹੋਈ ਦੁਵੱਲੀ ਗੱਲਬਾਤ, ਯੂਕਰੇਨ ਵਿਚ ਲੰਮੀ ਖਿੱਚ ਰਹੀ ਜੰਗ ਅਤੇ ਪੋਲੈਂਡ ਵਿਚ ਹੋਏ ਮਿਜ਼ਾਈਲ ਹਮਲੇ ਦੇ ਪਰਛਾਵੇਂ ਹੇਠ ਦਬ ਗਿਆ। ਉਂਝ, ਰਾਸ਼ਟਰਪਤੀ ਵਿਡੋਡੋ ਦੇ ਸਿਰ ਇਸ ਗੱਲ ਦਾ ਸਿਹਰਾ ਬੱਝਦਾ ਹੈ ਕਿ ਉਹ 'ਬਿੱਲੀਆਂ ਦੇ ਝੁੰਡ' ਨੂੰ ਗੱਲਬਾਤ ਦੀ ਮੇਜ਼ ਦੁਆਲੇ ਬਿਠਾਉਣ ਅਤੇ ਅੰਤਿਮ ਸਾਂਝਾ ਐਲਾਨਨਾਮਾ ਕਰਵਾਉਣ ਵਿਚ ਕਾਮਯਾਬ ਰਹੇ ਜੋ ਬਾਲੀ ਸੰਮੇਲਨ ਤੋਂ ਕੁਝ ਮਹੀਨੇ ਪਹਿਲਾਂ ਉੱਠੀਆਂ ਸਾਰੀਆਂ ਸੰਗੀਨ ਚੁਣੌਤੀਆਂ ਨਾਲ ਸਿੱਝਣ ਤੇ ਸਿਆਸੀ ਪੱਧਰ 'ਤੇ ਵਿਸਫੋਟਕ ਖੇਤਰ ਚੋਂ ਲੰਘਣ ਦੇ ਉਨ੍ਹਾਂ ਦੇ ਅਹਿਦ ਦਾ ਸ਼ਾਨਦਾਰ ਪ੍ਰਗਟਾਵਾ ਗਿਣਿਆ ਜਾ ਸਕਦਾ ਹੈ।

ਵੱਡੇ ਅਰਥਚਾਰਿਆਂ ਦੇ ਗਰੁੱਪ ਦੇ ਤੌਰ 'ਤੇ ਜੀ20 ਦੇ ਸੰਮੇਲਨ ਦੀ ਸ਼ੁਰੂਆਤ 2008 ਤੋਂ ਹੋਈ ਸੀ ਜਦੋਂ ਆਲਮੀ ਵਿੱਤੀ ਸੰਕਟ ਨਾਲ ਦੁਨੀਆ ਅਤੇ ਇਸ ਦੇ ਸਿੱਟੇ ਵਜੋਂ ਸੁਰੱਖਿਆ ਤੇ ਇਸ ਨਾਲ ਜੁੜੇ ਵਿਕਾਸ ਦੇ ਸੂਚਕਾਂ ਦੀਆਂ ਚੂਲਾਂ ਹਿੱਲ ਗਈਆਂ ਸਨ ਜਿਨ੍ਹਾਂ ਦੇ ਮਨੁੱਖੀ ਸੁਰੱਖਿਆ 'ਤੇ ਪ੍ਰਭਾਵ ਪੈਂਦਾ ਹੈ ਅਤੇ ਹੁਣ ਤੱਕ ਇਹੀ ਮਨੁੱਖੀ ਸੁਰੱਖਿਆ ਇਸ ਦੇ ਸੰਮੇਲਨਾਂ ਵਿਚ ਗੱਲਬਾਤ ਦਾ ਕੇਂਦਰ ਬਿੰਦੂ ਬਣੀ ਰਹੀ ਹੈ। ਕੂਟਨੀਤੀਵਾਨ ਅਤੇ ਵਿਸ਼ਾ ਮਾਹਿਰ ਇਹ ਯਕੀਨੀ ਬਣਾਉਣ ਲਈ ਮਹੀਨਿਆਂ ਬੱਧੀ ਤਨਦੇਹੀ ਨਾਲ ਕੰਮ ਕਰਦੇ ਰਹਿੰਦੇ ਹਨ ਕਿ ਇਸ ਕਿਸਮ ਦੇ ਹਰ ਸੰਮੇਲਨ ਦੇ ਅੰਤ 'ਤੇ ਠੋਸ ਆਮ ਸਹਿਮਤੀ ਵਾਲਾ ਦਸਤਾਵੇਜ਼ ਜਾਰੀ ਕੀਤਾ ਜਾ ਸਕੇ। ਬਾਲੀ ਸੰਮੇਲਨ ਨੂੰ ਇਸ ਕਿਸਮ ਦੀਆਂ ਬਹੁਤ ਸਾਰੀਆਂ ਜਟਿਲ ਅਤੇ ਮਜ਼ਬੂਤ ਸਿਆਸੀ ਤੇ ਦੇਸ਼ਾਂ ਦੀ ਸੁਰੱਖਿਆ ਨਾਲ ਸਬੰਧਿਤ ਧਾਰਾਵਾਂ ਨਾਲ ਜੂਝਣਾ ਪਿਆ ਜਿਨ੍ਹਾਂ ਨੇ ਆਲਮੀ ਭੂ-ਆਰਥਿਕ ਲੈਂਡਸਕੇਪ ਅਤੇ ਦੁਨੀਆ ਦੀ ਸਭ ਤੋਂ ਵੱਧ ਨਿਤਾਣੇ ਭੂਗੋਲ ਦੀ ਸੁਰੱਖਿਆ ਨੂੰ ਕਲਾਵੇ ਵਿਚ ਲਿਆ ਹੋਇਆ ਹੈ।

ਯੂਕਰੇਨ ਵਿਚ ਚੱਲ ਰਹੀ ਜੰਗ ਦਸਵੇਂ ਮਹੀਨੇ




ਵਿਚ ਦਾਖ਼ਲ ਹੋ ਗਈ ਹੈ ਅਤੇ ਪਿਛਲੇ ਸਾਲ ਫਰਵਰੀ ਦੇ ਆਖ਼ਿਰੀ ਹਫ਼ਤੇ ਵਿਚ ਰੂਸ ਦੇ ਨਾ-ਸਮਝੀ ਭਰੇ ਹਮਲੇ ਨਾਲ ਸ਼ੁਰੂ ਹੋਈ ਇਸ ਜੰਗ ਦੇ ਅਸਰ ਨੇ ਦੁਨੀਆ ਦੀ ਖੁਰਾਕ ਅਤੇ ਊਰਜਾ ਸੁਰੱਖਿਆ ਤਾਰ ਤਾਰ ਕਰ ਕੇ ਰੱਖ ਦਿੱਤੀ ਹੈ। ਮਾਸਕੋ ਦੇ ਇਸ ਫ਼ੌਜੀ ਦੁਸਾਹਸ ਦੇ ਪਰਮਾਣੂ ਹਥਿਆਰਾਂ ਦੇ ਹਵਾਲੇ ਨਾਲ ਹਾਲਾਤ ਬਹੁਤ ਜ਼ਿਆਦਾ ਵਿਗੜ ਗਏ ਹਨ। ਇਸ ਦੇ ਨਾਲ ਹੀ ਮਿਸਰ ਵਿਚ ਚੱਲ ਰਹੀ ਆਲਮੀ ਕਾਨਫਰੰਸ ਵਲੋਂ ਇਕ ਹੋਰ ਲਾਮਿਸਾਲ ਆਲਮੀ ਚੁਣੌਤੀ, ਭਾਵ ਜਲਵਾਯੂ ਤਬਦੀਲੀ ਵੱਲ ਧਿਆਨ ਕੇਂਦਰਤ ਕੀਤਾ ਗਿਆ ਹੈ ਤੇ ਨਾਲ ਹੀ ਇਸ ਵੱਲ ਵੀ ਕਿ ਦੁਨੀਆ ਦਾ ਕੁਲੀਨ ਵਰਗ ਅਜਿਹੇ ਸੰਕਟ ਨਾਲ ਫ਼ੌਰੀ ਤੌਰ 'ਤੇ ਸਿੱਝਣ ਲਈ ਕੋਈ ਕਾਰਗਰ ਸਹਿਮਤੀ ਬਣਾਉਣ ਵਿਚ ਨਾਕਾਮ ਸਾਬਿਤ ਹੋ ਰਿਹਾ ਹੈ ਜਿਸ ਕਰ ਕੇ ਸਮੁੱਚੀ ਧਰਤੀ ਅਤੇ ਇੱਥੇ ਵਧਦੇ ਇਨਸਾਨਾਂ, ਜੀਵ-ਜੰਤੂਆਂ ਅਤੇ ਬਨਸਪਤੀ ਦੀ ਹੋਂਦ ਖ਼ਤਰੇ ਵਿਚ ਪਈ ਹੋਈ ਹੈ।

ਲਿਹਾਜ਼ਾ, ਬਾਲੀ ਵਿਚ ਸਿਆਸੀ ਅਤੇ ਸੁਰੱਖਿਆ ਮਸਲਿਆਂ ਦਾ ਪਰਛਾਵਾਂ ਪੈਣਾ ਲਾਜ਼ਮੀ ਸੀ ਅਤੇ ਇਸ ਤੋਂ ਇਲਾਵਾ ਇਕ ਹੋਰ ਪ੍ਰਮੁੱਖ ਰਣਨੀਤਕ ਖੜਾਕ ਸੀ ਅਮਰੀਕਾ ਤੇ ਚੀਨ ਵਿਚਕਾਰ ਵਧ ਰਿਹਾ ਤਣਾਅ ਜਿਸ ਵਿਚ ਦੋਵਾਂ ਦੇਸ਼ਾਂ ਦੇ ਆਗੂ ਆਪੋ-ਆਪਣੀਆਂ ਘਰੇਲੂ ਮਜਬੂਰੀਆਂ ਨਾਲ ਜੂਝਦੇ ਹੋਏ ਆਪਸੀ ਨਿਰਭਰਤਾ ਤੇ ਇਕ ਦੂਜੇ ਪ੍ਰਤੀ ਸੁਰੱਖਿਆ ਪੱਖੋਂ ਬੇਚੈਨੀ ਭਰੇ ਜਟਿਲ ਸਬੰਧਾਂ ਨੂੰ ਸੰਭਾਲਦੇ ਹੋਏ ਨਜ਼ਰ ਆ ਰਹੇ ਸਨ।

ਇਸ ਲਈ ਜੀ20 ਦੇ ਸਾਂਝੇ ਬਿਆਨ ਦਾ ਸਭ ਤੋਂ ਅਹਿਮ ਹਿੱਸਾ ਸੁਭਾਅ ਪੱਖੋਂ ਸਿਆਸੀ ਤੇ ਸੁਰੱਖਿਆ ਖੇਤਰ ਨਾਲ ਸਬੰਧਿਤ ਸੀ ਅਤੇ ਭਾਰਤ ਦੇ ਜ਼ਾਵੀਏ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਦਿੱਤੀ ਗਈ ਉਸ ਸਲਾਹ ਦੀ ਪ੍ਰੋੜਤਾ ਵੀ ਹੈ ਕਿ ਅੱਜ ਦੇ ਯੁੱਗ ਵਿਚ ਜੰਗ ਦੇ ਕੋਈ ਮਾਇਨੇ ਨਹੀਂ ਹਨ। ਇਸ ਸਬੰਧੀ ਹਿੱਸੇ ਵਿਚ ਇਹ ਆਖਿਆ ਗਿਆ ਹੈ: 'ਪਰਮਾਣੂ ਹਥਿਆਰਾਂ ਦੀ ਵਰਤੋਂ ਜਾਂ ਧਮਕੀ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਟਕਰਾਵਾਂ ਦੇ ਸ਼ਾਂਤਮਈ ਹੱਲ, ਸੰਕਟਾਂ ਨੂੰ ਮੁਖ਼ਾਤਬ ਹੋਣ ਦੇ ਯਤਨਾਂ ਅਤੇ ਨਾਲ ਕੂਟਨੀਤੀ ਤੇ ਗੱਲਬਾਤ ਦੀ ਅਹਿਮੀਅਤ ਹੈ। ਅਜੋਕਾ ਯੁੱਗ ਹਰਗਿਜ਼ ਜੰਗ ਦਾ ਯੁੱਗ ਨਹੀ ਹੋਣਾ ਚਾਹੀਦਾ।'

ਇਹ ਸਵਾਲ ਆਪਣੀ ਥਾਂ ਖੜ੍ਹਾ ਹੈ ਕਿ ਕੀ ਇਸ ਸਲਾਹ ਨੂੰ ਰੂਸ ਤੇ ਯੂਕਰੇਨ ਦੋਵਾਂ ਵਲੋਂ ਮੰਨਿਆ ਜਾਵੇਗਾ ਜਾਂ ਨਹੀਂ ਪਰ ਕਿਉਂਕਿ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਨਕਾਰਾ ਹੋ ਜਾਣ ਨਾਲ (ਇਸ ਦੇ ਇਕ ਪੱਕੇ 5 ਮੈਂਬਰ ਰੂਸ ਦੇ ਯੂਕਰੇਨ ਵਿਚ ਜੰਗ ਦੇ ਮੁੱਖ ਕਾਰਕ ਬਣਨ ਕਰ ਕੇ) ਇਹ ਤਵੱਕੋ ਕੀਤੀ ਜਾਵੇਗੀ ਕਿ ਭਾਰਤ ਦੀ ਪ੍ਰਧਾਨਗੀ ਹੇਠ ਜੀ20 ਹੋਰਨਾਂ ਦੇਸ਼ਾਂ ਨਾਲ ਤਾਲਮੇਲ ਕਰ ਕੇ ਅਮਨ ਕਾਇਮ ਕਰਨ ਵਿਚ ਅਹਿਮ ਭੂਮਿਕਾ ਨਿਭਾਵੇ; ਹਾਲਾਂਕਿ ਇਸ ਦੀ ਉਮੀਦ ਘੱਟ ਹੈ ਕਿਉਂਕਿ ਚੀਨ ਯੂਕਰੇਨ ਟਕਰਾਅ ਵਿਚ ਆਪਣੀ ਭੂਮਿਕਾ ਨੂੰ ਅਹਿਮ ਗਿਣਦਾ ਹੈ ਜਿਸ ਦਾ ਇਕ ਕਾਰਨ ਇਹ ਹੈ ਕਿ ਚਲੰਤ ਆਲਮੀ ਰਣਨੀਤਕ ਚੌਖਟੇ ਵਿਚ ਚੀਨ ਤੇ ਰੂਸ ਅਮਰੀਕੀ ਦਾਦਾਗਿਰੀ ਦੇ ਟਾਕਰੇ ਲਈ ਆਪਣੀ ਦੁਵੱਲੇ ਸਬੰਧਾਂ ਦੀ ਅਹਿਮੀਅਤ ਨੂੰ ਬਾਖ਼ੂਬੀ ਸਮਝਦੇ ਹਨ।


(ਬਾਕੀ ਸਫਾ 21 'ਤੇ)

# ਸਿਆਸਤ 'ਚ ਕੁਲਫੀਆਂ ਗਰਮ ਤੇ ਮਿਰਚਾਂ ਮਿੱਠੀਆਂ ਬਿਲਕੁਲ ਨਹੀਂ ਹੁੰਦੀਆਂ

**ਸੰਜੀਵਨ ਸਿੰਘ**

ਹਿੰਦੁਸਤਾਨ ਦੀ ਸਿਆਸਤ ਵਿਚ ਭਾਵੇਂ ਨਾ ਸਹੀ ਪਰ ਪੰਜਾਬ ਦੀ ਰਾਜਨੀਤੀ ਦੇ ਇਤਿਹਾਸ ਵਿਚ ਪਹਿਲੀ ਵਾਰ ਕੋਈ ਕਲਾਕਾਰ ਮੁੱਖ ਮੰਤਰੀ ਵਰਗੇ ਅਹਿਮ ਅਹੁਦੇ ਤਕ ਪਹੁੰਚਿਆ ਹੈ। ਇਹ ਕਲਾਕਾਰ ਭਾਈਚਾਰੇ ਵਾਸਤੇ ਛੋਟੀ ਨਹੀਂ, ਬਹੁਤ ਵੱਡੀ ਗੱਲ ਹੈ। ਆਮ ਤੌਰ 'ਤੇ ਸਿਆਸਤ ਕਲਮਕਾਰ/ਕਲਾਕਾਰ ਦੇ ਵੱਸ ਦਾ ਰੋਗ ਨਹੀਂ ਸਮਝਿਆ ਜਾਂਦਾ ਕਿਉਂਕਿ ਸਿਆਸਤ ਤੇ ਕਲਾ ਦੀ ਤਬੀਅਤ ਬਿਲਕੁਲ ਹੀ ਵੱਖਰੀ ਹੁੰਦੀ ਹੈ। ਕਲਾਕਾਰ ਨੂੰ ਸੰਵੇਦਨਸ਼ੀਲ ਅਤੇ ਸੂਖਮ ਭਾਵੀ ਸਮਝਿਆ ਜਾਂਦਾ ਹੈ ਤੇ ਸਿਆਸਤਦਾਨਾਂ ਬਾਰੇ ਕੁਝ ਕਹਿਣ ਦੀ ਲੋੜ ਹੀ ਨਹੀਂ। ਹਾਲਾਂਕਿ ਸਿਆਸਤ ਮੇਰਾ ਖੇਤਰ ਨਹੀਂ ਹੈ, ਮੇਰਾ ਕਾਰਜ ਖੇਤਰ ਰੰਗਮੰਚ, ਸੱਭਿਆਚਾਰ ਤੇ ਸਾਹਿਤ ਹੈ ਪਰ ਇੱਥੇ ਮੈਂ ਸੱਭਿਆਚਾਰਕ ਪ੍ਰਦੂਸ਼ਣ ਦਾ ਰੋਣਾ ਨਹੀਂ ਰੋਣਾ, ਇਹ ਵੀ ਸ਼ਿਕਵਾ ਨਹੀਂ ਕਰਨਾ ਕਿ ਲੱਚਰਤਾ, ਅਸ਼ਲੀਲਤਾ, ਹਿੰਸਾ ਅਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਦੀ ਗਾਇਕੀ ਨੂੰ ਠੱਲ੍ਹ ਪਾਉਣ ਲਈ ਪਹਿਲੀਆਂ ਸਰਕਾਰਾਂ ਵਾਂਗ ਇਕ ਕਲਾਕਾਰ ਮੁੱਖ ਮੰਤਰੀ ਦਾ ਰਵੱਈਆ ਵੀ ਉਦਾਸੀਨ ਹੀ ਹੈ। ਇਸ ਕਿਸਮ ਦੀ ਘਾਤਕ ਅਤੇ ਬੇਸਿਰ-ਪੈਰ ਗਾਇਕੀ ਸਮਾਜ ਅਤੇ ਨੌਜਵਾਨੀ 'ਤੇ ਮਾੜਾ ਅਸਰ ਪਾ ਹੀ ਰਹੀ ਸੀ, ਹੁਣ ਤਾਂ ਅਜਿਹੇ ਗੀਤ ਗਾਉਣ ਵਾਲੇ ਗਾਇਕ ਖ਼ੁਦ ਵੀ ਇਸ ਦਾ ਸ਼ਿਕਾਰ ਹੋਣ ਲੱਗ ਗਏ ਹਨ।

ਤਿੰਨ-ਚਾਰ ਦਹਾਕੇ ਵਿਅੰਗਮਈ ਤਰੀਕੇ ਨਾਲ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਊਣਤਾਈਆਂ 'ਤੇ ਬੇਬਾਕੀ ਅਤੇ ਕਲਾਮਈ ਤਰੀਕੇ ਨਾਲ ਬਖੀਏ ਉਧੇੜਨ ਵਾਲੇ ਇਸ ਕਲਾਕਾਰ ਮੁੱਖ ਮੰਤਰੀ ਨੇ ਪੰਜਾਬੀ ਹਾਸ ਵਿਅੰਗ ਨੂੰ ਇਕ ਖ਼ਾਸ ਮੁਕਾਮ 'ਤੇ ਪਹੁੰਚਾਇਆ। 'ਕੁਲਫੀ ਗਰਮਾ-ਗਰਮ' ਅਤੇ 'ਮਿੱਠੀਆਂ ਮਿਰਚਾਂ' ਆਦਿ ਆਡੀਓ ਤੇ ਵੀਡੀਓ ਕੈਸਟਾਂ ਅਤੇ ਕਈ ਟੀਵੀ ਸ਼ੋਆਂ ਰਾਹੀਂ ਚਰਚਾ ਵਿਚ ਰਹੇ ਭਗਵੰਤ ਮਾਨ ਨੇ ਡੇਢ ਕੁ ਦਹਾਕਾ ਪਹਿਲਾਂ ਸਿਆਸਤ ਦੇ ਖੇਤਰ ਵਿਚ ਸ਼ਾਮਲ ਹੋ ਕੇ ਅਣਕਿਆਸੇ ਮੁਕਾਮ ਹਾਸਲ ਕੀਤੇ। ਮੁੱਖ ਮੰਤਰੀ ਵਜੋਂ ਸੱਤ ਮਹੀਨਿਆਂ ਵਿਚ ਕੀਤੀਆਂ ਪ੍ਰਾਪਤੀਆਂ ਦਾ ਜ਼ਿਕਰ ਤਾਂ ਤਕਰੀਬਨ ਹਰ ਰੋਜ਼ ਪ੍ਰਚਾਰ ਮਾਧਿਅਮਾਂ ਰਾਹੀਂ ਪੜ੍ਹਨ/ਸੁਣਨ ਨੂੰ ਮਿਲ ਜਾਂਦਾ ਹੈ। ਇਸ ਮਾਮਲੇ ਵਿਚ ਹਾਕਮ ਧਿਰ ਅਤੇ ਲੋਕ ਸੰਪਰਕ ਵਿਭਾਗ ਆਪਣੀ 'ਜ਼ਿੰਮੇਵਾਰੀ' ਪੂਰੀ 'ਤਨਦੇਹੀ' ਨਾਲ ਨਿਭਾ ਰਿਹਾ ਹੈ ਪਰ ਪ੍ਰਸ਼ਾਸਕੀ ਅਤੇ ਕਾਨੂੰਨੀ ਮਸ਼ਵਰੇ ਲਈ ਭਾਰੀ ਗਿਣਤੀ ਵਿਚ ਮੌਜੂਦ ਅਮਲਾ-ਫੈਲਾ ਹੋਣ ਦੇ ਬਾਵਜੂਦ ਕੁਝ ਐਲਾਨ/ਫੈਸਲੇ ਕਰ ਕੇ ਮੁੱਖ ਮੰਤਰੀ ਸਾਹਿਬ ਨੇ ਆਪਣੀ ਬੇਵਜ੍ਹਾ ਕਿਰਕਰੀ ਕਰਵਾ ਲਈ ਜਿਸ ਤੋਂ ਬਚਿਆ ਜਾ ਸਕਦਾ ਸੀ। ਮੁੱਖ ਮੰਤਰੀ ਸਾਹਿਬ ਨੂੰ ਸ਼ਹੀਦ-ਏ-ਆਜ਼ਮ ਤੇ ਬਾਬਾ ਸਾਹਿਬ ਦੀਆਂ ਤਸਵੀਰਾਂ ਲਗਾਉਣ ਤੋਂ ਬਾਅਦ ਵਿਚ ਪਤਾ ਲੱਗਿਆ ਕਿ ਨਿਯਮਾਂ ਮੁਤਾਬਕ ਵਿਧਾਨ ਸਭਾ ਦੇ ਅਹਾਤੇ ਵਿਚ ਕਿਸੇ ਕਿਸਮ ਦੀ ਛੇੜ-ਛਾੜ ਨਹੀਂ ਕੀਤੀ ਜਾ ਸਕਦੀ। ਕੀ ਐਲਾਨ ਕਰਨ ਤੋਂ ਪਹਿਲਾਂ ਭਗਵੰਤ ਮਾਨ ਸਾਹਿਬ ਨੂੰ ਪ੍ਰਸ਼ਾਸਕੀ ਅਤੇ ਕਾਨੂੰਨੀ ਮਸ਼ਵਰੇ ਲਈ ਮੌਜੂਦ ਅਮਲੇ-ਫੈਲੇ ਤੋਂ ਮਸ਼ਵਰਾ ਨਹੀਂ ਸੀ ਲੈ ਲੈਣਾ ਚਾਹੀਦਾ? ਜਾਂ ਪ੍ਰਸ਼ਾਸਕੀ ਅਤੇ ਕਾਨੂੰਨੀ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ




ਪਹਿਲਾਂ ਹੀ ਜਾਣੂ ਨਹੀਂ ਸੀ ਕਰਵਾ ਦਿੱਤਾ ਜਾਣਾ ਚਾਹੀਦਾ? ਪੰਜਾਬ ਵਿਚ ਘੁੜੱਕਿਆਂ ਉੱਪਰ ਪੂਰਨ ਤੌਰ 'ਤੇ ਪਾਬੰਦੀ ਲਾਉਣ ਦੇ ਐਲਾਨ ਤੋਂ ਬਾਅਦ ਭਾਰੀ ਜਨਤਕ ਵਿਰੋਧ ਮਗਰੋਂ ਦੂਜੇ ਹੀ ਦਿਨ ਉਕਤ ਪਾਬੰਦੀ ਦੇ ਐਲਾਨ ਤੋਂ ਪਿੱਛੇ ਹਟਣਾ ਵੀ ਕਿਰਕਿਰੀ ਦੀ ਇਕ ਹੋਰ ਵਜ੍ਹਾ ਬਣਿਆ। ਕੀ ਮੁੱਖ ਮੰਤਰੀ ਸਾਹਿਬ ਆਪਣੇ ਕਿਸੇ ਰਾਜਨੀਤਕ ਸਹਿਯੋਗੀ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਹੀ ਇਸ ਕਿਸਮ ਦੇ ਫ਼ੈਸਲੇ ਲੈ ਲੈਂਦੇ ਹਨ? ਜੋ ਆਮ ਲੋਕਾਂ ਦੀ ਰੋਜ਼ੀ-ਰੋਟੀ ਉੱਪਰ ਮਾੜੂ ਅਸਰ ਪਾਉਂਦੇ ਹੋਣ।

ਵਿਰੋਧੀ ਧਿਰ ਵੱਲੋਂ ਲੋੜੀਂਦੇ ਬਹੁਮਤ ਨਾਲ ਹਾਕਮ ਧਿਰ ਖ਼ਿਲਾਫ਼ ਬੇ-ਭਰੋਸਗੀ ਮਤਾ ਲਿਆਉਣਾ ਅਤੇ ਹਾਕਮ ਧਿਰ ਵੱਲੋਂ ਬਹੁਮਤ ਸਿੱਧ ਕਰਨ ਲਈ ਵਿਧਾਨ ਸਭਾ ਸੈਸ਼ਨ ਸੱਦਣਾ ਤਾਂ ਸਮਝ ਆਉਂਦਾ ਹੈ ਪਰ ਲੋੜ ਤੋਂ ਕਿਤੇ ਵੱਧ ਵਿਧਾਇਕਾਂ ਦੀ ਹਮਾਇਤ ਹੋਣ ਦੇ ਬਾਵਜੂਦ ਭਰੋਸਗੀ ਮੱਤ ਲਈ ਸੈਸ਼ਨ ਸੱਦਣ ਲਈ ਗਵਰਨਰ ਸਾਹਿਬ ਨੂੰ ਪੱਤਰ ਲਿਖਣਾ ਸਮਝ ਤੋਂ ਬਾਹਰ ਦਾ ਮਾਜਰਾ ਹੈ ਅਤੇ ਗਵਰਨਰ ਸਾਹਿਬ ਵੱਲੋਂ ਪਹਿਲਾਂ ਸਹਿਮਤੀ ਦੇਣਾ ਅਤੇ ਫਿਰ ਦੂਸਰੇ ਦਿਨ ਇਹ ਕਹਿ ਕੇ ਸਹਿਮਤੀ ਵਾਪਸ ਲੈਣਾ ਕਿ ਨਿਯਮਾਂ ਨੂੰ ਘੋਖਣ/ਵਾਚਣ ਤੋਂ ਬਾਅਦ ਪਤਾ ਲੱਗਾ ਹੈ ਕਿ ਭਰੋਸਗੀ ਮੱਤ ਲਈ ਸੈਸ਼ਨ ਸੱਦਣਾ ਗ਼ੈਰ-ਸੰਵਿਧਾਨਕ ਹੈ। ਕੀ ਗਵਰਨਰ ਸਾਹਿਬ ਨੂੰ ਸਹਿਮਤੀ ਦੇਣ ਤੋਂ ਪਹਿਲਾਂ ਨਿਯਮਾਂ ਨੂੰ ਘੋਖਣਾ/ਵਾਚਣਾ ਨਹੀਂ ਸੀ ਚਾਹੀਦਾ? ਜਾਂ ਗਵਰਨਰ ਸਾਹਿਬ ਹਾਕਮ ਧਿਰ ਨੂੰ ਕਸੂਤੀ ਸਥਿਤੀ ਵਿਚ ਪਾਉਣਾ ਚਾਹੁੰਦੇ ਸਨ? ਕੀ ਗਵਰਨਰ ਸਾਹਿਬ ਦੀ ਆਪਣੀ ਕਾਬਲੀਅਤ ਵੀ ਸ਼ੱਕ ਦੇ ਦਾਇਰੇ ਵਿਚ ਤਾਂ ਨਹੀਂ ਆ ਗਈ? ਇਹ ਮਾਮਲਾ ਵੀ ਹਾਕਮ ਧਿਰ ਦੀ ਕਿਰਕਰੀ ਦਾ ਕਾਰਨ ਬਣਿਆ। ਹਾਕਮ ਧਿਰ ਵੱਲੋਂ ਪਰਾਲੀ ਸਾੜਨ ਵਾਲੇ ਕਿਸਾਨਾਂ ਵਿਰੁੱਧ ਲਾਲ ਇੰਦਰਾਜ (ਰੈੱਡ ਐਂਟਰੀ) ਕਰਨ ਅਤੇ ਕੇਸ ਦਰਜ ਕਰਨ ਵਰਗੀਆਂ ਸਖ਼ਤ ਕਾਰਵਾਈਆਂ ਕਰਨ ਦੇ ਹੁਕਮ ਦਿੰਦੇ ਸਾਰ ਹੀ ਪੈਂਦੀ ਸੱਟੇ ਕਿਸਾਨਾਂ ਦੇ ਭਾਰੀ ਵਿਰੋਧ ਕਾਰਨ ਪਿੱਛਲ-ਖੁਰੀ ਮੁੜਨ ਨਾਲ ਕੀ ਸਰਕਾਰ ਦੀ ਸਥਿਤੀ ਕਿਤੇ 'ਬੋੜ੍ਹ ਕਾਹਨੂੰ ਮਾਰਦੈਂ, ਸ਼ੇਰ ਆਂ ਬਈ ਸ਼ੇਰ ਆਂ।' ਇਸ ਮਸਲੇ 'ਤੇ ਸਰਕਾਰ ਦੀ ਚੰਗੀ-ਖ਼ਾਸੀ ਤੋਏ-ਤੋਏ ਹੋਈ। ਬਾਬਾ ਫ਼ਰੀਦ ਯੂਨੀਵਰਸਿਟੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ-ਕੁਲਪਤੀਆਂ ਦੀ ਨਿਯੁਕਤੀ ਦੇ ਮਾਮਲੇ ਵਿਚ ਵੀ ਹਾਕਮ ਧਿਰ ਨਾਲ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਵਾਲੀ ਹੋਈ ਹੈ।

ਸਿਹਤ ਮੰਤਰੀ ਦੇ ਗ਼ੈਰ-ਵਾਜਿਬ ਰਵੱਈਏ ਤੋਂ ਖ਼ਫ਼ਾ ਹੋ ਕੇ ਉਸ ਸਮੇਂ ਦੇ ਉਪ-ਕੁਲਪਤੀ ਵੱਲੋਂ ਦਿੱਤੇ ਅਸਤੀਫ਼ੇ ਤੋਂ ਬਾਅਦ ਮੁੱਖ ਮੰਤਰੀ ਵੱਲੋਂ ਨਵੇਂ ਉਪ-ਕੁਲਪਤੀ ਦੇ ਐਲਾਨ ਨੂੰ ਗਵਰਨਰ ਸਾਹਿਬ ਵੱਲੋਂ ਨਾ-ਮਨਜ਼ੂਰ ਕਰਨਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ-ਕੁਲਪਤੀ ਦੀ ਨਿਯੁਕਤੀ ਤੋਂ ਤਕਰੀਬਨ ਢਾਈ ਮਹੀਨੇ ਬਾਅਦ ਉਨ੍ਹਾਂ ਨੂੰ ਹਟਾਉਣ ਦਾ ਫ਼ੁਰਮਾਨ ਬੇਸ਼ੱਕ ਕਿਸੇ ਵੀ ਸੂਰਤ ਵਿਚ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਨਿਯਮ ਭਾਵੇਂ ਕੁਝ ਵੀ ਕਹਿੰਦੇ ਹੋਣ ਪਰ ਭਗਵੰਤ ਮਾਨ ਹੋਰਾਂ ਵੱਲੋਂ ਸ਼ਿਸ਼ਟਾਚਾਰ ਦੇ ਤੌਰ 'ਤੇ ਗਵਰਨਰ ਸਾਹਿਬ ਨਾਲ ਜੇ ਮਸ਼ਵਰਾ ਕਰ ਲਿਆ ਜਾਂਦਾ ਅਤੇ ਆਪਣੇ ਪ੍ਰਸ਼ਾਸਕੀ ਅਤੇ ਕਾਨੂੰਨੀ ਅਮਲੇ-ਫੈਲੇ ਤੋਂ ਰਾਇ ਲੈ ਲਈ ਜਾਂਦੀ ਤਾਂ ਜਨਤਕ ਤੌਰ 'ਤੇ ਠਿੱਠ ਹੋਣ ਤੋਂ ਬਚਿਆ ਜਾ ਸਕਦਾ ਸੀ। ਦੇਸ਼ ਦੇ ਨਵੇਂ ਰਾਸ਼ਟਰਪਤੀ ਨਾਲ ਰਸਮੀ ਮੁਲਾਕਾਤ ਸਮੇਂ ਮੁੱਖ-ਮੰਤਰੀ ਭਗਵੰਤ ਮਾਨ ਉਨ੍ਹਾਂ ਨੂੰ ਪੰਜਾਬ ਆਉਣ ਦਾ ਸੱਦਾ ਦਿੰਦੇ ਹਨ ਪਰ ਜਦ ਰਾਸ਼ਟਰਪਤੀ ਆਉਂਦੇ ਹਨ ਤਾਂ ਖ਼ੁਦ ਗਾਇਬ ਹੋ ਜਾਣ ਨੂੰ ਕੀ ਕਿਹਾ ਜਾਵੇ? ਮਾਨ ਸਾਹਿਬ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਜਦ ਆਪਣੇ ਘਰ ਵਿਆਹ ਰੱਖਿਆ ਹੋਵੇ ਤਾਂ ਗੁਆਂਢੀਆਂ ਦੀ ਭੱਠੀ 'ਤੇ ਬੈਠਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਅਜਿਹੇ ਮੌਕੇ ਸਾਕ-ਸਕੀਰੀਆਂ ਛੱਡਣੀਆਂ ਪੈਂਦੀਆਂ ਨੇ। ਮਾਨ ਸਾਹਿਬ ਸਿਆਸੀ ਸ਼ਰੀਕ ਤਾਂ ਉਂਅ ਮਾਣ ਨੀ ਹੁੰਦੇ, ਜੇ ਮੌਕਾ ਮਿਲ ਜੇ ਫੇਰ ਤਾਂ ਉਨ੍ਹਾਂ ਨੇ ਅਸਮਾਨ ਸਿਰ 'ਤੇ ਚੁੱਕਣਾ ਹੀ ਹੈ। ਪਰ ਤੁਸੀਂ ਮੌਕਾ ਨਹੀਂ, ਮੌਕਿਆਂ 'ਤੇ ਮੌਕੇ ਦੇ ਰਹੇ ਹੋ।

ਲੰਬੇ ਸਿਆਸੀ ਤਜਰਬੇ ਤੋਂ ਬਾਅਦ ਤਹਾਨੂੰ ਸ਼ਾਇਦ ਇਹ ਅਹਿਸਾਸ ਹੋ ਹੀ ਗਿਆ ਹੋਵੇਗਾ ਕਿ ਸਿਆਸਤ ਦੇ ਰਾਹ ਤਿਲਕਵੇਂ ਤੇ ਉਬੜ-ਖਾਬੜ ਹੁੰਦੇ ਹਨ ਪਰ ਤੁਹਾਨੂੰ ਸ਼ਾਇਦ ਇਹ ਇਲਮ ਨਹੀਂ ਹੋਵੇਗਾ ਕਿ ਕਾਮੇਡੀ ਦੇ ਖੇਤਰ 'ਚ ਕੁਲਫੀਆਂ ਗਰਮ ਤੇ ਮਿਰਚਾਂ ਮਿੱਠੀਆਂ ਤਾਂ ਹੋ ਸਕਦੀਆਂ ਹਨ ਪਰ ਸਿਆਸਤ 'ਚ ਕੁਲਫੀਆਂ ਠੰਢੀਆਂ ਅਤੇ ਮਿਰਚਾਂ ਕੌੜੀਆਂ ਹੀ ਹੁੰਦੀਆਂ ਹਨ।

# ਨਾ ਖੋਹੀ ਜਾਵੇ ਬੱਚਿਆਂ ਦੀ ਮੁਸਕਾਨ, ਇਨ੍ਹਾਂ ਨਾਲ ਹੀ ਸੁੰਦਰ ਲੱਗਦੈ ਜਹਾਨ

**ਪਰਮਜੀਤ ਸਿੰਘ ਨਿੱਕੇ ਘੁੰਮਣ**

ਕਿਸੇ ਵਿਦਵਾਨ ਦੇ ਬੋਲ ਹਨ "ਬੱਚੇ ਪਰਮਾਤਮਾ ਦੀ ਉਹ ਖ਼ੂਬਸੂਰਤ ਰਚਨਾ ਹਨ ਜੋ ਹਰ ਰੁੱਤੇ ਖ਼ੁਸ਼ੀਆਂ-ਖੇੜੇ ਵੰਡਦੇ ਹਨ।' ਇਹ ਕਥਨ ਅੱਖਰ-ਅੱਖਰ ਸੱਚ ਹੈ ਕਿਉਂਕਿ ਨੰਨ੍ਹੇ-ਮੁੰਨੇ ਤੇ ਅਣਭੋਲ ਜਿਹੇ ਬੱਚਿਆਂ ਦੀ ਮੁਸਕਰਾਹਟ ਦੁਖੀ ਮਨੁੱਖ ਦਾ ਹਿਰਦਾ ਵੀ ਠਾਰ ਦਿੰਦੀ ਹੈ ਅਤੇ ਸਾਨੂੰ ਅਹਿਸਾਸ ਕਰਵਾਉਂਦੀ ਹੈ ਕਿ ਵੱਡੀਆਂ-ਵੱਡੀਆਂ ਚੀਜ਼ਾਂ 'ਚ ਖ਼ੁਸ਼ੀ ਤਲਾਸ਼ਦਿਆਂ ਸਾਰੀ ਉਮਰ ਭਟਕਣ ਦੀ ਥਾਂ ਜੇ ਬੱਚਿਆਂ ਵਾਂਗ ਨਿੱਕੀਆਂ-ਨਿੱਕੀਆਂ ਚੀਜ਼ਾਂ 'ਚ ਖ਼ੁਸ਼ੀ ਤਲਾਸ਼ ਲਈਏ ਤਾਂ ਜ਼ਿੰਦਗੀ ਕਿੰਨੀ ਸੌਖੀ ਤੇ ਖ਼ੁਸ਼ਗਵਾਰ ਹੋ ਸਕਦੀ ਹੈ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਤੇ ਬੱਚਿਆਂ ਦੇ 'ਚਾਚਾ ਨਹਿਰੂ' ਜਵਾਹਰਲਾਲ ਨਹਿਰੂ ਨੇ ਵੀ ਕਿਹਾ ਸੀ, 'ਬੱਚੇ ਤਾਂ ਕਿਸੇ ਰਾਸ਼ਟਰ ਦੀ ਤਾਕਤ ਹਨ ਤੇ ਸਮਾਜ ਦੀ ਨੀਂਹ ਹਨ।' ਭਾਵ ਬੱਚਿਆਂ ਨੂੰ ਜੇ ਚੰਗਾ ਬਚਪਨ, ਚੰਗੀ ਸਿੱਖਿਆ ਤੇ ਚੰਗੇ ਸੰਸਕਾਰ ਦੇ ਦਿੱਤੇ ਜਾਣ ਤਾਂ ਕਿਸੇ ਵੀ ਕੌਮ ਜਾਂ ਰਾਸ਼ਟਰ ਦੀ ਨਾ ਕੇਵਲ ਨੀਂਹ ਮਜ਼ਬੂਤ ਹੋਵੇਗੀ ਸਗੋਂ ਉਸ ਮੁਲਕ ਦਾ ਭਵਿੱਖ ਵੀ ਸੁਨਹਿਰਾ ਹੋਵੇਗਾ। ਭਾਰਤ 'ਚ ਬੱਚਿਆਂ ਨੂੰ ਮਿਲਣ ਵਾਲੀ ਪੌਸ਼ਟਿਕ ਖ਼ੁਰਾਕ ਦੀ ਹਾਲਤ ਇਹ ਹੈ ਕਿ ਪੰਜ ਸਾਲ ਤੋਂ ਘੱਟ ਉਮਰ 'ਚ ਮੌਤ ਦੇ ਮੂੰਹ 'ਚ ਜਾ ਪੈਣ ਵਾਲੇ ਹਰੇਕ ਤਿੰਨ ਬੱਚਿਆਂ ਵਿੱਚੋਂ ਦੋ ਦੀ ਮੌਤ ਭਰਪੇਟ ਭੋਜਨ ਜਾਂ ਪੌਸ਼ਟਿਕ ਭੋਜਨ ਨਾ ਮਿਲਣ ਕਾਰਨ ਹੁੰਦੀ ਹੈ।ਭਾਰਤ 'ਚ ਹਰ 2 ਸਕਿੰਟ 'ਚ ਇਕ ਬੱਚੀ ਨੂੰ ਨਾਬਾਲਗ ਉਮਰ 'ਚ ਵਿਆਹ ਦਿੱਤਾ ਜਾਂਦਾ ਹੈ। 'ਬੇਟੀ ਬਚਾਓ ਸੰਸਥਾ' ਵੱਲੋਂ ਜਾਰੀ ਅੰਕੜਿਆਂ ਅਨੁਸਾਰ ਭਾਰਤ 'ਚ ਹਰ ਸਾਲ ਜਨਮ ਲੈਣ ਵਾਲੀਆਂ 1 ਕਰੋੜ 20 ਲੱਖ ਬਾਲੜੀਆਂ ਵਿੱਚੋਂ 10 ਲੱਖ ਆਪਣੀ ਉਮਰ ਦਾ ਪਹਿਲਾ ਵਰ੍ਹਾ ਖ਼ਤਮ ਹੋਣ ਤੋਂ ਪਹਿਲਾਂ ਹੀ ਇਸ ਜਹਾਨ ਤੋਂ ਤੁਰ ਜਾਂਦੀਆਂ ਹਨ ਅਤੇ 50 ਲੱਖ ਤੋਂ ਵੱਧ ਬਾਲੜੀਆਂ ਕੁਪੋਸ਼ਣ ਦੀਆਂ ਸ਼ਿਕਾਰ ਹੋ ਨਿੱਬੜਦੀਆਂ ਹਨ। ਸਾਲ 2015 'ਚ ਬੱਚਿਆਂ ਸਬੰਧੀ ਜੁਰਮਾਂ ਦਾ ਅੰਕੜਾ 94 ਹਜ਼ਾਰ ਦੇ ਕਰੀਬ ਸੀ। ਅੰਕੜੇ ਦੱਸਦੇ ਹਨ ਕਿ ਸਾਲ 2019 'ਚ ਬਾਲ ਮਜ਼ਦੂਰਾਂ ਦੀ ਸੰਖਿਆ ਪੌਣੇ ਅੱਠ ਕਰੋੜ ਸੀ ਜੋ 2020 'ਚ ਘਟ ਕੇ ਪੌਣੇ ਪੰਜ ਕਰੋੜ ਰਹਿ ਗਈ ਹੈ ਜੋ ਆਪਣੇ-ਆਪ 'ਚ ਘੱਟ ਨਹੀਂ ਹੈ ਕਿਉਂਕਿ ਅਜੇ ਵੀ ਇੰਨੀ ਵੱਡੀ ਗਿਣਤੀ 'ਚ ਬੱਚਿਆਂ ਤੋਂ ਉਨ੍ਹਾਂ ਦਾ ਬਚਪਨ ਖੋਹਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਹੱਥਾਂ



'ਚ ਕਿਤਾਬਾਂ ਜਾਂ ਖਿਡੌਣਿਆਂ ਦੀ ਥਾਂ ਔਜ਼ਾਰ ਦਿੱਤੇ ਜਾ ਰਹੇ ਹਨ। ਚਾਣਕਿਆ ਨੇ ਕਿਹਾ ਸੀ ਕਿ ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਵਿੱਦਿਆ ਨਹੀਂ ਦਿਵਾਉਂਦੇ, ਉਹ ਬੱਚਿਆਂ ਦੇ ਦੁਸ਼ਮਣ ਦੇ ਸਮਾਨ ਹਨ ਕਿਉਂਕਿ ਵਿੱਦਿਆ ਤੋਂ ਰਹਿਤ ਵਿਅਕਤੀ ਨੂੰ ਵਿਦਵਾਨਾਂ ਦੀ ਸਭਾ 'ਚ ਉਸੇ ਤਰ੍ਹਾਂ ਤ੍ਰਿਸਕਾਰ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਹੰਸਾਂ ਦੀ ਸਭਾ 'ਚ ਬਗਲੇ ਤ੍ਰਿਸਕਾਰ ਦਾ ਪਾਤਰ ਬਣਦੇ ਹਨ।' ਇਸ ਲਈ ਬੱਚਿਆਂ ਦਾ ਸਿੱਖਿਅਤ ਹੋਣਾ ਬੇਹੱਦ ਜ਼ਰੂਰੀ ਹੈ। ਭਾਰਤ 'ਚ 'ਸਿੱਖਿਆ ਦਾ ਅਧਿਕਾਰ' ਕਾਇਮ ਕਰ ਕੇ 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫ਼ਤ ਤੇ ਲਾਜ਼ਮੀ ਸਿੱਖਿਆ ਨੂੰ ਯਕੀਨੀ ਬਣਾਉਣ ਦਾ ਯਤਨ ਕੀਤਾ ਗਿਆ ਹੈ ਪਰ ਕੌੜਾ ਸੱਚ ਇਹ ਵੀ ਹੈ ਕਿ ਸਾਲ 2020 ਦੇ ਅੰਕੜਿਆਂ ਅਨੁਸਾਰ ਅਜੇ ਵੀ 3 ਲੱਖ ਬੱਚੇ ਪ੍ਰਾਇਮਰੀ ਪੱਧਰ 'ਤੇ ਅਤੇ 2.5 ਲੱਖ ਬੱਚੇ ਅੱਪਰ-ਪ੍ਰਾਇਮਰੀ ਪੱਧਰ 'ਤੇ ਪੜ੍ਹਾਈ ਵਿਚਾਲੇ ਹੀ ਛੱਡ ਜਾਂਦੇ ਹਨ ਜਦੋਂਕਿ 30 ਲੱਖ ਬੱਚੇ ਬੇਘਰੇ ਹਨ ਤੇ ਵੱਡੀ ਗਿਣਤੀ 'ਚ ਬੱਚੇ ਸਕੂਲ ਜਾਂਦੇ ਹੀ ਨਹੀਂ ਹਨ। ਬੱਚਿਆਂ ਦੇ ਡਰਾਪ ਆਊਟ ਅਰਥਾਤ ਸਕੂਲੀ ਵਿੱਦਿਆ ਅੱਧ-ਵਿਚਾਲੇ ਛੱਡ ਜਾਣ ਪਿੱਛੇ ਵੀ ਕਈ ਕਾਰਨ ਕੰਮ ਕਰਦੇ ਹਨ। ਇਨ੍ਹਾਂ ਵਿਚ ਮਾਪਿਆਂ ਦੀ ਗ਼ਰੀਬੀ ਮੁੱਖ ਹੁੰਦੀ ਹੈ ਅਤੇ ਉਹ ਉਨ੍ਹਾਂ ਦਾ ਪੜ੍ਹਾਈ-ਲਿਖਾਈ ਦਾ ਖ਼ਰਚਾ ਚੁੱਕਣ ਤੋਂ ਅਸਮਰੱਥ ਹੋਣ ਕਾਰਨ ਉਨ੍ਹਾਂ ਨੂੰ ਸਕੂਲ ਤੋਂ ਹਟਾ ਲੈਂਦੇ ਹਨ ਤੇ ਕਿਸੇ ਮਾੜੇ-ਮੋਟੇ ਕੰਮ-ਧੰਦੇ 'ਤੇ ਲਾ ਦਿੰਦੇ ਹਨ ਜਾਂ ਨੌਕਰੀ ਕਰਨ ਲਾ ਦਿੰਦੇ ਹਨ ਤਾਂ ਜੋ ਉਹ ਵੀ ਕੁਝ ਕਮਾ ਕੇ ਘਰ ਚਲਾਉਣ ਵਿਚ ਮਦਦ ਦੇਣ। ਇੱਥੋਂ ਹੀ ਬਾਲ ਮਜ਼ਦੂਰੀ ਦੀ ਬੁਰਾਈ ਪਨਪਦੀ ਹੈ ਜੋ ਸਰਕਾਰਾਂ ਦੇ ਲੱਖ ਯਤਨ ਕਰਨ ਦੇ ਬਾਵਜੂਦ ਖ਼ਤਮ ਹੁੰਦੀ ਨਜ਼ਰ ਨਹੀਂ ਆ ਰਹੀ। ਵਿਕਟਰ ਹਿਊਗੋ ਨੇ ਸਹੀ ਕਿਹਾ ਸੀ, 'ਜੋ ਸਕੂਲ ਦੇ ਦਰਵਾਜ਼ੇ ਖੋਲ੍ਹ ਦਿੰਦਾ ਹੈ, ਉਹ ਜੇਲ੍ਹ ਦੇ ਦਰਵਾਜ਼ੇ ਬੰਦ ਕਰ ਦਿੰਦਾ ਹੈ।' ਸਵਾਮੀ ਵਿਵੇਕਾਨੰਦ ਦੇ ਵਚਨ ਹਨ, 'ਬੱਚਿਆਂ 'ਤੇ ਜੋ ਕੁਝ ਨਿਵੇਸ਼ ਕਰਨਾ ਹੈ ਤਾਂ ਆਪਣੇ ਸਮੇਂ ਤੇ ਸੰਸਕਾਰਾਂ ਦਾ ਕਰੋ।

ਬੱਚਿਆਂ ਸਬੰਧੀ ਜੁਰਮਾਂ, ਕੁਪ੍ਰਥਾਵਾਂ ਅਤੇ ਬੇਧਿਆਨੀ ਦਾ ਖ਼ਾਤਮਾ ਕੀਤਾ ਜਾਵੇ ਤੇ ਉਨ੍ਹਾਂ ਨੂੰ ਉਨ੍ਹਾਂ ਦਾ ਉਹ ਬਿਹਤਰ ਬਚਪਨ ਦਿੱਤਾ ਜਾਵੇ ਜਿਸ ਦੇ ਉਹ ਅਸਲ 'ਚ ਹੱਕਦਾਰ ਹਨ। ਗਲੋਬਲ ਪਿੰਡ ਬਣਦੀ ਜਾ ਰਹੀ ਸਾਡੀ ਦੁਨੀਆ 'ਚ ਬੱਚਿਆਂ ਦੇ ਹੱਕ ਉਨ੍ਹਾਂ ਨੂੰ ਪੂਰੇ ਦੇ ਪੂਰੇ ਮਿਲਣੇ ਚਾਹੀਦੇ ਹਨ ਤੇ ਹਰ ਤਰ੍ਹਾਂ ਦੀ ਹਿੰਸਾ ਤੇ ਅਪਰਾਧ ਤੋਂ ਉਨ੍ਹਾਂ ਦੀ ਰਾਖੀ ਹਰ ਰੂਪ 'ਚ ਅਤੇ ਹਰ ਕੀਮਤ 'ਤੇ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਵਿਸ਼ਵ ਨੂੰ ਤੰਦਰੁਸਤ ਜੁੱਸੇ, ਤੇਜ਼ ਦਿਮਾਗ ਅਤੇ ਉੱਚ ਚਰਿੱਤਰ ਵਾਲੇ ਨੌਜਵਾਨ ਹਾਸਲ ਹੋ ਸਕਣ ਜੋ ਆਉਣ ਵਾਲੇ ਸਮੇਂ 'ਚ ਦੁਨੀਆ ਨੂੰ ਇਕ ਸ੍ਰੇਸ਼ਠ ਸਥਾਨ ਬਣਾ ਦੇਣ।

# ਜੰਮੂ-ਕਸ਼ਮੀਰ 'ਚ ਕਾਫ਼ੀ ਬਦਲ ਗਏ ਨੇ ਹਾਲਾਤ

ਜੰਮੂ-ਕਸ਼ਮੀਰ ਦੇ ਏਡੀਜੀਪੀ ਵਿਜੈ ਕੁਮਾਰ ਦਾ ਇਹ ਦਾਅਵਾ ਸਥਿਤੀਆਂ 'ਚ ਬੁਨਿਆਦੀ ਤਬਦੀਲੀ ਦੀ ਪੁਸ਼ਟੀ ਕਰਦਾ ਹੈ ਕਿ ਰਾਜ ਦੇ ਤਿੰਨ ਜ਼ਿਲ੍ਹਿਆਂ ਬਾਂਦੀਪੋਰਾ, ਕੁਪਵਾੜਾ ਤੇ ਗਾਂਦਰਬਲ 'ਚ ਸਥਾਨਕ ਅੱਤਵਾਦੀਆਂ ਦੀਆਂ





ਗਤੀਵਿਧੀਆਂ ਖ਼ਤਮ ਹੋ ਗਈਆਂ ਹਨ। ਇਨ੍ਹਾਂ ਤਿੰਨ ਜ਼ਿਲ੍ਹਿਆਂ ਨੂੰ ਅੱਤਵਾਦ ਤੋਂ ਮੁਕਤ ਕੀਤਾ ਜਾਣਾ ਇਸ ਲਈ ਇਕ ਵੱਡੀ ਪ੍ਰਾਪਤੀ ਹੈ ਕਿਉਂਕਿ ਕਿਸੇ ਸਮੇਂ ਇਹ ਜ਼ਿਲ੍ਹੇ ਤੇ ਖ਼ਾਸ ਤੌਰ 'ਤੇ ਕੁਪਵਾੜਾ ਅੱਤਵਾਦੀਆਂ ਦੇ ਗੜ੍ਹ ਵਜੋਂ ਜਾਣਿਆ ਜਾਂਦਾ ਸੀ। ਉਮੀਦ ਕੀਤੀ ਜਾਂਦੀ ਹੈ ਕਿ ਜਿਵੇਂ ਇਨ੍ਹਾਂ ਤਿੰਨ ਜ਼ਿਲ੍ਹਿਆਂ ਨੂੰ ਅੱਤਵਾਦ ਤੋਂ ਮੁਕਤੀ ਦਿਵਾਈ ਗਈ, ਉਵੇਂ ਹੀ ਬਾਕੀ ਜ਼ਿਲ੍ਹਿਆਂ 'ਚ ਵੀ ਅੱਤਵਾਦੀ ਗਤੀਵਿਧੀਆਂ ਨੂੰ ਨੱਥ ਪਾਉਣ 'ਚ ਸਫਲਤਾ ਮਿਲੇਗੀ। ਇਹ ਉਮੀਦ ਇਸ ਲਈ ਕੀਤੀ ਜਾ ਰਹੀ ਹੈ ਕਿਉਂਕਿ ਛੇਤੀ ਹੀ ਪੂਰੇ ਕਸ਼ਮੀਰ 'ਚ ਅੱਤਵਾਦ

(ਬਾਕੀ ਅਗਲੇ ਸਫ਼ੇ 'ਤੇ)

# ਅਣਜਾਣੀ ਧਰਤੀ ਅੰਡੇਮਾਨ 'ਚ ਪੰਜਾਬ ਦੀ ਮੋਹੜੀ

ਬਲਦੇਵ ਸਿੰਘ ਧਾਲੀਵਾਲ

ਇਹ ਆਮ ਹੀ ਕਿਹਾ ਜਾਂਦਾ ਹੈ ਕਿ ਪੰਜਾਬੀ ਇਤਿਹਾਸ ਬਣਾਉਣਾ ਤਾਂ ਜਾਣਦੇ ਹਨ ਪਰ ਸਾਂਭਣਾ ਨਹੀਂ ਜਾਣਦੇ। ਇਹ ਗੱਲ ਪੂਰੀ ਸੱਚੀ ਨਹੀਂ, ਪੰਜਾਬੀਆਂ ਦਾ ਇਤਿਹਾਸ ਨੂੰ ਸਾਂਭਣ ਦਾ ਆਪਣਾ ਹੀ ਢੰਗ-ਤਰੀਕਾ ਹੈ। ਦੇਸ਼ਾਂ-ਵਿਦੇਸ਼ਾਂ 'ਚ ਘੁੰਮਦਿਆਂ ਇਹ ਅਨੇਕਾਂ ਵਾਰ ਵਾਪਰਿਆ ਹੈ ਕਿ ਜਿੱਥੇ ਪੰਜਾਬੀ ਬੰਦਾ ਦਿਸਣ ਦੀ ਆਸ ਨਾ ਹੋਵੇ ਉੱਥੇ ਗੁਰਦੁਆਰੇ ਦਾ ਨਿਸ਼ਾਨ ਸਾਹਿਬ ਝੂਲਦਾ ਨਜ਼ਰੀਂ ਪੈ ਜਾਂਦਾ ਹੈ। ਅਣਗਾਹੀਆਂ ਧਰਤੀਆਂ ਉੱਤੇ ਪੰਜਾਬੀਆਂ ਵੱਲੋਂ ਆਪਣੀ ਮੋਹੜੀ ਗੱਡਣ ਦੀਆਂ ਅਨੇਕਾਂ ਮਿਸਾਲਾਂ ਮਿਲ ਜਾਣਗੀਆਂ। ਆਪਣੇ ਸਮਿਆਂ ਵਿੱਚ ਹੀ ਜਦੋਂ ਕੈਨੇਡਾ 'ਚ ਵੈਨਕੂਵਰ ਦੇ ਨੇੜੇ ਪਿੰਡ ਪਾਲਦੀ ਵਸਾਉਣ ਦੀਆਂ ਖ਼ਬਰਾਂ ਨਸ਼ਰ ਹੋਈਆਂ ਸਨ ਤਾਂ ਇਸ ਮੁੱਦੇ ਬਾਰੇ ਭਰਪੂਰ ਚਰਚਾ ਛਿੜੀ ਸੀ। ਮਿਨਹਾਸ ਭਰਾਵਾਂ ਨੇ ਆਪਣੇ ਹੁਸ਼ਿਆਰਪੁਰ ਨੇੜਲੇ ਪਿੰਡ ਪਾਲਦੀ ਦੇ ਨਾਂ ਵਾਲੇ ਪਿੰਡ ਦੀ ਮੋਹੜੀ ਕੈਨੇਡਾ ਵਿੱਚ ਗੱਡ ਦਿੱਤੀ ਸੀ।

ਡਾ. ਦੀਵਾਨ ਸਿੰਘ ਕਾਲੇਪਾਣੀ ਬਾਰੇ ਵੀ ਇਹ ਗੱਲ ਵਿਸ਼ੇਸ਼ ਤੌਰ 'ਤੇ ਕੀਤੀ ਜਾਂਦੀ ਹੈ ਕਿ ਉਨ੍ਹਾਂ ਨੇ ਅੰਡੇਮਾਨ ਟਾਪੂ ਦੀ ਰਾਜਧਾਨੀ ਪੋਰਟ ਬਲੇਅਰ ਵਿੱਚ ਇੱਕ ਛੋਟਾ ਜਿਹਾ ਪੰਜਾਬ ਵਸਾਉਣ ਲਈ ਘਾਲਣਾ ਘਾਲੀ। ਅੰਡੇਮਾਨ ਜਾ ਕੇ ਉਸ ਮਿੰਨੀ ਪੰਜਾਬ ਨੂੰ ਵੇਖਣ ਦੀ ਬਹੁਤ ਤੀਬਰ ਇੱਛਾ ਸੀ।

ਸੈਲਿਊਲਰ ਜੇਲ੍ਹ ਨੂੰ ਵੇਖਦਿਆਂ-ਵਾਚਦਿਆਂ ਇਹ ਖ਼ਿਆਲ ਲਗਾਤਾਰ ਮਨ-ਮਸਤਕ ਵਿੱਚ ਘੁੰਮਦਾ ਰਿਹਾ ਕਿ ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਸ਼ਹੀਦੀ ਸਮਾਰਕ ਵੇਖਣ ਪਹਿਲ ਦੇ ਆਧਾਰ 'ਤੇ ਜਾਣਾ ਹੈ। ਇਸ ਨੂੰ ਭਾਲਣਾ ਕੋਈ ਔਖਾ ਨਹੀਂ ਸੀ, ਭਾਵੇਂ ਟੈਕਸੀਆਂ-ਆਟੋਆਂ ਵਾਲੇ ਡਾ. ਦੀਵਾਨ ਸਿੰਘ ਦੇ ਨਾਂ ਤੋਂ ਨਾ ਵੀ ਵਾਕਫ਼ ਹੋਣ ਪਰ ਗੁਰਦੁਆਰਾ ਸਾਹਿਬ ਬਾਰੇ ਤਾਂ ਸਭ ਜਾਣਦੇ ਸਨ ਅਤੇ ਉਹ ਸਮਾਰਕ ਉੱਥੇ ਹੀ ਹੈ। ਸੈਲਿਊਲਰ ਜੇਲ੍ਹ ਵੱਲੋਂ ਫ਼ਾਰਗ ਹੋ ਕੇ ਜਦੋਂ ਅਸੀਂ ਇੱਕ ਸਰਦਾਰ ਯਾਤਰੀ ਤੋਂ ਪੁੱਛਿਆ ਸੀ ਤਾਂ ਉਸ ਨੇ ਵੀ ਇਹੀ ਵਿਧੀ ਦੱਸੀ ਸੀ।

ਟੈਕਸੀ ਵਾਲੇ ਨੇ ਕੁਝ ਮਿੰਟਾਂ ਵਿੱਚ ਹੀ ਸਾਨੂੰ



ਇੱਕ ਵਸਦੀ-ਰਸਦੀ ਕਾਲੋਨੀ ਦੀ ਅੱਧ-ਪੱਕੀ ਗਲੀ ਵਿੱਚ ਉਤਾਰਦਿਆਂ ਖੱਬੇ ਹੱਥ ਇਸ਼ਾਰਾ ਕਰ ਕੇ ਉਤਰਨ ਲਈ ਕਿਹਾ। ਨਾਂ ਵੇਖ ਕੇ ਰਤਾ ਕੁ ਹੈਰਾਨੀ ਹੋਈ, 'ਗੁਰਦੁਆਰਾ ਡਾ. ਦੀਵਾਨ ਸਿੰਘ' ਦਾ ਵੱਡਾ ਬੋਰਡ ਲੱਗਿਆ ਹੋਇਆ ਸੀ। ਆਮ ਤੌਰ 'ਤੇ ਗੁਰੂ ਸਾਹਿਬਾਨ, ਸੰਤਾਂ-ਭਗਤਾਂ ਦੇ ਨਾਂ ਉੱਤੇ ਗੁਰਦੁਆਰਾ ਸਾਹਿਬ ਦਾ ਨਾਂ ਪੈਂਦਾ ਹੈ। ਇਸ ਇੱਕ ਗੱਲ ਨੇ ਹੀ ਨਿਸ਼ਾਨਦੇਹੀ ਕਰ ਦਿੱਤੀ ਕਿ ਪੋਰਟ ਬਲੇਅਰ ਵਿੱਚ ਉਨ੍ਹਾਂ ਦੀ ਕਿੰਨੀ ਵੱਡੀ ਹੈਸੀਅਤ ਰਹੀ ਹੋਵੇਗੀ। ਡਾ. ਦੀਵਾਨ ਸਿੰਘ ਦਾ ਸ਼ਹੀਦੀ ਸਮਾਰਕ ਵੀ ਗੁਰਦੁਆਰਾ ਸਾਹਿਬ ਦੇ ਐਨ ਸਾਹਮਣੇ ਇੱਕ ਛੋਟੇ ਜਿਹੇ ਪਾਰਕ ਵਿੱਚ ਬਣਿਆ ਹੋਇਆ ਸੀ। ਅਸੀਂ ਯਾਤਰਾ ਸਮਾਰਕ ਵੱਲੋਂ ਹੀ ਸ਼ੁਰੂ ਕੀਤੀ। ਪਾਰਕ ਦੀ ਪਿਛਲੀ ਬਾਹੀ ਨੇੜੇ ਡਾ. ਦੀਵਾਨ ਸਿੰਘ ਦਾ ਬੁੱਤ ਲੱਗਿਆ ਹੋਇਆ ਸੀ, ਚਿੱਟੇ ਬਸਤਰ, ਪੈਰੀਂ ਸਫ਼ੈਦ ਸਲੀਪਰ, ਇੱਕ ਹੱਥ ਰੋਲ ਕੀਤੇ ਸਫ਼ੈਦ ਕਾਗਜ਼ਾਂ ਦਾ ਬੰਡਲ ਅਤੇ ਬਹੁਤ ਹੀ ਗਹਿਰ-ਗੰਭੀਰ ਮੁਦਰਾ 'ਚ ਉਹ ਸ਼ਾਂਤੀ ਦੇ ਦੂਤ ਨਜ਼ਰ ਆ ਰਹੇ ਸਨ। ਬੁੱਤ ਦੇ ਦੋਵੇਂ ਪਾਸੀਂ ਉਨ੍ਹਾਂ ਬਾਰੇ ਮੁੱਢਲੀ ਜਾਣਕਾਰੀ ਦੇਣ ਵਾਲੇ ਗ੍ਰੇਨਾਈਟ ਦੇ ਦੋ ਪੱਥਰ ਲਾਏ ਹੋਏ ਸਨ। ਇਸ ਪਾਰਕ ਦਾ ਰਸਮੀ ਉਦਘਾਟਨ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2 ਅਗਸਤ 2012 ਨੂੰ ਕੀਤਾ ਸੀ।

ਸਮਾਰਕ ਨੂੰ ਨੀਝ ਨਾਲ ਵੇਖਦਿਆਂ ਮਨ ਵਿੱਚ ਉਹ ਯਾਦਾਂ ਤਾਜ਼ਾ ਹੋ ਉੱਠੀਆਂ ਜਦੋਂ ਮੇਰੇ ਮਨ ਵਿੱਚ ਇਸ ਮਹਾਨ ਸ਼ਖ਼ਸੀਅਤ ਬਾਰੇ ਖੋਜ ਕਰਨ ਦੀ ਰੀਝ ਨੇ ਅੰਗੜਾਈ ਭਰੀ ਸੀ। ਪੰਜਾਬੀ ਵਿਸ਼ੇ ਵਿੱਚ ਬੀ.ਏ. ਆਨਰਜ਼ ਕਰਨ ਕਰਕੇ ਉਨ੍ਹਾਂ ਦੇ ਕਵੀ-ਰੂਪ ਬਾਰੇ ਤਾਂ ਚੋਖਾ ਜਾਣਦਾ ਸਾਂ ਪਰ ਉਨ੍ਹਾਂ ਦੇ ਹੋਰ ਵਡੇਰੇ ਯੋਗਦਾਨ ਬਾਰੇ ਅਜੇ ਬਹੁਤਾ ਨਹੀਂ ਸੀ ਪਤਾ। ਨੌਵੇਂ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿੱਚ ਮੈਂ ਇੱਕ ਵਾਰ ਆਪਣੇ ਐਮ.ਫਿਲ. ਦੇ ਨਿਗਰਾਨ ਡਾ. ਕੇਸਰ ਸਿੰਘ ਕੇਸਰ ਹੋਰਾਂ ਦੇ ਘਰ ਬੈਠਾ ਸਾਂ ਕਿ ਉਨ੍ਹਾਂ ਨੂੰ ਸ. ਮਹਿੰਦਰ ਸਿੰਘ ਢਿੱਲੋਂ ਨਾਂ ਦਾ ਹੈੱਡਮਾਸਟਰ ਮਿਲਣ ਲਈ ਆਇਆ।

ਗੱਲਾਂ ਤੋਂ ਪਤਾ ਲੱਗਿਆ ਕਿ ਉਹ ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਸਪੁੱਤਰ ਹੈ। ਉਹ ਆਪਣੇ ਪਿਤਾ ਦੇ ਕਾਰਜਾਂ ਬਾਰੇ ਖੋਜ ਕਰ ਕੇ ਪੋਰਟ ਬਲੇਅਰ ਤੋਂ ਪਰਤਿਆ ਸੀ। ਉਸ ਨੂੰ ਉਨ੍ਹਾਂ ਦੀਆਂ ਅਣਛਪੀਆਂ ਕਵਿਤਾਵਾਂ, ਵਾਰਤਕ ਲਿਖਤਾਂ ਅਤੇ ਤਸਵੀਰਾਂ ਦਾ ਚੰਗਾ-ਚੋਖਾ ਭੰਡਾਰ ਮਿਲਿਆ ਸੀ। ਉਨ੍ਹਾਂ ਦੇ ਦੱਸਣ ਅਨੁਸਾਰ ਉਹ ਸਾਰੀ ਸਮੱਗਰੀ ਉੱਥੋਂ ਦੇ ਆਮ ਲੋਕਾਂ ਨੇ ਡਾ. ਕਾਲੇਪਾਣੀ ਦੇ ਸਤਿਕਾਰ ਵਜੋਂ ਸਾਂਭ ਰੱਖੀ ਸੀ। ਡਾ. ਕੇਸਰ ਦੀ ਮੱਦਦ ਨਾਲ ਉਹ ਇਨ੍ਹਾਂ ਲਿਖਤਾਂ ਨੂੰ ਸੰਪਾਦਿਤ ਕਰ ਕੇ ਛਾਪਣਾ ਚਾਹੁੰਦੇ ਸਨ ਅਤੇ ਉਨ੍ਹਾਂ ਬਾਰੇ ਚੰਡੀਗੜ੍ਹ ਵਿੱਚ ਇੱਕ ਅਜਾਇਬਘਰ ਵੀ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਦੇ ਯੋਗਦਾਨ ਬਾਰੇ ਕੋਈ ਸੈਮੀਨਾਰ ਕਰਵਾਉਣ ਦੀ ਇੱਛਾ ਵੀ ਸੀ। ਉਹ ਵਾਰ ਵਾਰ ਇਹ ਗਿਲਾ ਵੀ ਕਰ ਰਹੇ ਸਨ ਕਿ ਪੰਜਾਬੀ ਸਮਾਜ ਨੇ ਡਾ. ਕਾਲੇਪਾਣੀ ਦੇ ਵੱਡੇ ਯੋਗਦਾਨ ਦਾ ਬਣਦਾ ਮੁੱਲ ਨਹੀਂ ਪਾਇਆ, ਮੁੱਲ ਤਾਂ ਕੀ ਪਾਉਣਾ ਸਗੋਂ ਵਿਸਾਰ ਹੀ ਛੱਡਿਆ ਸੀ। ਗੱਲ ਤਾਂ ਸੱਚੀ ਸੀ, ਅਸੀਂ ਹੁਣ ਤੱਕ ਉਨ੍ਹਾਂ ਨੂੰ ਆਮ ਕਰਕੇ 'ਵਗਦੇ ਪਾਣੀ' 1938 ਨਾਂ ਦੇ ਕਾਵਿ-ਸੰਗ੍ਰਹਿ ਕਰਕੇ ਹੀ ਜਾਣਦੇ ਸਾਂ। ਉਨ੍ਹਾਂ ਦੇ ਦੂਜੇ ਕਾਵਿ-ਸੰਗ੍ਰਹਿ ਅੰਤਿਮ ਲਹਿਰਾਂ 1962 ਦਾ ਜ਼ਿਕਰ ਵੀ ਕਿਤੇ ਘੱਟ ਹੀ ਸੁਣਿਆ ਸੀ। ਉਨ੍ਹਾਂ ਦੇ ਡਾਕਟਰੀ ਪੇਸ਼ੇ, ਸਮਾਜ-ਸੇਵੀ ਰੂਪ ਅਤੇ ਸੁਤੰਤਰਤਾ ਸੰਗਰਾਮ ਦੇ ਕਾਰਜਾਂ ਬਾਰੇ ਤਾਂ ਕਿਧਰੇ ਚਰਚਾ ਹੀ ਨਹੀਂ ਸੀ ਹੁੰਦੀ।

"ਡਾ. ਸਾਹਿਬ ਆਪਣੇ ਤਾਂ ਇੱਥੇ ਆਪਣਾ ਸਿਰ ਆਪ ਹੀ ਗੁੰਦਣ ਵਾਲੀ ਗੱਲ ਐ।" ਦੁਖੀ ਸੁਰ ਵਿੱਚ ਢਿੱਲੋਂ ਸਾਹਿਬ ਨੇ ਤੋੜਾ ਝਾੜਦਿਆਂ ਕਿਹਾ।

ਆਪਣੇ ਅਧਿਆਪਨ ਦੇ ਪੇਸ਼ੇ ਅਤੇ ਨੈਤਿਕ ਜ਼ਿੰਮੇਵਾਰੀ ਕਰਕੇ ਡਾ. ਕੇਸਰ ਨੇ ਪੂਰੀ ਮੱਦਦ ਦਾ ਭਰੋਸਾ ਦਿਵਾਇਆ ਅਤੇ ਢਿੱਲੋਂ ਸਾਹਿਬ ਦੇ ਸਾਹਮਣੇ ਹੀ ਮੈਨੂੰ ਵੀ 'ਉਭਰਦੇ ਵਿਦਵਾਨ' ਵਜੋਂ ਥਾਪੀ ਦੇ ਕੇ 'ਕੁਝ ਕਰ ਵਿਖ-ਾਉਣ' ਲਈ ਹੱਲਾਸ਼ੇਰੀ ਦਿੱਤੀ।

ਇਸ ਤੋਂ ਬਾਅਦ ਡਾ. ਦੀਵਾਨ ਸਿੰਘ ਕਾਲੇਪਾਣੀ ਦੀਆਂ ਕੁਝ ਹੋਰ ਲਿਖਤਾਂ, ਜਿਵੇਂ ਮੇਰਾ ਜੀਵਨ ਮੇਰੇ ਗੀਤ-1983, ਸਹਿਜ ਸੰਚਾਰ- 1985, ਮਲ੍ਹਿਆਂ ਦੇ ਬੇਰ- 1986 ਆਦਿ ਵੀ ਪ੍ਰਕਾਸ਼ਿਤ ਕਰਵਾਈਆਂ ਗਈਆਂ। ਇੱਕ ਸੈਮੀਨਾਰ ਵੀ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਡਾ. ਹਰਿਭਜਨ ਸਿੰਘ ਨੇ ਕੀਤੀ। ਇਹ ਧਾਰਨਾ ਵਿਸ਼ੇਸ਼ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਕਿ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ਵਿੱਚ, ਆਪਣੇ ਸਮਕਾਲੀਆਂ ਦੇ ਮੁਕਾਬਲਤਨ, ਪ੍ਰਗਤੀਸ਼ੀਲ ਚੇਤਨਾ ਵਧੇਰੇ ਪ੍ਰੌਢ ਨਜ਼ਰ ਆਉਂਦੀ ਹੈ। ਮਿਸਾਲ ਵਜੋਂ ਆਪਣੀ ਕਵਿਤਾ 'ਜਣੇ ਨੂੰ' ਵਿੱਚ ਉਨ੍ਹਾਂ ਨੇ ਇਸ ਦਾ ਪ੍ਰਗਟਾਵਾ ਇਉਂ ਕੀਤਾ ਹੈ:

ਜੇ ਹੈ ਈ  
ਤਾਂ ਥੀਂਦਾ ਕਿਉਂ ਨਹੀਂ, ਜਿਉਂਦਾ ਕਿਉਂ ਨਹੀਂ,  
ਜਵਾਨੀ ਮਾਣਦਾ ਕਿਉਂ ਨਹੀਂ?  
ਹਿਲਦਾ ਕਿਉਂ ਨਹੀਂ, ਹਿਲਾਂਦਾ ਕਿਉਂ ਨਹੀਂ?  
ਜੋਸ਼ ਤੇਰਾ ਜਾਗਦਾ ਕਿਉਂ ਨਹੀਂ?  
ਮਹਿਸੂਸਦਾ ਕਿਉਂ ਨਹੀਂ, ਡਰਦਾ ਕਿਉਂ ਨਹੀਂ,  
ਤੜਫਦਾ ਕਿਉਂ ਨਹੀਂ?  
ਗਿਰਦੇ ਤੇਰੇ ਵੇਖ -  
ਕਿਵੇਂ ਮੁਰਦੇਹਾਣੀ ਵਰਤੀ ਹੋਈ ਏ,  
ਹਟਾਂਦਾ ਕਿਉਂ ਨਹੀਂ,  
ਬੁਝਿਆਂ ਜਗਾਂਦਾ ਕਿਉਂ ਨਹੀਂ,  
ਮੁਰਦਿਆਂ ਜਿਵਾਂਦਾ ਕਿਉਂ ਨਹੀਂ?

ਉਨ੍ਹਾਂ ਦੀ ਅਜਿਹੀ ਪ੍ਰਗਤੀਸ਼ੀਲ ਮਾਨਵਵਾਦੀ ਚੇਤਨਾ ਅੱਗੇ ਜਾ ਕੇ ਭਾਰਤ ਦੇ ਸੁਤੰਤਰਤਾ ਸੰਗਰਾਮ ਨਾਲ ਇਕਸੁਰ ਹੋ ਗਈ ਸੀ।

ਇਸ ਤਰ੍ਹਾਂ ਆਪਣੇ ਪਰਿਵਾਰ ਦੇ ਯਤਨਾਂ ਸਦਕਾ ਅਤੇ ਵਿਦਵਾਨ ਲੋਕਾਂ ਦੇ ਉਪਰਾਲੇ ਕਰਕੇ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਬਹੁਪੱਖੀ ਯੋਗਦਾਨ ਬਾਰੇ ਗੱਲ ਤੁਰ ਪਈ ਸੀ ਅਤੇ ਬਾਅਦ ਵਿੱਚ ਮਿਊਜ਼ੀਅਮ ਵੀ ਬਣ ਗਿਆ ਸੀ।

ਹੁਣ ਸਮਾਰਕ ਸਾਹਮਣੇ ਖੜ੍ਹਿਆਂ ਗਹਿਰੀ ਤਸੱਲੀ ਦਾ ਅਹਿਸਾਸ ਹੋ ਰਿਹਾ ਸੀ ਕਿ ਅੰਤ ਪੰਜਾਬੀਆਂ ਨੇ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਯੋਗਦਾਨ ਨੂੰ ਪਛਾਣ ਲਿਆ ਸੀ।



ਡਾ. ਦੀਵਾਨ ਸਿੰਘ ਕਾਲੇ-ਪਾਣੀ ਦਾ ਜੀਵਨ ਸਫ਼ਰ ਬੜੇ ਉੱਭੜ-ਖਾਭੜ ਰਾਹਾਂ ਥਾਣੀਂ ਲੰਘ ਕੇ ਪੂਰਾ ਹੋਇਆ ਪਰ ਉਨ੍ਹਾਂ ਨੇ ਲੋਕ ਸੇਵਾ ਦੇ ਜਜ਼ਬੇ ਨੂੰ ਆਪਣਾ ਉਡਣ-ਖਟੋਲਾ ਬਣਾ ਲਿਆ ਅਤੇ ਉਸ 'ਤੇ ਸਵਾਰ ਹੋ ਕੇ ਉਹ ਨਿਰੰਤਰ ਨਵੀਆਂ ਮੰਜ਼ਿਲਾਂ ਸਰ ਕਰਦਾ ਗਿਆ। 'ਮੁਰਦਿਆਂ ਨੂੰ ਜਿਵਾਉਣ' ਦੀ ਰੀਝ ਪਾਲਣ ਵਾਲੇ ਡਾ. ਦੀਵਾਨ ਸਿੰਘ ਦਾ ਆਕੀਪੁਣਾ ਬਸਤੀਵਾਦੀ ਹਕੂਮਤ ਨੂੰ ਕਿੱਥੇ ਹਜ਼ਮ ਹੋਣ ਵਾਲਾ ਸੀ। ਇਸ ਲਈ ਹਕੂਮਤ ਕਦੇ ਬਦਲੀਆਂ ਰਾਹੀਂ ਉਸ ਨੂੰ ਦਰ-ਬ-ਦਰ ਕਰਦੀ ਰਹੀ ਅਤੇ ਕਦੇ 'ਰਾਜਸੀ ਸਰਗਰਮੀਆਂ' ਦਾ ਦੋਸ਼ ਲਾ ਕੇ ਜੇਲ੍ਹ ਅੰਦਰ ਡੱਕਦੀ ਰਹੀ ਪਰ ਅਜਿਹੇ ਡਰ ਡਾ. ਦੀਵਾਨ ਸਿੰਘ ਦੇ 'ਲੋਕਪੱਖੀ' ਜਜ਼ਬੇ ਨੂੰ ਠੰਢਾ ਨਾ ਕਰ ਸਕੇ। ਸਜ਼ਾ ਕਰਕੇ ਹੀ ਉਸ ਨੂੰ ਪਹਿਲਾਂ ਰੰਗੂਨ (ਹੁਣ ਯੈਂਗੌਨ) ਅਤੇ ਫੇਰ ਅੰਡੇਮਾਨ ਭੇਜਿਆ ਗਿਆ ਸੀ। ਉਹ ਜਿੱਥੇ ਵੀ ਗਿਆ ਉੱਥੇ ਹੀ ਲੋਕ-ਸੇਵਾ ਰਾਹੀਂ ਆਪਣੀ ਮਾਨਵੀ ਪਛਾਣ ਹੋਰ ਗੂੜ੍ਹੀ ਕਰਦਾ ਰਿਹਾ। ਪੋਰਟ ਬਲੇਅਰ ਨੂੰ ਤਾਂ ਉਸ ਨੇ ਜਿਵੇਂ ਆਪਣਾ ਘਰ ਹੀ ਬਣਾ ਲਿਆ ਸੀ। ਡਾਕਟਰ ਦੇ ਤੌਰ 'ਤੇ 1926 ਵਿੱਚ ਉਸ ਨੇ ਸੈਲਿਊਲਰ ਜੇਲ੍ਹ ਦਾ ਚਾਰਜ ਲਿਆ ਸੀ। ਸੋਲਾਂ-ਸਤਾਰਾਂ ਸਾਲਾਂ ਦੀ ਲੋਕ-ਸੇਵਾ ਅਤੇ ਅਣਥੱਕ ਮਿਹਨਤ ਨਾਲ ਉਸ ਨੇ ਸਥਾਨਕ ਲੋਕਾਂ ਦੇ ਮਨਾਂ ਅੰਦਰ ਵੀ ਪੱਕਾ 'ਘਰ' ਬਣਾ ਲਿਆ ਸੀ।

ਜਿਸ ਵਿਸ਼ੇਸ਼ਣ 'ਕਾਲੇਪਾਣੀ' ਨੂੰ ਤ੍ਰਹੇ ਲੋਕ ਜ਼ੁਬਾਨ ਉੱਤੇ ਲਿਆਉਣ ਤੋਂ ਵੀ ਡਰਦੇ ਸਨ, ਉਸ ਨੂੰ ਡਾ. ਦੀਵਾਨ ਸਿੰਘ ਨੇ ਆਪਣਾ ਤਖ਼ੱਲਸ ਬਣਾ ਕੇ ਗਹਿਣੇ ਵਾਂਗ ਪਹਿਨ ਲਿਆ। ਤੇਈ ਅਕਤੂਬਰ 1943 ਨੂੰ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸੈਲਿਊਲਰ ਜੇਲ੍ਹ ਵਿੱਚ 82 ਦਿਨ ਜਪਾਨੀ ਫ਼ੌਜ ਦੇ ਅਣਮਨੁੱਖੀ ਤਸੀਹੇ ਝੱਲਣ ਤੋਂ ਬਾਅਦ 14 ਜਨਵਰੀ 1944 ਨੂੰ ਉਹ ਸ਼ਹੀਦੀ ਪ੍ਰਾਪਤ ਕਰ ਗਿਆ। ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਪੰਜਾਬ ਤੋਂ ਵੀ ਵੱਧ ਉਸ ਨੂੰ ਸਥਾਨਕ ਲੋਕਾਂ ਨੇ ਆਪਣੇ ਚੇਤਿਆਂ 'ਚ ਸੰਭਾਲ ਕੇ ਰੱਖਿਆ।

ਇਹ ਮੌਕਾ-ਮੇਲ ਜਾਂ ਸਬੱਬ ਹੀ ਸੀ ਕਿ ਸਾਡੇ ਗੁਰਦੁਆਰਾ ਸਾਹਿਬ ਵਿਖੇ ਜਾਣ ਦਾ ਦਿਨ ਵਿਸ਼ੇਸ਼ ਬਣ ਗਿਆ। ਉਸ ਦਿਨ ਵਿਸਾਖੀ ਦਾ ਦਿਹਾੜਾ ਸੀ ਅਤੇ ਸਾਰਾ ਦਿਨ ਉੱਥੇ ਭਰਪੂਰ ਰੌਣਕ ਬਣੀ ਰਹੀ। ਹੁਣ ਭਾਵੇਂ ਸ਼ਾਮ ਹੋਣ ਵਾਲੀ ਸੀ ਪਰ ਪ੍ਰਬੰਧਕ ਅਜੇ ਵੀ ਸਾਂਭ-ਸੰਭਾਲ ਵਿਚ ਲੱਗੇ ਹੋਏ ਸਨ। ਮਰਿਯਾਦਾ ਅਨੁਸਾਰ ਅਸੀਂ ਸਭ ਤੋਂ ਪਹਿਲਾਂ ਪਹਿਲੀ ਮੰਜ਼ਿਲ ਉੱਤੇ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣ ਲਈ ਗਏ। ਬਹੁਤ ਖੁੱਲ੍ਹੇ-ਡੁੱਲ੍ਹੇ ਹਾਲ ਕਮਰੇ 'ਚ ਹਰ ਕਾਰਜ ਬਹੁਤ ਸ਼ਰਧਾ ਨਾਲ ਕੀਤਾ ਜਾ ਰਿਹਾ ਸੀ। ਸੋਚਣ ਵਾਲੀ ਗੱਲ ਇਹ ਸੀ ਕਿ ਪੋਰਟ ਬਲੇਅਰ ਵਿੱਚ ਪੰਜਾਬੀ ਵਸੋਂ ਮਸਾਂ ਦੋ ਹਜ਼ਾਰ ਹੋਵੇਗੀ ਪਰ ਗੁਰਦੁਆਰਾ ਸਾਹਿਬ ਲਈ ਕਿਸੇ ਚੀਜ਼-ਵਸਤ ਦੀ ਤੋਟ ਨਹੀਂ ਸੀ ਜਾਪਦੀ। ਪੰਜਾਬੀਆਂ ਦੇ ਇਸ ਜਜ਼ਬੇ ਮੂਹਰੇ ਸਿਰ ਝੁਕਣਾ ਸੁਭਾਵਿਕ ਸੀ।

ਵਾਪਸੀ ਲਈ ਹੇਠਾਂ ਆਏ ਤਾਂ ਮੁੱਖ ਸੇਵਾਦਾਰ ਮਨਜੀਤ ਸਿੰਘ ਨੇ ਸਾਹਮਣਿਉਂ ਆ ਕੇ ਉਚੇਚ ਨਾਲ ਫ਼ਤਹਿ ਬੁਲਾਈ ਅਤੇ ਅੱਜ ਦੇ ਵਿਸ਼ੇਸ਼ ਦਿਹਾੜੇ ਲੰਗਰ ਲਾਜ਼ਮੀ ਛਕ ਕੇ ਜਾਣ ਦੀ ਬੇਨਤੀ ਦੁਹਰਾਈ। ਸਾਡੀਆਂ ਸਰਗਰਮੀਆਂ ਤੋਂ ਸ਼ਾਇਦ ਉਸ ਨੇ ਭਾਂਪ ਲਿਆ ਸੀ ਕਿ ਅਸੀਂ ਲੇਖਕ ਲੋਕ ਹਾਂ ਅਤੇ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਵੀ ਉਪਾਸ਼ਕ ਹਾਂ। ਉਹ ਕੁਝ ਵਿਚਾਰ-ਚਰਚਾ ਕਰਨ ਦੇ ਰੌਂਅ 'ਚ ਪ੍ਰਤੀਤ ਹੋਏ।

"ਸਰਦਾਰ ਸਾਹਿਬ, ਭਾਵੇਂ ਸਭ ਕੁਸ਼ ਕਰਨ ਕਰਾਵਨਹਾਰ ਤਾਂ ਸੱਚੇ ਪਾਤਸ਼ਯਾਹ ਆਪ ਹੀ ਹੁੰਦੈ ਪਰ 'ਉਹ' ਵੀ ਕਿਸੇ ਸੱਚੇ ਸੇਵਕ ਤੋਂ ਥਾਪੜਾ ਦੇ ਕੇ ਹੀ ਕੁਸ਼ ਚੰਗਾ ਕਰਾਉਂਦੈ, ਇਸ ਗੁਰੂਘਰ ਦੇ ਬਣਾਉਣ ਵਿੱਚ ਡਾ. ਸਾਹਿਬ ਦਾ ਅਦੁੱਤੀ ਯੋਗਦਾਨ ਸੀ।" ਮੁੱਢਲੀ ਜਾਣ-ਪਛਾਣ ਤੋਂ ਬਾਅਦ ਮਨਜੀਤ ਸਿੰਘ ਨੇ ਅਸਲੀ ਮੁੱਦਾ ਛੇੜ ਲਿਆ। ਉਸ ਨੇ ਦੱਸਿਆ ਕਿ ਪਹਿਲਾਂ ਪੋਰਟ ਬਲੇਅਰ ਵਿੱਚ ਇੱਕ ਛੋਟਾ ਜਿਹਾ ਗੁਰਦੁਆਰਾ ਸਾਹਿਬ ਤਾਂ ਸੀ, ਪਰ ਉਸ ਵਿੱਚ ਸਿੱਖ ਫ਼ੌਜੀ ਅਤੇ ਅਫ਼ਸਰ ਹੀ ਜਾ ਸਕਦੇ ਸਨ। ਆਮ ਲੋਕ, ਖ਼ਾਸ ਕਰਕੇ ਰਾਜਸੀ ਕੈਦੀ ਰਹੇ ਲੋਕਾਂ ਦਾ ਉੱਥੇ ਦਾਖ਼ਲਾ ਚੰਗਾ ਨਹੀਂ ਸੀ ਸਮਝਿਆ ਜਾਂਦਾ।

ਡਾ. ਦੀਵਾਨ ਸਿੰਘ ਨੂੰ ਇਹ ਵਿਤਕਰਾ ਦੁਖੀ ਕਰਦਾ ਸੀ ਕਿਉਂਕਿ ਉਹ ਸਮੁੱਚੀ ਮਾਨਵਤਾ ਨੂੰ ਪਿਆਰ ਕਰਨ ਵਾਲੇ 'ਮਹਾਂਪੁਰਸ਼' ਸਨ। ਉਨ੍ਹਾਂ ਨੇ ਇਹ ਗੁਰਦੁਆਰਾ ਸਾਹਿਬ ਸਮੂਹ ਸੰਗਤਾਂ ਲਈ ਬਣਾ ਕੇ ਦੇਣ ਦਾ ਬੀੜਾ ਚੁੱਕਿਆ। ਪਹਿਲੀ ਅਗਸਤ 1937 ਨੂੰ ਇਸ ਦੀ ਨੀਂਹ ਰੱਖੀ ਗਈ। ਉਦੋਂ ਹੀ ਰਾਜਸੀ ਕੈਦੀ ਰਹੇ ਲੋਕਾਂ ਨੂੰ ਸਨਮਾਨ ਦੇਣ ਲਈ ਉਨ੍ਹਾਂ ਨੇ ਆਪਣੇ ਨਾਂ ਨਾਲ 'ਕਾਲੇਪਾਣੀ' ਤਖ਼ੱਲਸ ਜੋੜ ਲਿਆ। ਉਨ੍ਹਾਂ ਇੱਥੇ ਦੋ ਕਮਰੇ ਸਰਾਂ ਵਜੋਂ ਵੀ ਬਣਵਾਏ ਜਿਨ੍ਹਾਂ ਨੂੰ ਮੁਸਾਫ਼ਰਖਾਨਾ ਕਿਹਾ ਜਾਣ ਲੱਗ ਪਿਆ। ਉਹ ਜਾਣਦੇ ਸਨ ਕਿ ਆਪਣੇ ਭਾਈਬੰਦ ਕੈਦੀਆਂ ਦੀ ਭਾਲ ਵਿੱਚ ਆਮ ਲੋਕ ਆਉਂਦੇ ਸਨ ਤਾਂ ਉਨ੍ਹਾਂ ਨੂੰ ਰਿਹਾਇਸ਼ ਦੀ ਲੋੜ ਪੈਂਦੀ ਸੀ। ਬਹੁਤ ਸਾਰੇ ਕੈਦੀ ਤਾਂ ਰਿਹਾਅ ਹੋਣ ਤੋਂ ਬਾਅਦ ਇੱਥੇ ਹੀ ਵਸ ਗਏ ਸਨ। ਉਨ੍ਹਾਂ ਪਰਿਵਾਰਾਂ ਦੇ ਬੱਚਿਆਂ ਲਈ ਉਨ੍ਹਾਂ ਨੇ ਖ਼ਾਲਸਾ ਸਕੂਲ ਵੀ ਬਣਾਇਆ। ਆਪਣੇ ਅੰਤਿਮ ਸਾਹ ਤੱਕ ਉਹ ਇਉਂ ਹੀ ਲੋਕ-ਸੇਵਾ 'ਚ ਲੱਗੇ ਰਹੇ।

ਡਾ. ਦੀਵਾਨ ਸਿੰਘ ਦੇ ਨੇਕ ਕਾਰਜਾਂ ਦੀ ਸਿਫ਼ਤ-ਸਲਾਹ ਕਰਦਿਆਂ ਮਨਜੀਤ ਸਿੰਘ ਜੀ ਇੰਨੇ ਭਾਵੁਕ ਹੋ ਗਏ ਸਨ ਕਿ ਵੈਰਾਗ ਜਿਹੇ ਨਾਲ ਉਨ੍ਹਾਂ ਦੀਆਂ ਅੱਖਾਂ ਨਮ ਹੋ ਗਈਆਂ। ਡਾ. ਦੀਵਾਨ ਸਿੰਘ ਦੇ ਲੇਖਕ ਅਤੇ ਸੁਤੰਤਰਤਾ ਸੰਗਰਾਮੀ ਰੂਪ ਬਾਰੇ ਤਾਂ ਅਸੀਂ ਬਹੁਤ ਕੁਝ ਜਾਣਦੇ ਸਾਂ ਪਰ ਸਮਾਜ-ਸੇਵੀ ਰੂਪ ਬਾਰੇ ਬਹੁਤਾ ਕੁਝ ਅੱਜ ਸੁਣ ਰਹੇ ਸਾਂ। ਉਨ੍ਹਾਂ ਦੇ ਇੱਕ ਇੱਕ ਨੇਕ ਕਾਰਜ ਦੀ ਤਫ਼ਸੀਲ ਸ. ਮਨਜੀਤ ਸਿੰਘ ਹੋਰਾਂ ਦੇ ਪੋਟਿਆਂ ਉੱਤੇ ਸੀ। ਉਹ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਹਰਗੋਬਿੰਦ ਪਾਲ ਸਿੰਘ ਦੀ ਅਗਵਾਈ ਵਿੱਚ ਉਸ ਸਾਰੀ ਤਫ਼ਸੀਲ ਨੂੰ ਸਾਂਭਣ ਦੀਆਂ ਕੋਸ਼ਿਸ਼ਾਂ ਵੀ ਕਰ ਰਹੇ ਸਨ।

"ਸਰਦਾਰ ਸਾਹਿਬ, ਅਸੀਂ ਹੁਣ ਡਾ. ਸਾਹਿਬ ਦੀਆਂ ਲਿਖਤਾਂ, ਤਸਵੀਰਾਂ ਅਤੇ ਹੋਰ ਚੀਜ਼ਾਂ-ਵਸਤਾਂ ਨੂੰ ਅਗਲੀਆਂ ਪੀੜ੍ਹੀਆਂ ਵਾਸਤੇ ਸੰਭਾਲਣ ਲਈ ਇੱਕ ਮਿਊਜ਼ੀਅਮ ਬਣਾਉਣ ਦਾ ਕੰਮ ਵਿੱਢਿਐ, ਔਹ ਸਾਹਮਣੀ ਇਮਾਰਤ 'ਚ ਐ, ਪਰ ਸੱਚੀ ਗੱਲ ਐ ਜੀ, ਐਸੇ ਵੱਡੇ ਕਾਰਜਾਂ ਦੀ ਸਾਡੀ ਸਿਖਲਾਈ ਕੋਈ ਨਈਂ, ਤੁਹਾਡੇ ਜਿਹੇ ਵਿਦਵਾਨ ਪੁਰਸ਼ ਸਾਥ ਦੇਣ ਤਾਂ ਇਹ ਕਾਰਜ ਵੀ ਨੇਪਰੇ ਚੜ੍ਹ ਜਾਵੇ।" ਮਨਜੀਤ ਸਿੰਘ ਨੇ ਹਲੀਮੀ ਨਾਲ ਹੁੱਬ ਕੇ ਦੱਸਿਆ।

"ਕਿਉਂ ਨਹੀਂ! ਜੀ, ਸਾਡਾ ਸਾਥ ਨਾਲ ਈ ਐ ਤੁਹਾਡੇ।" ਮੌਕਾ ਵੇਖ ਕੇ ਮੈਂ ਹਾਮੀ ਭਰੀ। ਸੁਣ ਕੇ ਮਨਜੀਤ ਸਿੰਘ ਹੋਰੀਂ ਹੋਰ ਉਤਸ਼ਾਹ ਵਿੱਚ ਆ ਗਏ।

"ਤੁਹਾਨੂੰ ਇੱਕ ਤੋਹਫ਼ਾ ਦਿੰਨੇ ਆਂ ਸਰਦਾਰ ਸਾਹਿਬ, ਠਹਿਰੋ ਜ਼ਰਾ। ਅਸੀਂ ਤਾਂ ਭਾਈ ਜਿੰਨੇ ਕੁ ਜੋਗੇ ਆਂ, ਹੱਥ-ਪੱਲਾ ਮਾਰਦੇ ਈ ਰਹਿੰਨੇ ਆਂ, ਇੱਕ ਕਿਤਾਬਚਾ ਛਪਵਾਇਐ...।"

ਕਹਿੰਦਿਆਂ ਉਹ ਕਾਹਲੇ ਕਦਮੀ ਇੱਕ ਕਮਰੇ ਵੱਲ ਗਿਆ ਅਤੇ ਸਾਨੂੰ ਭੇਟ ਕਰਨ ਲਈ ਅੰਗਰੇਜ਼ੀ 'ਚ ਛਪੇ ਇੱਕ ਕਿਤਾਬਚੇ 'ਡਾ. ਦੀਵਾਨ ਸਿੰਘ ਕਾਲੇਪਾਣੀ' ਦੀਆਂ ਕੁਝ ਕਾਪੀਆਂ ਚੁੱਕ ਲਿਆਇਆ। ਗੈਰ-ਪੰਜਾਬੀ ਲੋਕਾਂ ਤੱਕ ਸੰਚਾਰ ਕਰਨ ਲਈ ਕਿਤਾਬਚਾ ਉਚੇਚ ਕਰਕੇ ਅੰਗਰੇਜ਼ੀ ਵਿੱਚ ਛਪਵਾਇਆ ਗਿਆ ਸੀ। ਵਧੀਆ ਗੱਲਬਾਤ ਹੋ ਗਈ ਸੀ, ਅਸੀਂ ਫ਼ਤਹਿ ਬੁਲਾ ਕੇ ਵਿਦਾਈ ਲਈ।

"ਓ ਮਾਈ ਗਾਡ!! ਕਿੰਨੀ ਕੰਟਰੀਬਿਊਸ਼ਨ ਐ ਡਾ. ਕਾਲੇਪਾਣੀ ਦੀ, ਚੰਗਾ ਹੋਇਆ ਅਸੀਂ ਇਸ ਹਿਸਟੌਰੀਕਲ ਪਲੇਸ ਦੀ ਵਿਜ਼ਟ ਮਿੱਸ ਨ੍ਹੀਂ ਕੀਤੀ। ਸਾਨੂੰ ਤਾਂ ਉਸ ਏਜੰਟ ਕੁੜੀ ਦਾ ਥੈਂਕਸ ਕਰਨਾ ਚਾਹੀਦੈ ਜਿਸ ਕਰਕੇ ਬੋਟ ਮਿੱਸ ਹੋਈ, ਹਾ...ਹਾ...ਹਾ।"

ਗੁਰਮੀਤ ਪਨਾਗ ਨੇ ਸਥਿਤੀ ਦਾ ਹਾਂ-ਪੱਖ ਚਿਤਵਦਿਆਂ, ਏਜੰਟ ਕੁੜੀ ਨੂੰ ਮੁਆਫ਼ ਕਰ ਦਿੱਤਾ। ਖ਼ੁਸ਼ੀ ਉਸ ਤੋਂ ਸੰਭਾਲੀ ਨਹੀਂ ਜਾ ਰਹੀ ਸੀ।

"ਡਾ. ਸਾਹਿਬ, ਵੀ ਹੈਵ ਟੂ ਡੂ ਸਮਥਿੰਗ, ਹੀ ਵਾਜ਼ ਰੀਅਲੀ ਏ ਯੂਨੀਕ ਸੋਸ਼ਲ ਐਕਟੀਵਿਸਟ, ਪੰਜਾਬੀਆਂ ਨੇ ਨੋਟਿਸ ਘੱਟ ਲਿਐ, ਪਰਸਨਲੀ ਆਈ ਫੀਲ ਇੱਟ, ਹੀ ਵਾਜ਼ ਗਰੇਟ ਰੀਅਲੀ!" ਪਨਾਗ ਨੇ ਆਪਣਾ ਹੈਟ ਉਤਾਰ ਕੇ ਇੱਕ ਵਾਰ ਫੇਰ ਸ਼ਹੀਦ ਦੇ ਬੁੱਤ ਵੱਲ ਸਿਰ ਝੁਕਾਇਆ।

ਅਜਿਹੇ ਮਾਣ-ਸਤਿਕਾਰ ਦਾ ਹੱਕਦਾਰ ਸੀ ਡਾ. ਦੀਵਾਨ ਸਿੰਘ ਕਾਲੇਪਾਣੀ ਜਿਸ ਨੇ ਪੋਰਟ ਬਲੇਅਰ ਦੀ ਅਜਨਬੀ ਧਰਤੀ ਉੱਤੇ ਪੰਜਾਬ ਦੇ ਨਾਂ ਦੀ ਮੋਹੜੀ ਗੱਡੀ ਸੀ।



# ਅਮੀਰ ਵਿਰਾਸਤ ਸੰਭਾਲੀ ਬੈਠਾ ਵਿਰਾਸਤੀ ਨਗਰ ਰਾਹੋਂ

ਰੰਗਵੀਰ ਸਿੰਘ

ਦਰਿਆਵਾਂ ਕਿਨਾਰੇ ਦੁਨੀਆ ਦੀਆਂ ਸਭ ਤੋਂ ਵੱਡੀਆਂ ਸੱਭਿਆਤਾਵਾਂ ਉਪਜੀਆਂ ਹਨ। ਪੰਜਾਬ ਦੀ ਸੱਭਿਅਤਾ ਜੋ ਕਿ ਦਰਿਆ ਸਿੰਧ ਅਤੇ ਉਸ ਦੇ ਸਾਥੀ ਦਰਿਆਵਾਂ ਵਿਚ ਪੈਦਾ ਹੋਈ ਉਸ ਨੇ ਇਸ ਖਿੱਤੇ ਨੂੰ ਦੁਨੀਆ 'ਚ ਇਕ ਪ੍ਰਾਚੀਨ ਸੱਭਿਅਕ ਕੇਂਦਰ ਬਣਾ ਦਿੱਤਾ। ਦੁਨੀਆ 'ਚ ਜਿੰਨੀ ਕੁ ਪੁਰਾਣੀ ਮਿਸਰ ਅਤੇ ਬੇਬਿਲੋਨੀਆ ਦੀ ਸੱਭਿਅਤਾ ਹੈ ਉਸੇ ਬਰਾਬਰ ਪੰਜਾਬ ਦੀ ਸਿੰਧ ਘਾਟੀ ਸੱਭਿਅਤਾ ਮੰਨੀ ਜਾਂਦੀ ਹੈ, ਜਿਹੜੀ ਕਿ ਦਰਿਆਵਾਂ ਕਰਕੇ ਅਰਬ ਸਾਗਰ ਰਾਹੀਂ ਇਨ੍ਹਾਂ ਪ੍ਰਾਚੀਨ ਸੱਭਿਅਤਾਵਾਂ ਨਾਲ ਜੁੜੀ ਹੋਈ ਸੀ।

ਜਵਾਹਰ ਲਾਲ ਨਹਿਰੂ ਨੇ ਆਪਣੀ ਕਿਤਾਬ 'ਡਿਸਕਵਰੀ ਆਫ਼ ਇੰਡੀਆ' ਵਿਚ ਇਸ ਨਿਰੋਲ ਸ਼ਹਿਰੀ ਸੱਭਿਅਤਾ ਦਾ ਜ਼ਿਕਰ ਕੀਤਾ ਹੈ। ਜ਼ਿਲ੍ਹਾ ਨਵਾਂਸ਼ਹਿਰ ਵਿਚ ਸਤਲੁਜ ਦਰਿਆ ਦੇ ਕੰਢੇ ਵੱਲ ਨੂੰ ਜਾਂਦੇ ਹੋਏ ਇਸ ਸੱਭਿਅਤਾ ਦੇ ਨਿਸ਼ਾਨ ਅੱਜ ਵੀ ਦੇਖੇ ਜਾ ਸਕਦੇ ਹਨ। ਇਸੇ ਸੱਭਿਅਤਾ ਦੀ ਗਵਾਹੀ ਭਰਦਾ ਇਸ ਜ਼ਿਲ੍ਹੇ ਦਾ ਇਕ ਛੋਟਾ ਜਿਹਾ ਪਰ ਪੁਰਾਣਾ ਨਗਰ ਰਾਹੋਂ ਹੈ। ਜਿਹੜਾ ਹਰੇਕ ਦੌਰ ਵਿਚ ਇਤਿਹਾਸ ਉੱਤੇ ਆਪਣੀ ਵੱਖਰੀ ਛਾਪ ਛੱਡਦਾ ਹੈ।

ਲੋਕ ਧਾਰਾ ਦੀਆਂ ਕਹਾਣੀਆਂ 'ਚ ਦਰਜ ਹੈ ਕਿ ਇਹ ਸ਼ਹਿਰ ਬਨਾਰਸ ਜਿੰਨਾ ਹੀ ਪੁਰਾਣਾ ਸ਼ਹਿਰ ਹੈ। ਬ੍ਰਿਟਿਸ਼ ਦੌਰ ਦੇ ਵੱਖ-ਵੱਖ ਰਿਕਾਰਡਾਂ ਮੁਤਾਬਕ ਇਸ ਸ਼ਹਿਰ ਦੀ ਪਛਾਣ ਰਾਜਾ ਰਘੂ ਨਾਂ ਦੇ ਰਾਜੇ ਦੀ ਰਿਆਸਤ ਤੋਂ ਅੱਜ ਤੋਂ 2000 ਸਾਲ ਪਹਿਲਾਂ ਤੋਂ ਦਰਜ ਕਰਦੇ ਆ ਰਹੇ ਹਨ। ਉਸ ਵੇਲੇ ਇਸ ਸ਼ਹਿਰ ਦਾ ਨਾਮ ਰਘੂਪੁਰ ਦਰਜ ਹੈ। ਉਸ ਤੋਂ ਬਾਅਦ ਵੱਖ-ਵੱਖ ਦੌਰ 'ਚ ਇਹ ਕਦੀ ਗੁੱਜਰ, ਕਦੀ ਮਹਿਤੋਂ ਅਤੇ ਕਦੀ ਘੋਰਵਾਹਾ ਸ਼ਾਸਕਾਂ ਦੇ ਅਧੀਨ ਰਿਹਾ ਹੈ।

### ਕਿਵੇਂ ਪਿਆ ਰਾਹੋਂ ਨਾਂ

ਇਸ ਸ਼ਹਿਰ ਦੇ ਮੌਜੂਦਾ ਨਾਂ ਬਾਰੇ ਦੱਸਿਆ ਜਾਂਦਾ ਹੈ ਕਿ ਗੁੱਜਰ ਸ਼ਾਸਕ ਦੇ ਕਬਜ਼ੇ ਵਿਚ ਆਉਣ ਤੋਂ ਬਾਅਦ ਇਸ਼ ਸ਼ਹਿਰ ਦਾ ਨਾਂ ਰਾਹੋਂ ਪੈ ਗਿਆ। ਇਸ ਸਬੰਧੀ ਇਕ ਹੋਰ ਧਾਰਨਾ ਜਿਹੜੀ ਕਿ ਸੱਚ ਦੇ ਜ਼ਿਆਦਾ ਨੇੜੇ ਲਗਦੀ ਹੈ ਉਹ ਇਹ ਵੀ ਹੈ ਕਿ ਪ੍ਰਾਚੀਨ ਸਿਲਕ ਰੂਟ ਦਾ ਦਿੱਲੀ ਤੋਂ ਤਿੱਬਤ, ਲਾਹੌਰ, ਮੁਲਤਾਨ ਜਾਣ ਦਾ ਰਸਤਾ ਇਸੇ ਸ਼ਹਿਰ ਤੋਂ ਨਿੱਕਲਦਾ ਸੀ।

ਸੋ ਇਸ ਸ਼ਹਿਰ ਤੋਂ ਵੱਖ-ਵੱਖ ਸ਼ਹਿਰਾ ਨੂੰ ਵੱਡੇ ਵਪਾਰਕ ਰਸਤੇ ਹੋਣ ਕਰਕੇ ਇਸ ਸ਼ਹਿਰ ਦਾ ਨਾਮ ਰਾਹਾਂ ਪੈ ਗਿਆ ਅਤੇ ਉਸ ਤੋਂ ਹੀ ਵਿਗੜ ਕੇ ਅੱਗੇ ਰਾਹੋਂ ਪੈ ਗਿਆ। ਸੋ ਇਹ ਧਾਰਨਾ ਵੀ ਇਸ ਸ਼ਹਿਰ ਦੀ ਭੂਗੋਲਕ ਸਥਿਤੀ ਦੇ ਹਿਸਾਬ ਨਾਲ ਕਾਫੀ ਹੱਦ ਤੱਕ ਹਾਂ ਪੱਖੀ ਲੱਗਦੀ ਹੈ। ਮੁਗ਼ਲ ਦੌਰ ਤੋਂ ਪਹਿਲਾਂ ਗਜ਼ਨਵੀ ਦੇ ਦੌਰ ਵਿਚ ਪੰਜਾਬ ਦੇ ਇਸ ਇਲਾਕੇ ਵਿਚ ਘੋੜਵਾਹੇ (ਕੱਛਵਾਹਾ ਰਾਜਪੂਤ) ਰਾਜਸਥਾਨ ਤੋਂ ਆਏ ਸਨ ਜਿਹੜੇ ਕਿ ਸਤਲੁਜ ਦਰਿਆ ਦੇ ਦੋਹਾਂ ਪਾਸੇ ਵੱਸ ਗਏ। ਇਨ੍ਹਾਂ ਲੋਕਾਂ ਨੇ ਹੀ ਅੱਗੇ ਜਾ ਕੇ ਦੋਆਬੇ ਵਿਚ ਘੋੜਵਾਹੇ ਰਾਜਪੂਤਾਂ ਦਾ ਮੁੱਢ ਬੰਨ੍ਹਿਆ ਜਿਹੜੇ ਕਿ ਗੜ੍ਹਸ਼ੰਕਰ, ਬਲਾਚੌਰ ਸਮੇਤ ਇਸ ਇਲਾਕੇ ਦੇ ਮੁੱਖ ਕਸਬਿਆਂ ਅਤੇ ਪਿੰਡਾਂ ਦੇ ਚੌਧਰੀ ਸਨ।

ਇਨ੍ਹਾਂ ਦੇ ਜ਼ਿਆਦਾਤਰ ਜਾਨਸ਼ੀਨ ਮੁਗ਼ਲ ਦੌਰ ਵਿਚ ਬਹੁਗਿਣਤੀ ਵਿਚ ਮੁਸਲਮਾਨ ਹੋ ਗਏ ਅਤੇ ਜਾੜਲਾ ਬਲਾਚੌਰ ਦੇ ਲੋਕ ਹਿੰਦੂ ਰਹੇ ਅਤੇ ਰਾਹੋਂ ਗੜ੍ਹਸ਼ੰਕਰ ਕਾਠਗੜ੍ਹ ਦੇ ਚੌਧਰੀ ਮੁਸਲਮਾਨ ਰਹੇ। ਸੋ ਇਸੇ ਸਿਲਸਿਲੇ ਵਿੱਚੋਂ ਰਾਹੋਂ ਜਾਗੀਰ ਮੁਸਲਮਾਨ ਜਗੀਰਦਾਰਾਂ ਕੋਲ ਸੀ ਜਿਹੜੇ ਕਿ 1947 ਵਿਚ ਪਾਕਿਸਤਾਨ ਚਲੇ ਗਏ।

### ਰਾਣਾ ਉਦੋ ਸਿੰਘ ਨੂੰ ਮਿਲੀ ਜਾਗੀਰ

ਅਕਬਰ ਦੇ ਦੌਰ ਵਿਚ ਉਸ ਦੇ ਸਰਪ੍ਰਸਤ ਬੈਰਮ ਖ਼ਾਨ ਨੇ ਜਦੋਂ ਬਗ਼ਾਵਤ ਕੀਤੀ ਤਾਂ ਉਸ ਦੇ ਖ਼ਿਲਾਫ਼ ਮਾਛੀਵਾੜਾ ਦੇ ਰਾਣਾ ਉਦੋਂ ਸਿੰਘ ਨੇ ਉਸ ਬਗ਼ਾਵਤ ਨੂੰ ਦਬ-ਾਇਆ ਤਾਂ ਅਕਬਰ ਨੇ ਇਹੋ ਰਾਣਾ ਉਦੋਂ ਸਿੰਘ ਨੂੰ ਰਾਹੋਂ ਸ਼ਹਿਰ ਦੀ ਜਾਗੀਰ ਦੇ ਦਿੱਤੀ। ਰਾਣਾ ਉਦੋਂ ਸਿੰਘ ਇਕ ਧਰਮੀ, ਕਰਮੀ ਸ਼ਾਸਕ ਸੀ। ਉਸ ਦੇ ਬਜ਼ੁਰਗ ਅਵਸਥਾ ਵਿਚ ਸਿਹਤ ਪੱਖੋਂ ਤੀਰਥ 'ਤੇ ਜਾਣ ਦੀ ਅਸਮਰੱਥਾ ਕਰਕੇ ਹੀ ਉਸ ਦੇ ਪੁੱਤਰਾਂ ਨੇ ਪੰਜ ਹਿੰਦੂ ਤੀਰਥਾਂ ਦਾ ਜਲ ਲਿਆ ਕੇ ਇੱਥੇ ਪਵਿੱਤਰ ਪੰਜ ਤੀਰਥ ਸਰੋਵਰ ਦਾ ਨਿਰਮਾਣ ਕਰਵਾਇਆ ਅਤੇ ਆਪਣੇ ਪਿਤਾ ਦੀ ਤੀਰਥ ਇਸ਼ਨਾਨ ਕਰਨ ਦੀ ਇੱਛਾ ਪੂਰੀ ਕੀਤੀ। ਰਾਹੋਂ ਵਿਚ ਅੱਜ ਵੀ ਇਹ ਪੰਜ ਤੀਰਥ ਸਰੋਵਰ ਚੱਲ ਰਿਹਾ ਹੈ ਜਿਸ ਨੂੰ ਇਲਾਕੇ ਦੇ ਕਿਸਾਨ ਪਰਿਵਾਰਾਂ ਵੱਲੋਂ ਹੀ ਮੁੜ ਚਲਦਾ ਕੀਤਾ ਗਿਆ ਸੀ। ਰਾਣਾ ਉਦੋਂ ਦੇ ਖ਼ਾਨਦਾਨ ਵਿਚ ਟਿੱਕਾ ਪਹਿਲਵਾਨ ਸਿੰਘ ਦੇ ਟੱਬਰ ਨੇ ਔਰੰਗਜ਼ੇਬ ਦੇ ਰਾਜ ਵਿਚ ਇਸਲਾਮ ਕਬੂਲ ਕੀਤਾ,



ਜਿਹੜੇ ਕਿ 1947 ਤਕ ਇਸ ਇਲਾਕੇ ਦੇ ਜਗੀਰਦਾਰ ਰਹੇ।

### ਵਪਾਰ ਦਾ ਸੀ ਵੱਡਾ ਕੇਂਦਰ

ਉਦਯੋਗ ਧੰਦੇ ਪੱਖੋਂ ਸਿਲਕ ਰੂਟ 'ਤੇ ਹੋਣ ਕਰਕੇ ਰਾਹੋਂ ਸ਼ਹਿਰ ਵਪਾਰ ਦਾ ਵੱਡਾ ਕੇਂਦਰ ਸੀ, ਜਿਸ ਕਰਕੇ ਇਸ ਸ਼ਹਿਰ ਵਿਚ ਵੱਖ-ਵੱਖ ਉਦਯੋਗ ਧੰਦੇ ਸ਼ੁਰੂ ਹੋਏ। ਮੁਗ਼ਲ ਦੌਰ ਵਿਚ ਇਥੇ ਸਰਾਫ਼ਾ ਬਾਜ਼ਾਰ ਵੀ ਮਸ਼ਹੂਰ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਰਾਹੋਂ ਦੇ ਸਰਾਫ਼ਾਂ ਦੀਆਂ ਜੜ੍ਹਾਂ ਪੂਰੀ ਦੁਨੀਆਂ ਵਿਚ ਹੀ ਫੈਲੀਆਂ ਹੋਈਆਂ ਹਨ। ਇਸੇ ਤਰ੍ਹਾਂ ਇਹ ਸ਼ਹਿਰ ਤਿੱਲੇ ਅਤੇ ਗੋਟਾ ਕਿਨਾਰੀ ਦੇ ਕੰਮ ਦਾ ਵੀ ਮਸ਼ਹੂਰ ਕੇਂਦਰ ਸੀ। ਗੋਟਾ ਕਿਨਾਰੀ ਦੇ ਕੰਮ ਤੋਂ ਬਚੀ ਖੁਚੀ ਸਿਲਕ ਦੀ ਖੋਹ ਤੋਂ ਰੱਖੜੀ ਤਿਆਰ ਹੁੰਦੀ ਸੀ। ਰੱਖੜੀ ਬਣਾਉਣ ਦਾ ਕੰਮ ਇਸ ਸ਼ਹਿਰ ਦੀਆਂ ਬੀਬੀਆਂ ਨੇ ਆਮ ਘਰੇਲੂ ਦਸਤਕਾਰੀ ਵਜੋਂ ਘਰ- ਘਰ ਆਮ ਕੀਤਾ ਜਾਂਦਾ ਸੀ। ਜਿਹੜਾ 1970 ਦੇ ਲਾਗੇ ਮਸ਼ੀਨੀ ਦੌਰ ਆਉਣ ਨਾਲ ਖ਼ਤਮ ਹੋ ਗਿਆ। ਇਸ ਤੋਂ ਇਲਾਵਾ ਕਪਾਹ ਅਤੇ ਗੰਨਾ ਹੋਣ ਕਰਕੇ ਇੱਥੇ ਦਾ ਸੂਤੀ ਕੱਪੜਾ ਅਤੇ ਦੇਸੀ ਖੰਡ ਬਹੁਤ ਮਸ਼ਹੂਰ ਸੀ। ਇਸਦੇ ਨਾਲ ਹੀ ਘੇੜੀਏ ਪਰਿਵਾਰ ਘਿਉ ਦਾ ਕਾਰੋਬਾਰ ਕਰਦੇ ਸਨ। 1890 ਤਕ ਵਪਾਰ ਵਿਚ ਇਹ ਸ਼ਹਿਰ ਬਹੁਤ ਮਸ਼ਹੂਰ ਰਿਹਾ ਹੈ, ਪਰ ਆਵਾਜਾਈ ਦੇ ਨਵੇਂ ਸਾਧਨ ਆਉਣ ਕਰਕੇ ਇਹ ਸ਼ਹਿਰ ਵਪਾਰ ਵਿਚ ਪੱਛੜ ਗਿਆ ਅਤੇ ਲੋਕ ਵੱਖ-ਵੱਖ ਸ਼ਹਿਰਾਂ ਵਿਚ ਜਾ ਵਸੇ। ਇਹ ਗੱਲ ਬ੍ਰਿਟਿਸ਼ ਰਿਕਾਰਡ ਵਿਚ ਦਰਜ ਹੈ। ਇਸੇ ਕਰਕੇ 1891 ਦੀ ਅਬਾਦੀ ਵੀ ਇਸ ਸ਼ਹਿਰ ਦੀ 15000 ਸੀ ਪਰ 1901 ਤਕ ਉਹ ਆਬਾਦੀ 8700 ਦੇ ਕਰੀਬ ਰਹਿ ਗਈ। ਇਹ ਸ਼ਹਿਰ ਜਿੱਥੇ ਆਪਣੇ ਆਪ ਵਿਚ ਹੀ ਇਕ ਵੱਡਾ ਵਪਾਰਕ ਕੇਂਦਰ ਅਤੇ ਸੱਭਿਆਚਾਰਕ ਖਿੱਤਾ ਸੀ ਉਥੇ ਨਾਲ ਹੀ ਇੱਥੇ ਮਸ਼ਹੂਰ ਲੋਕਾਂ ਦਾ ਰਿਸ਼ਤਾ ਵੀ ਜੁੜਦਾ ਹੈ।

### ਰਾਜਸੀ ਅਤੇ ਫਿਲਮੀ ਹਸਤੀਆਂ

ਦੁਨੀਆ ਵਿਚ ਖੋਸਲਾ, ਚੋਪੜਾ ਪਰਿਵਾਰਾਂ ਦਾ ਸਬੰਧ ਰਾਹੋਂ ਨਾਲ ਜੁੜਦਾ ਹੈ। ਹਿੰਦੀ ਫਿਲਮ ਸਨਅਤ ਵਿਚ ਬੀਆਰ ਚੋਪੜਾ ਰਾਹੋਂ ਦੇ ਹੀ ਜੰਮਪਲ ਸਨ। ਉਨ੍ਹਾਂ ਦੇ ਟੱਬਰ ਨੇ ਲਾਹੌਰ ਕਾਰੋਬਾਰ ਸ਼ੁਰੂ ਕਰਨ ਕਰਕੇ ਉਹ ਲਾਹੌਰ ਵੱਸ ਗਏ ਸਨ। ਇਸੇ ਤਰ੍ਹਾਂ ਮਸ਼ਹੂਰ ਫਿਲਮ ਨਿਰਮਾਤਾ ਰਾਜ ਖੋਸਲਾ ਇਸੇ ਸ਼ਹਿਰ ਵਿਚ ਖੋਸਲਾ ਮੁਹੱਲਾ ਤੋਂ ਉੱਠ ਕੇ ਫਿਲਮ ਸੱਨਅਤ ਦਾ ਹਿੱਸਾ ਬਣੇ। ਪ੍ਰੇਮ ਚੋਪੜਾ ਦੇ ਪੁਰਖੇ ਵੀ ਰਾਹੋਂ ਸ਼ਹਿਰ ਤੋਂ ਲਾਹੌਰ ਜਾ ਵਸੇ ਸਨ।

ਇਸੇ ਤਰ੍ਹਾਂ ਮਸ਼ਹੂਰ ਅਦਾਕਾਰ ਅਮਰੀਸ਼ ਪੁਰੀ ਦਾ ਪਰਿਵਾਰ ਰਾਹੋਂ ਤੋਂ ਹੀ ਉੱਠ ਕੇ ਨਵਾਂਸ਼ਹਿਰ ਗਿਆ। ਉਨ੍ਹਾਂ ਦੇ ਵੱਡੇ ਭਰਾ ਮਦਨ ਪੁਰੀ ਦਾ ਜਨਮ ਰਾਹੋਂ ਦਾ ਹੀ ਸੀ ਅਤੇ ਉਹ ਰਾਹੋਂ ਸਕੂਲ ਤੋਂ ਹੀ ਪੜ੍ਹ ਕੇ ਗਏ ਸਨ, ਮਸ਼ਹੂਰ ਸੰਗੀਤਕਾਰ ਖ਼ਿਆਮ ਇਸੇ ਸ਼ਹਿਰ ਦੇ ਜੰਮ ਪਲ ਸਨ। ਇਸੇ ਤਰ੍ਹਾਂ ਇਸ ਸ਼ਹਿਰ ਨੇ ਕਈ ਵੱਡੇ ਅਫ਼ਸਰ ਵੀ ਪੈਦਾ ਕੀਤੇ, ਬਿਲਾਸਪੁਰ ਸਟੇਟ ਵਿਚ ਇਸੇ ਸ਼ਹਿਰ ਦੇ ਖੋਸਲਾ ਪਰਿਵਾਰ ਦੇ ਦੀਵਾਨ ਚਮਨ ਖੋਸਲਾ ਦੀਵਾਨ ਰਹੇ। ਉਨ੍ਹਾਂ ਦੇ ਟੱਬਰ ਵਿੱਚੋਂ ਹੀ ਮਸ਼ਹੂਰ ਜੱਜ ਗੋਪਾਲ ਖੋਸਲਾ ਰਹੇ। ਜਿਹੜੇ ਮਹਾਤਮਾ ਗਾਂਧੀ ਕਤਲ ਕੇਸ ਵਿਚ ਮੁੱਖ ਜੱਜ ਅਤੇ ਕਈ ਕਿਤਾਬਾਂ ਦੇ ਲੇਖਕ ਰਹੇ ਹਨ, ਇਸ ਤੋਂ ਇਲਾਵਾ ਚੌਧਰੀ ਅਬਦੁਲ ਰਹਿਮਾਨ ਇਸ ਸ਼ਹਿਰ ਦੇ ਜਗੀਰਦਾਰ ਅਤੇ ਅੰਗਰੇਜ਼ ਦੌਰ ਵਿਚ ਯੂਨੀਅਨਿਸਟ ਪਾਰਟੀ ਦੇ ਐਮਐਲਏ ਰਹੇ ਹਨ। ਇੱਥੇ ਦੇ ਮਸ਼ਹੂਰ ਲਾਲਾ ਗਿਆਨ ਮਿੱਤਰ ਖੋਸਲਾ ਦੇ ਪਿਤਾ ਸਤਨਾਰਾਇਣ ਖੋਸਲਾ ਵੀ ਅੰਗਰੇਜ਼ ਦੌਰ ਵਿਚ ਆਈਸੀਐੱਸ ਰਹੇ ਹਨ। ਜਿੱਥੇ ਵੰਡ ਦੇ ਦੌਰਾਨ ਮਹਿੰਦਰ ਸਿੰਘ ਰੰਧਾਵਾ ਭਾਰਤ ਵਿਚ ਮੁੜ ਵਸੇਵਾ ਕਮਿਸ਼ਨ ਦੇ ਮੁਖੀ ਸਨ ਉੱਥੇ ਪਾਕਿਸਤਾਨ ਵਿਚ ਇਸੇ ਸ਼ਹਿਰ ਦੇ ਰਾਣਾ ਹਮੀਦ ਮੁੱਖੀ ਰਹੇ ਅਤੇ ਜਿਹੜੇ ਪੱਛਮੀ ਪਾਕਿਸਤਾਨ ਵਿਚ ਹੋਮ ਸੈਕਟਰੀ ਦੇ ਅਹੁਦੇ ਤਕ ਪੁੱਜੇ।

ਪਾਕਿਸਤਾਨ ਦੀ ਸਿਆਸਤ ਵਿਚ ਅੱਜ ਵੀ ਇਸ ਸ਼ਹਿਰ ਦੇ ਲੋਕਾਂ ਦੇ ਬੱਚਿਆਂ ਨੇ ਮੰਤਰੀ ਅਤੇ ਐਮਐਲਏ ਬਣਾਏ ਹਨ ਜਿਨ੍ਹਾਂ ਵਿਚ ਝੰਗ ਸੀਟ ਤੋਂ ਚੌਧਰੀ ਇਜ਼ਤ ਖ਼ਾਨ ਦਾ ਪੋਤਰਾ ਅਤੇ ਨਾਰੋਵਾਲ ਸੀਟ ਤੋਂ ਰਾਣਾ ਅਬਦੁਰ ਰਹਿਮਾਨ ਦੇ ਦੋਹਤਰਾ ਉਨ੍ਹਾਂ ਦੀ ਰਾਜਨੀਤਕ ਵਿਰਾਸਤ ਨੂੰ ਅੱਗੇ ਤੋਰ ਰਹੇ ਹਨ। ਇਸੇ ਤਰ੍ਹਾਂ ਇਸ ਸ਼ਹਿਰ ਦੇ ਟੱਬਰ ਦਾ ਹੀ ਪੁੱਤਰ ਰਾਣਾ ਆਫਤਾਫ ਨਨਕਾਣਾ ਸਾਹਿਬ ਦਾ ਸਾਬਕਾ ਐਮਐਲਏ ਪਾਕਿਸਤਾਨ ਵਿਚ ਮੰਤਰੀ ਰਿਹਾ ਹੈ।

ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਫ਼ੌਜ ਵਿਚ ਕੈਪਟਨ ਪ੍ਰੇਮ ਸਹਿਗਲ ਅਤੇ ਕੈਪਟਨ ਲੱਛਮੀ ਸਹਿਗਲ ਇਸ ਸ਼ਹਿਰ ਦੇ ਹੀ ਸਾਬਕਾ ਨਗਰ ਕੌਂਸਲ ਪ੍ਰਧਾਨ ਦਿਨੇਸ਼ ਚੋਪੜਾ ਜੀ ਦੇ ਮਾਮਾ ਜੀ ਸਨ। ਸੋ ਕੁੱਲ ਮਿਲਾ ਕੇ ਰਾਹੋਂ ਸ਼ਹਿਰ ਦੇ ਲੋਕ ਪੂਰੀ ਦੁਨੀਆ ਵਿਚ ਅੱਜ ਤੱਕ ਵੱਖੋ-ਵੱਖ ਖੇਤਰਾਂ ਵਿਚ ਨਾਮਣਾ ਖੱਟ ਰਹੇ ਹਨ। ਚੌਧਰੀ ਅਬਦੁਲ ਰਹਿਮਾਨ ਤੋਂ ਬਾਅਦ ਵਰਤਮਾਨ ਵਿਚ ਨਛੱਤਰ ਪਾਲ ਪੰਜਾਬ ਵਿਧਾਨ ਸਭਾ ਵਿਚ ਨਵਾਂਸ਼ਹਿਰ ਸੀਟ ਦੀ ਤਰਜਮਾਨੀ ਕਰ ਰਹੇ ਹਨ। ਆਪਣੇ ਅਤੀਤ ਵਿਚ ਗਵ-ਾਚਿਆ ਇਹ ਸ਼ਹਿਰ ਇਕ ਵੱਡਾ ਇਤਿਹਾਸ ਸਮੇਟ ਕੇ ਬੈਠਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕੇ ਇਸ ਸ਼ਹਿਰ ਦੇ ਪੁਰਾਣੇ ਇਤਿਹਾਸਕ ਪਿਛੋਕੜ ਨੂੰ ਦੇਖਦੇ ਹੋਏ ਅਤੇ ਕਈ ਮਸ਼ਹੂਰ ਪੁਰਾਣਤ ਇਮਾਰਤਾਂ ਅਤੇ ਕੇਂਦਰ ਹੁੰਦੇ ਹੋਏ ਇਸ ਸ਼ਹਿਰ ਨੂੰ ਇਕ ਸੈਰ ਸਪਾਟਾ ਕੇਂਦਰ ਵਜੋਂ ਅਤੇ ਸੱਭਿਆਚਾਰਕ ਕੇਂਦਰ ਵਜੋਂ ਮੁੜ ਖੜ੍ਹਾ ਕਰਨਾ ਚਾਹੀਦਾ ਹੈ।

### ਲਾਹੌਰ ਦਰਬਾਰ ਦਾ ਹਿੱਸਾ ਬਣਿਆ

ਤਾਰਾ ਸਿੰਘ ਘੇਬਾ ਦੀ ਮੌਤ ਤੋਂ ਬਾਅਦ ਇਹ ਸ਼ਹਿਰ 1807 ਵਿਚ ਲਾਹੌਰ ਦਰਬਾਰ ਦਾ ਹਿੱਸਾ ਬਣਿਆ। ਤਾਰਾ ਸਿੰਘ ਘੇਬਾ ਦੇ ਪੁੱਤਰਾਂ ਨੂੰ ਜਾਗੀਰਾਂ ਦਿੱਤੀਆਂ ਗਈਆਂ। ਇਸ ਸ਼ਹਿਰ ਦਾ ਪ੍ਰਸ਼ਾਸਕ ਸਰਦਾਰ ਦੱਲ ਸਿੰਘ ਨੂੰ ਬਣਾਇਆ ਗਿਆ, ਜਿਸ ਨੇ ਇੱਥੇ ਮੁਹੱਲਾ ਪਹਾੜ ਸਿੰਘ ਵਿਚ ਨਵੇਂ ਕਿਲ੍ਹੇ ਦਾ ਨਿਰਮਾਣ ਕਰਵਾਇਆ, ਜਿਸ ਦੇ ਖੰਡਰ ਦੇ ਕੁਝ ਹਿੱਸੇ ਕਈ ਥਾਂ ਪੁਰਾਣੀਆਂ ਕੰਧਾਂ ਵਜੋਂ ਦਿਸਦੇ ਹਨ। ਇਸੇ ਕਿਲ੍ਹੇ ਵਿਚ ਨੇਪਾਲ ਦੇ ਜਰਨੈਲ ਅਮਰ ਸਿੰਘ ਥਾਪਾ ਨੇ ਟਿਕਾਣਾ ਕੀਤਾ ਸੀ। ਇਸੇ ਕਰਕੇ ਇਸ ਸ਼ਹਿਰ ਵਿਚ ਡੇਰਾ ਪਰਮਹੰਸਾ ਵਿਚ ਨੇਪਾਲੀ ਫ਼ੌਜ ਵੱਲੋਂ ਬਣਾਇਆ ਗਿਆ ਮੰਦਿਰ (ਜਿਹੜਾ ਕਿ ਇਥੇ ਦੀ ਸਥਾਨਕ ਸ਼ੈਲੀ ਨਾਲ ਮਿਲਦਾ ਨਹੀਂ ਹੈ) ਮੌਜੂਦ ਹੈ। ਲਾਹੌਰ ਦਰਬਾਰ ਤੇ ਅੰਗਰੇਜ਼ ਸਰਕਾਰ ਦੇ ਕਬਜ਼ੇ ਤੋਂ ਬਾਅਦ ਇਹ ਸ਼ਹਿਰ ਅੰਗਰੇਜ਼ ਸਰਕਾਰ ਦੇ ਅਧੀਨ ਆ ਗਿਆ।

1855 ਵਿਚ ਸ਼ਹਿਰ ਵਿਚ ਪ੍ਰਾਇਮਰੀ ਸਕੂਲ ਦੀ ਨੀਂਹ ਰੱਖੀ ਗਈ। ਇਹ ਸਕੂਲ ਅੱਜ ਸੀਨੀਅਰ ਸੈਕੰਡਰੀ ਸਕੂਲ ਬਣ ਚੁੱਕਿਆ ਹੈ ਅਤੇ ਪੰਜਾਬ ਦੇ ਸਭ ਤੋਂ ਪੁਰਾਣੇ ਸਕੂਲਾਂ ਵਿੱਚੋਂ ਇਕ ਸੀ।

1878 ਵਿਚ ਇਸ ਸ਼ਹਿਰ ਨੂੰ ਅੰਗਰੇਜ਼ ਸਰਕਾਰ ਨੇ ਨਗਰ ਕੌਂਸਲ ਦਾ ਦਰਜਾ ਦਿੱਤਾ। ਇਸੇ ਕਰਕੇ ਰਾਹੋਂ ਨਗਰ ਕੌਂਸਲ ਪੰਜਾਬ ਦੀਆਂ ਸਭ ਤੋਂ ਪੁਰਾਣੀਆਂ ਨਗਰ ਕੌਂਸਲਾਂ ਵਿੱਚੋਂ ਇਕ ਹੈ। ਜਿੱਥੇ 1911 ਤੋਂ ਭਾਰਤੀ ਲੋਕਾਂ ਨੂੰ ਕੌਂਸਲ ਮੁੱਖੀ ਵਜੋਂ ਨਾਮਜ਼ਦ ਕਰਨਾ ਸ਼ੁਰੂ ਕੀਤਾ ਗਿਆ।

### ਰਾਮਸਰ ਸਰੋਵਰ ਦੀ ਰੱਖੀ ਨੀਂਹ

1710 ਵਿਚ ਇਸ ਸ਼ਹਿਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਜਿੱਤ ਲਿਆ ਸੀ। 1716 ਤਕ ਇਹ ਸ਼ਹਿਰ ਸਿੱਖਾਂ ਦੇ ਕਬਜ਼ੇ ਵਿਚ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਇਸ ਸ਼ਹਿਰ 'ਤੇ ਮੁੜ ਅਬਦੁਲ ਸਮਦ ਖ਼ਾਨ ਨੇ ਦੋਬਾਰਾ ਕਬਜ਼ਾ ਕਰ ਲਿਆ। ਮੁਗ਼ਲ ਰਾਜ ਕੋਲੋਂ ਇਹ ਸ਼ਹਿਰ ਮੁੜ 1759 ਵਿਚ ਸਰਦਾਰ ਤਾਰਾ ਸਿੰਘ ਘੇਬਾ ਨੇ ਜਿੱਤਿਆ ਅਤੇ ਆਪਣੀ ਡਲੇਵਾਲੀਆ ਮਿਸਲ ਦੀ ਰਾਜਧਾਨੀ ਬਣਾਇਆ ਅਤੇ ਜਿਸ ਥਾਂ 'ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਨੇ ਟਿਕਾਣਾ ਕੀਤਾ ਸੀ ਉੱਥੇ ਰਾਮਸਰ ਸਰੋਵਰ ਦੀ ਨੀਂਹ ਰੱਖੀ, ਉਸੇ ਸਰੋਵਰ ਦੇ ਇਕ ਕੰਢੇ ਤੇ ਡੇਰਾ ਰਾਮਸਰ ਦੇ ਕੋਲ ਤਾਰਾ ਸਿੰਘ ਘੇਬਾ ਦੀ ਸਮਾਧ ਅੱਜ ਕਲ੍ਹ ਸ਼ਿਵ ਮੰਦਰ ਦੇ ਰੂਪ ਵਿਚ ਮੌਜੂਦ ਹੈ ਅਤੇ ਉਸ ਦੀ ਰਾਣੀ ਦੀ ਸਮਾਧ ਸਰੋਵਰ ਦੇ ਦੂਸਰੇ ਪਾਸੇ ਇਕ ਮਕਬਰੇ ਦੇ ਰੂਪ ਵਿਚ ਮੌਜੂਦ ਹੈ।




# ਸਰਵ ਸਾਂਝਾ ਦਰਬਾਰ ਪੀਰ ਮੰਦਿਰ ਟਰੱਸਟ ਧਨੌਲਾ ਵੱਲੋਂ 23ਵਾਂ ਸਾਲਾਨਾ ਭੰਡਾਰਾ ਧੂਮ ਧਾਮ ਨਾਲ ਮਨਾਇਆ

**ਧਨੌਲਾ ਮੰਡੀ (ਸੰਜੀਵ ਗਰਗ ਕਾਲੀ) :** ਸਰਵ ਸਾਂਝਾ ਦਰਬਾਰ ਪੀਰ ਮੰਦਿਰ ਟਰੱਸਟ ਧਨੌਲਾ ਵੱਲੋਂ 23ਵਾਂ ਸਲਾਨਾ ਭੰਡਾਰਾ ਤੇ ਆਸਵਮੇਗ ਯੱਗ ਸਰਧਾ ਭਾਵਨਾ ਨਾਲ ਟਰੱਸਟ ਦੇ ਸੇਵਾਦਾਰ ਬਾਬਾ ਭੁਪਿੰਦਰ ,ਪ੍ਰਬੰਧਕ ਕਰਨਵੀਰ ਗੋਲੂ ਤੇ ਵਿਕਰਮਜੀਤ ਵਿੱਕੀ ਦੀ ਦੇਖ ਰੇਖ ਤੇ ਡੇਰਾ ਬਾਬਾ ਪ੍ਰਸੋਤਮ ਦਾਸ ਦੇ ਬਾਬਾ ਬਸੰਤ ਰਾਮ ਤਿਆਗੀ ਜੀ ਰਹਿਨੁਮਾਈ ਤੇ ਮੁੱਖ ਸੇਵਾਦਾਰ ਬਾਬਾ ਗੱਦੀ ਨਸੀਨ ਬਾਬਾ ਹਰਵਿੰਦਰ ਜੀ ਦੀ ਯੋਗ ਅਗਵਾਈ 'ਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਮੌਕੇ ਤੇ ਦੂਰੋਂ ਦੂਰੋ ਆਈਆਂ ਸੰਗਤਾਂ ਨੇ ਪੀਰਾਂ ਦੇ ਦਰਬਾਰ ਤੇ ਮੰਦਰ 'ਚ ਸੰਗਤਾਂ ਵੱਲੋਂ ਹਾਜਰੀਆਂ ਲਵਾਈਆਂ ਤੇ ਸੇਵਾ ਕੀਤੀ। ਮਲੇਰਕੋਟਲਾ ਤੋਂ ਆਏ ਮਸਹੂਰ ਕਬਾਲ ਮਹੁੰਮਦ ਸਲੀਮ ਐਂਡ ਸੰਜ ਵੱਲੋਂ ਕਬਾਲੀਆਂ ਸੁਣਾਈਆਂ ਜਾਣਗੀਆਂ।



ਇਸ ਮੌਕੇ ਤੇ ਚਾਦਰ ਦੀ ਰਸਮ ਉਪਰੰਤ ਚਾਹ, ਪਕੌੜਿਆਂ, ਲੱਡੂ, ਜਲੇਬੀਆਂ, ਆਲੂ ਟਿੱਕੀ ਆਦਿ ਦਾ ਭੰਡਾਰਾ ਤੇ ਰਾਤ ਨੂੰ ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ ਗਿਆ । ਇਸ ਮੌਕੇ ਤੇ ਬਾਬੂ ਅਸ਼ੋਕ ਮੋਹਨ ਜੀ ਲੌਂਗੋਵਾਲ ਵਾਲੇ, ਨਗਰ ਕੌਂਸਲ ਦੇ ਮੀਤ ਪ੍ਰਧਾਨ ਰਜਨੀਸ ਕੁਮਾਰ ਬਾਂਸਲ ਆਲੂ, ਚੇਅਰਮੈਨ ਜੀਵਨ ਬਾਂਸਲ, ਰਾਕੇਸ ਕੁਮਾਰ ਮਾੜੀ, ਮੁਕੇਸ ਸਰਮਾਂ, ਕ੍ਰਿਸਨ ਕੁਮਾਰ ਕਾਕਾ ਕਾਲੇਕੇ, ਗੁਰਚਰਨ ਸਿੰਘ ਚੰਨਾ, ਹਰਬੰਸ ਸਿੰਘ ਬੰਸਾ, ਪ੍ਰਵੀਨ ਚੌਧਰੀ, ਵਿਸਾਲ ਕੁਮਾਰ, ਚਿੰਟੂ, ਕਾਲੀ, ਮਨੀ, ਵਿੱਕੀ ਬਾਂਸਲ, ਮਿੱਠੂ ਸਿੰਘ, ਗੁਰਪ੍ਰੀਤ ਸਿੰਘ, ਮਿਆਂਕ ਪਟਿਆਲਾ, ਭੋਲਾ ਸਿੰਘ ਅਸੋਕ ਕੁਮਾਰ, ਪਾਲਾ ਸਿੰਘ, ਵਿਜੈ ਕੁਮਾਰ ਟਰਾਂਸਪੋਰਟਰ, ਸੁਖਪਾਲ ਸਿੰਘ ਬਰਨ ਆਦਿ ਤੋਂ ਇਲਾਵਾ ਭਾਰੀ ਗਿਣਤੀ 'ਚ ਸੇਵਾਦਾਰ ਮੌਜੂਦ ਸਨ।

# ਵੰਡ ਤੇ ਹਿੰਦ-ਪਾਕਿ ਜੰਗਾਂ ਨੇ ਰੋਲ ਦਿੱਤੀ ਜਵਾਲਾ ਸਿੰਘ ਦੀ ਹਵੇਲੀ


**ਬਹਾਦਰ ਸਿੰਘ ਗੋਸਲ**

ਦੇਸ਼ ਨੂੰ 1947ਈ: ਵਿੱਚ ਆਜ਼ਾਦੀ ਮਿਲਣ ਦੇ ਨਾਲ ਹੀ ਦੇਸ਼ ਦੀ ਵੰਡ ਹੋ ਗਈ। ਭਾਵੇਂ ਹਿੰਦੁਸਤਾਨ ਆਜ਼ਾਦੀ ਦੀ ਖ਼ੁਸ਼ੀ ਮਨਾ ਰਿਹਾ ਸੀ ਪਰ ਪੰਜਾਬ ਅਕਹਿ ਅਤੇ ਅਸਹਿ ਸੰਤਾਪ ਭੋਗ ਰਿਹਾ ਸੀ। ਜਿਨ੍ਹਾਂ ਪਰਿਵਾਰਾਂ ਨੇ ਇਸ ਦੁਖਾਂਤ ਦਾ ਦਰਦ ਆਪਣੇ ਮਨਾਂ ਅਤੇ ਪਿੰਡਿਆਂ 'ਤੇ ਹੰਢਾਇਆ, ਉਨ੍ਹਾਂ ਦੇ ਅਥਰੂ ਅੱਜ ਵੀ ਸੁੱਕੇ ਨਹੀਂ। ਇਹ ਦੁਖਾਂਤ ਮਨੁੱਖਤਾ ਪ੍ਰਤੀ ਘੋਰ ਜ਼ੁਲਮ ਅਤੇ ਬੇਰਹਿਮੀ ਵਾਲਾ ਸੀ।

ਇਹ ਵੰਡ, ਜਿਸ ਨੇ ਦੇਸ਼ ਨੂੰ ਹਿੰਦੋਸਤਾਨ ਅਤੇ ਪਾਕਿਸਤਾਨ ਦੋ ਦੇਸ਼ਾਂ ਵਿੱਚ ਵੰਡ ਦਿੱਤਾ, ਨੇ ਪੰਜਾਬ ਦੀ ਬਰਬਾਦੀ ਦਾ ਕੋਈ ਪਹਿਲੂ ਬਾਕੀ ਨਹੀਂ ਛੱਡਿਆ। ਇਸ ਦੌਰਾਨ ਮੁੱਖ ਤੌਰ 'ਤੇ ਪੰਜਾਬ ਦੀ ਵੰਡ ਹੋਈ ਅਤੇ ਇਸ ਵੰਡ ਦਾ ਸੇਕ ਪੰਜਾਬ ਦੇ ਹਰ ਘਰ ਤੱਕ ਪਹੁੰਚਿਆ। ਇਨਸਾਨੀਅਤ ਪਤਾ ਨਹੀਂ ਕਿੱਥੇ ਚਲੀ ਗਈ ਸੀ। ਪੰਜਾਬ ਦੀ ਆਬਰੂ, ਧਰਤ, ਸ਼ਹਿਰ, ਧਾਰਮਿਕ ਅਸਥਾਨ, ਭਾਈਚਾਰਾ, ਪਰਿਵਾਰ ਅਤੇ ਇੱਥੋਂ ਤੱਕ ਕਿ ਘਰ, ਜ਼ਮੀਨ-ਜਾਇਦਾਦ, ਮਾਲ ਡੰਗਰ, ਮਨੁੱਖੀ ਪਿਆਰ ਸਭ ਖਤਮ ਹੋ ਗਏ। ਇਸ ਵੰਡ ਨਾਲ ਕਿਸੇ ਨੂੰ ਕੀ ਮਿਲਿਆ, ਇਹ ਤਾਂ ਕਿਸੇ ਨੇ ਨਹੀਂ ਸੋਚਿਆ ਪਰ ਬਰਬਾਦੀ ਦੀਆਂ ਤਸਵੀਰਾਂ ਸਦਾ ਲਈ ਉਕਰੀਆਂ ਗਈਆਂ।

ਜਿੱਥੇ ਹੋਰ ਸਭ ਕੁੱਝ ਬਰਬਾਦ ਹੋ ਗਿਆ ਉਸ ਦੇ ਨਾਲ ਹੀ ਪੰਜਾਬ ਦਾ ਹੱਸਦਾ ਚਿਹਰਾ, ਇਸ ਦਾ ਵਿਸ਼ਾਲ ਵਿਰਸਾ ਅਤੇ ਸੱਭਿਆਚਾਰ ਵੀ ਰੁਲ ਕੇ ਰਹਿ ਗਿਆ। ਅਜੋਕੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦਾ ਉਹ ਸੱਭਿਆਚਾਰ ਅਤੇ ਪੰਜਾਬੀ ਵਿਰਸਾ ਕਦੇ ਕਿਸੇ ਨੂੰ ਮੁੜ ਨਸੀਬ ਨਹੀਂ ਹੋਇਆ। ਕੁਦਰਤੀ ਤੌਰ 'ਤੇ ਪੰਜ ਦਰਿਆਵਾਂ ਦੀ ਇਹ ਧਰਤੀ ਹਰ ਪੱਖੋਂ ਪ੍ਰਫੁੱਲਤ ਹੋਣ ਕਰਕੇ ਇਸ ਖੇਤਰ ਵਿੱਚ ਪੰਜਾਬੀ ਸੱਭਿਆਚਾਰ ਨੇ ਖ਼ੂਬ ਉਡਾਰੀਆਂ ਮਾਰੀਆਂ। ਪਰ ਇਸ ਵੰਡ ਨੇ ਸਾਡੀਆਂ ਸੋਚਾਂ ਨੂੰ ਸੀਮਤ ਕਰਨ ਦਾ ਅਜਿਹਾ ਘਿਨੌਣਾ ਕੰਮ ਕੀਤਾ ਕਿ ਲੋਕ ਪਾਕਿਸਤਾਨ ਵਿੱਚ ਰਹਿ ਗਏ ਆਪਣੇ ਗੁਰਧਾਮਾਂ ਦੇ ਦਰਸ਼ਨਾਂ ਤੋਂ ਵਾਂਝੇ ਹੋ ਗਏ। ਇਸੇ ਤਰ੍ਹਾਂ 'ਇਧਰਲੇ' ਪੰਜਾਬੀ 'ਉਧਰ' ਬਣੀਆਂ ਸੱਭਿਆਚਾਰਕ ਹਵੇਲੀਆਂ, ਸਰਾਵਾਂ ਦੇ ਅਦਭੁੱਤ ਨਜ਼ਾਰਿਆਂ ਤੋਂ ਵੀ ਸੱਖਣੇ ਹੋ ਗਏ। ਲਹਿੰਦੇ ਪੰਜਾਬ ਵਿੱਚ ਬਹੁਤ ਸ਼ਾਨਦਾਰ ਹਵੇਲੀਆਂ ਕਿਲ੍ਹੇ ਅਤੇ ਸਰਾਵਾਂ ਦੇਖਣਯੋਗ ਹਨ, ਜਿਨ੍ਹਾਂ ਕਰਕੇ ਹਰ ਕੋਈ ਲਾਹੌਰ ਦੇਖਣਾ ਲੋਚਦਾ ਸੀ।

ਅਜਿਹੀ ਹੀ ਇੱਕ ਹਵੇਲੀ ਦਾ ਇੱਥੇ ਜ਼ਿਕਰ ਕਰਨ ਜਾ ਰਹੇ ਹਾਂ, ਜਿਸ ਨੂੰ ਸਮੇਂ ਦੀ ਮਾਰ ਦੇ ਨਾਲ-ਨਾਲ, ਦੇਸ਼ ਦੀ ਵੰਡ ਅਤੇ ਹਿੰਦ-ਪਾਕਿ ਜੰਗਾਂ ਨੇ ਬਰਬਾਦ ਕਰ ਕੇ ਰੱਖ ਦਿੱਤਾ। ਜਿਵੇਂ



ਕਿਹਾ ਜਾਂਦਾ ਹੈ ਕਿ ਕੋਈ ਵੀ ਚੀਜ਼ ਬਣਾਉਣ ਨੂੰ ਸਮਾਂ ਲੱਗਦਾ ਹੈ ਪਰ ਬਰਬਾਦੀ ਮਿੰਟਾਂ ਵਿੱਚ ਹੋ ਜਾਂਦੀ ਹੈ। ਅਜਿਹਾ ਹੀ ਹਿੰਦ-ਪਾਕਿ ਸਰਹੱਦ ਤੋਂ 13 ਕਿਲੋਮੀਟਰ ਦੂਰ ਪਾਕਿਸਤਾਨ ਵਾਲੇ ਪਾਸੇ ਬਣੀ ਸਰਦਾਰ ਜਵਾਲਾ ਸਿੰਘ ਸੰਧੂ ਦੀ ਅਦਭੁੱਤ ਹਵੇਲੀ ਨਾਲ ਵਾਪਰਿਆ। ਕਿਹਾ ਜਾਂਦਾ ਹੈ ਕਿ ਇਹ ਹਵੇਲੀ ਪਿੰਡ ਭਠਾਣਾ ਵਿੱਚ ਅੱਜ ਤੋਂ 300 ਸਾਲ ਪਹਿਲਾ ਮਹਾਰਾਜਾ ਰਣਜੀਤ ਸਿੰਘ ਦੇ ਇੱਕ ਸਿੱਖ ਫੌਜੀ ਕਮਾਂਡਰ ਸਰਦਾਰ ਜਵਾਲਾ ਸਿੰਘ ਸੰਧੂ ਵੱਲੋਂ ਬਣਾਈ ਗਈ ਸੀ। ਪਿੰਡ ਭਠਾਣਾ 17ਵੀਂ ਸਦੀ ਵਿੱਚ ਗੁਜਰਾਂ ਨੇ ਵਸਾਇਆ ਸੀ। ਇਹ ਹਵੇਲੀ ਜਵਾਲਾ ਸਿੰਘ ਵੱਲੋਂ ਬਣਾਈ ਗਈ ਸੀ, ਜੋ ਬਹੁਤ ਵੱਡੀ ਹੋਣ ਦੇ ਨਾਲ-ਨਾਲ ਲੰਬੇ ਸਮੇਂ ਤੱਕ ਪੱਕੇ ਤੌਰ 'ਤੇ ਰਹਿਣ ਵਾਲੀ ਸੀ। ਇਸ ਨੂੰ ਬਣਾਉਣ ਵਿੱਚ ਕਿਸੇ ਲੋਹੇ ਦੀ ਵਰਤੋਂ ਨਹੀਂ ਕੀਤੀ ਗਈ, ਸਗੋਂ ਇਹ ਚੂਨੇ ਅਤੇ ਦਾਲਾਂ ਦੇ ਮਿਸ਼ਰਨ ਨਾਲ ਛੋਟੀਆਂ ਇੱਟਾਂ ਨਾਲ ਬਣਾਈ ਗਈ ਸੀ। ਲੱਕੜ ਦੇ ਕੰਮ ਲਈ ਦਿਓਦਾਰ ਅਤੇ ਸੰਦਲ ਦੀ ਮਹਿੰਗੀ ਲੱਕੜ ਦੀ ਵਰਤੋਂ ਕਰ ਕੇ, ਫੱਟੇ, ਸਤੀਰ ਅਤੇ ਬਾਲੇ ਬਣਾਏ ਗਏ, ਜਿਨ੍ਹਾਂ 'ਚੋਂ ਕੁੱਝ ਅੱਜ ਵੀ ਦੇਖੇ ਜਾ ਸਕਦੇ ਹਨ। ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਇਸ ਦੇ ਥੱਲੇ ਇੱਕ ਤਹਿਖਾਨਾ ਹੁੰਦਾ ਸੀ, ਜਿਸ 'ਚੋਂ ਇੱਕ ਸੁਰੰਗ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੱਕ ਜਾਂਦੀ ਸੀ।

ਇਸ ਹਵੇਲੀ ਵਿੱਚ ਰਹਿਣ ਵਾਲੇ ਬਹੁਤ ਸਾਰੇ ਰਿਹਾਇਸ਼ੀ ਕਮਰੇ ਸਨ ਅਤੇ ਹਾਥੀ ਘੋੜਿਆਂ ਲਈ ਤਬੇਲੇ ਬਣੇ ਹੋਏ ਸਨ। ਅੰਦਰ ਹੀ ਇੱਕ ਖ਼ੂਹੀ ਹੁੰਦੀ ਸੀ, ਜੋ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਦੀ ਸੀ। ਅੰਦਰ ਹਵੇਲੀ ਬਣਾਉਣ ਸਮੇਂ ਇੱਕ ਫੁਆਰਾ ਸਿਸਟਮ ਵੀ ਬਣਾਇਆ ਗਿਆ ਸੀ. ਜੋ ਬਾਅਦ ਵਿੱਚ ਖਰਾਬ ਹੋ ਗਿਆ। ਇੱਥੇ ਇੱਕ ਪੁਰਾਣੀ ਕਿਸਮ ਦਾ ਤਾਲਾ ਅਜੇ ਵੀ ਦੇਖਣ ਨੂੰ ਮਿਲਦਾ ਹੈ। ਹਵੇਲੀ ਦੇ ਅੰਦਰ ਸ਼ਾਨਦਾਰ ਚਿੱਤਰ ਬਣਾਏ ਹੁੰਦੇ ਸਨ ਜੋ ਸਮੇਂ ਦੇ ਨਾਲ ਖਰਾਬ ਹੋ ਗਏ। ਚੌਗਾਠਾਂ ਲੱਕੜ ਦੀ ਥਾਂ ਲਾਲ ਰੰਗ ਦੇ ਪੱਥਰ ਦੀਆਂ ਬਣੀਆਂ ਹੋਈਆਂ ਸਨ, ਜੋ ਬਹੁਤ ਮਜ਼ਬੂਤ ਅਤੇ ਸ਼ਾਨਦਾਰ ਲੱਗਦੀਆਂ ਹਨ। ਹੁਣ ਭਾਵੇਂ ਛੱਤਾਂ ਢਹਿ-ਢੇਰੀ ਹੋ ਗਈਆਂ ਹਨ ਪਰ ਇਸ ਦੀਆਂ ਦੀਵਾਰਾਂ ਛੇ ਗਿੱਠ ਚੌੜੀਆਂ ਸਨ। ਸਰਦਾਰ ਜਵਾਲਾ ਸਿੰਘ ਦੇ ਵੰਸ਼ ਦੇ ਕੁੱਝ ਲੋਕ ਚੜ੍ਹਦੇ ਪੰਜਾਬ ਵਿੱਚ ਆ ਵਸੇ ਪਰ ਕੁੱਝ ਮੁਸਲਮਾਨ ਬਣ ਕੇ ਉਸੇ ਇਲਾਕੇ ਵਿੱਚ ਰਹਿੰਦੇ ਰਹੇ ਅਤੇ ਅੱਜ ਵੀ ਉਨ੍ਹਾਂ ਦੀ ਅੱਠਵੀਂ ਪੀੜ੍ਹੀ ਦੇ ਲੋਕ ਉਧਰ ਰਹਿੰਦੇ ਹਨ।

ਇਸ ਹਵੇਲੀ ਨੇ ਪਹਿਲਾਂ 1947 ਦੀ ਵੰਡ ਦਾ ਸੰਤਾਪ ਭੋਗਿਆ ਅਤੇ ਇਸ ਦੇ ਕਾਫ਼ੀ ਹਿੱਸੇ 1965 ਦੀ ਲੜਾਈ ਸਮੇਂ ਖਰਾਬ ਹੋ ਗਏ। ਇਸੇ ਤਰ੍ਹਾਂ 1971 ਦੀ ਹਿੰਦ-ਪਾਕਿ ਜੰਗ ਸਮੇਂ ਗੋਲਾ-ਬਾਰੂਦ ਨਾਲ ਇਸ ਹਵੇਲੀ ਦਾ ਬਹੁਤ ਨੁਕਸਾਨ ਹੋਇਆ, ਜਿਸ ਨੇ ਇਸ ਨੂੰ ਖੰਡਰ ਬਣਾ ਦਿੱਤਾ। ਸੈਂਕੜੇ ਹਾਥੀਆਂ ਅਤੇ ਘੋੜਿਆਂ ਦੀ ਸੰਭਾਲ ਕਰਨ ਵਾਲੀ ਇਹ ਹਵੇਲੀ ਹੁਣ ਬਿਲਕੁਲ ਢਹਿ-ਢੇਰੀ ਜਿਹੀ ਨਜ਼ਰ ਆਉਂਦੀ ਹੈ। ਪਰ ਅੱਜ ਵੀ ਲੋਕ ਇਸ ਬਾਰੇ ਜਾਣਦੇ ਹਨ ਅਤੇ ਉਨ੍ਹਾਂ ਦੀ ਮੰਗ ਹੈ ਕਿ ਪਾਕਿਸਤਾਨ ਸਰਕਾਰ ਇਸ ਹਵੇਲੀ ਦੀ ਸੰਭਾਲ ਕਰ ਕੇ ਇਸ ਨੂੰ ਹੋਰ ਉਜੜਨ ਤੋਂ ਬਚਾਵੇ ਅਤੇ ਇਸ ਨੂੰ ਵਿਕਸਤ ਕਰ ਕੇ ਸੈਰ-ਸਪਾਟੇ ਦੀ ਥਾਂ ਵਜੋਂ ਉਭਾਰਿਆ ਜਾਵੇ। ਇਹ ਹਵੇਲੀ ਪੁਰਾਣੇ ਸੱਭਿਆਚਾਰ ਅਤੇ ਇਮਾਰਤ ਕਲਾ ਦਾ ਅਨੋਖਾ, ਵਿਲੱਖਣ ਅਤੇ ਸ਼ਾਨਦਾਰ ਨਮੂਨਾ ਹੈ।

# ਚੀਨ ਦੇ ਰਾਸ਼ਟਰਪਤੀ ਖਿਲਾਫ਼ ਹੁਣ ਤੱਕ ਦਾ ਸਭ ਤੋਂ ਵੱਡਾ ਮੁਜ਼ਾਹਰਾ ਕਿਉਂ ਹੋ ਰਿਹਾ ਹੈ

ਕੋਰੋਨਾ ਦੀ ਰੋਕਥਾਮ ਲਈ ਸਖ਼ਤ ਪਾਬੰਦੀਆਂ ਦੇ ਖ਼ਿਲਾਫ਼ ਚੀਨ ਵਿੱਚ ਹੋ ਰਹੇ ਪ੍ਰਦਰਸ਼ਨਾਂ ਵਿਚਾਲੇ ਚੀਨ ਤੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਪ੍ਰਦਰਸ਼ਨ ਹੋ ਰਹੇ ਹਨ। ਚੀਨ ਦੇ ਉਰੂਮਚੀ ਵਿੱਚ ਇੱਕ ਇਮਾਰਤ ਵਿੱਚ ਅੱਗ ਲੱਗਣ ਨਾਲ 10 ਲੋਕਾਂ ਦੀ ਮੌਤ ਹੋਣ ਦੀ ਖ਼ਬਰ ਆ ਰਹੀ ਹੈ। ਹਾਲਾਂਕਿ ਸਥਾਨਕ ਪ੍ਰਸ਼ਾਸਨ ਇਸ ਖ਼ਬਰ ਨੂੰ ਖਾਰਿਜ ਕਰ ਰਿਹਾ ਹੈ। ਪਛੱਮੀ ਸ਼ਿਜਿਆਂਗ ਖੇਤਰ ਵਿੱਚ ਅਗਸਤ ਮਹੀਨੇ ਤੋਂ ਹੀ ਕੋਵਿਡ ਪਾਬੰਦੀਆਂ ਲਾਗੂ ਹਨ। ਇਸੇ ਇਲਾਕੇ ਵਿੱਚ ਇਮਾਰਤ 'ਚ ਲੱਗੀ ਅੱਗ 'ਚ 10 ਲੋਕਾਂ ਦੀ ਮੌਤ ਦੀ ਖ਼ਬਰ





ਹੈ। ਹਾਲਾਂਕਿ ਸਰਕਾਰੀ ਮੀਡੀਆ ਦਾ ਕਹਿਣਾ ਹੈ ਕਿ ਜਿਨ੍ਹਾਂ ਫਲੈਟਾਂ ਵਿੱਚ ਅੱਗ ਲੱਗੀ ਸੀ, ਉੱਥੋਂ ਲੋਕ ਬਾਹਰ ਆ ਸਕਦੇ ਸਨ ਪਰ ਬਹੁਤ ਲੋਕਾਂ ਦਾ ਮੰਨਣਾ ਹੈ ਕਿ ਕੋਵਿਡ ਪਾਬੰਦੀਆਂ ਉਨ੍ਹਾਂ ਦੀ ਮੌਤ ਲਈ ਜ਼ਿੰਮੇਵਾਰ ਹਨ। ਪਰ ਲੋਕਾਂ ਵਿੱਚ ਜ਼ੀਰੋ ਕੋਵਿਡ ਨੀਤੀ ਦੇ ਖ਼ਿਲਾਫ਼ ਇਹ ਗੁੱਸਾ ਇਸ ਘਟਨਾ ਤੋਂ ਵੀ ਪਹਿਲਾਂ ਦਾ ਹੈ।

ਲੋਕਾਂ ਦਾ ਕਹਿਣਾ ਹੈ ਕਿ ਇਸ ਨੀਤੀ ਕਾਰਨ ਲੋਕ ਮਰ ਰਹੇ ਹਨ ਅਤੇ ਬਹੁਤ ਕੁਝ ਝੱਲਣ ਨੂੰ ਮਜਬੂਰ ਹਨ।ਇਨ੍ਹਾਂ ਮੌਤਾਂ ਤੋਂ ਬਾਅਦ ਅਤੇ ਕੋਰੋਨਾਵਾਇਰਸ ਕਾਰਨ ਲਗੀਆਂ ਪਾਬੰਦੀਆਂ ਕਾਰਨ ਲੋਕਾਂ ਵਿੱਚ ਕਾਫੀ ਗੁੱਸਾ ਹੈ ਜੋ ਸੜਕਾਂ ਉੱਤੇ ਨਜ਼ਰ ਆ ਰਿਹਾ ਹੈ। ਲੋਕ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਖਿਲਾਫ਼ ਨਾਅਰੇਬਾਜ਼ੀ ਕਰ ਰਹੇ ਹਨ। ਹਾਲਾਂਕਿ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜ਼ਾਓ ਲਿਜੀਆਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ "ਗੁਪਤ ਇਰਾਦਿਆਂ ਵਾਲੀਆਂ ਤਾਕਤਾਂ ਹਨ ਜਿਹੜੀਆਂ ਸੋਸ਼ਲ ਮੀਡੀਆ 'ਤੇ ਅੱਗ ਦੀ ਘਟਨਾ ਨੂੰ ਕੋਵਿਡ-19 ਦੀ ਸਥਾਨਕ ਪ੍ਰਤੀਕਿਰਿਆ ਨਾਲ ਜੋੜ ਰਹੀਆਂ ਹਨ।"

ਚੀਨ ਵਿੱਚ ਸਰਕਾਰ ਦੀ ਜ਼ੀਰੋ ਕੋਵਿਡ ਨੀਤੀ ਖ਼ਿਲਾਫ਼ ਲੋਕ ਸੜਕਾਂ 'ਤੇ ਉਤਰ ਆਏ ਹਨ ਤੇ ਮੁਜ਼ਾਹਰੇ ਕਰ ਰਹੇ ਹਨ

ਇਸ ਦੌਰਾਨ ਲੋਕ ਆਪਣੇ ਹੱਥਾਂ ਵਿੱਚ ਕੋਰੇ ਕਾਗਜ਼ ਚੁੱਕੀ ਦਿਖਾਈ ਦੇ ਰਹੇ ਹਨ, ਜਿਸ ਕਾਰਨ ਇਸ ਨੂੰ 'ਵ੍ਹਾਈਟ ਪੇਪਰ ਰੈਵੋਲਿਊਸ਼ਨ' ਵੀ ਕਿਹਾ ਜਾ ਰਿਹਾ ਹੈ

ਲੋਕ ਰਾਸ਼ਟਰਪਤੀ ਸ਼ੀ ਜਿਨਪਿੰਗ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਹਨ ਅਤੇ ਉਨ੍ਹਾਂ ਤੋਂ ਅਸਤੀਫ਼ੇ ਦੀ ਮੰਗ ਕਰ ਰਹੇ ਹਨ

ਸ਼ੰਘਾਈ ਵਿੱਚ ਇਸ ਪੁਲਿਸ ਨੇ ਕਈ ਮੁਜ਼ਾਹਰਾਕਾਰੀਆਂ ਨੂੰ ਹਿਰਾਸਤ ਵਿੱਚ ਵੀ ਲਿਆ

ਹਾਲਾਂਕਿ, ਜ਼ੀਰੋ ਕੋਵਿਡ ਨੀਤੀ ਦੇ ਬਾਵਜੂਦ ਚੀਨ ਵਿੱਚ ਕੋਰੋਨਾਵਾਇਰਸ ਦੇ ਕੇਸਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ

### ਕੋਵਿਡ ਕੇਸਾਂ ਵਿੱਚ ਤੇਜ਼ੀ ਨਾਲ ਵਾਧਾ

ਚੀਨ ਦੀ ਜ਼ੀਰੋ ਕੋਵਿਡ ਨੀਤੀ ਦੇ ਬਾਵਜੂਦ ਚੀਨ ਵਿੱਚ ਕੋਰੋਨਾਵਾਇਰਸ ਦੇ ਕੇਸਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਸੋਮਵਾਰ ਨੂੰ ਪ੍ਰਸ਼ਾਸਨ ਦੇ ਅਨੁਸਾਰ 40 ਹਜ਼ਾਰ ਤੋਂ ਵੱਧ ਕੋਵਿਡ ਕੇਸ ਚੀਨ ਵਿੱਚ ਦਰਜ ਹੋਏ ਹਨ। ਐਤਵਾਰ ਨੂੰ ਕੇਸਾਂ ਦੀ ਗਿਣਤੀ 39 ਹਜ਼ਾਰ ਤੋਂ ਪਾਰ ਸੀ। ਅਸਲ ਵਿੱਚ ਚੀਨ ਨੇ ਜ਼ੀਰੋ ਕੋਵਿਡ ਨੀਤੀ ਲਾਗੂ ਕੀਤੀ ਹੋਈ ਹੈ। ਇਸ ਨੀਤੀ ਤਹਿਤ ਕੋਰੋਨਾ ਦਾ ਕੋਈ ਵੀ ਕੇਸ ਆਉਣ ਉੱਤੇ ਵੱਡੇ ਪੱਧਰ ਉੱਤੇ ਟੈਸਟਿੰਗ ਕੀਤੀ ਜਾਂਦੀ ਹੈ, ਸਖਤ ਲੌਕਡਾਊਨ ਲਗਾਏ ਜਾਂਦੇ ਹਨ।

### ਪੱਤਰਕਾਰ ਨਾਲ ਪੁਲਿਸ ਨੇ ਕੀਤਾ ਮਾੜਾ ਵਿਵਹਾਰ

ਚੀਨ ਵਿੱਚ ਕੋਵਿਡ ਪਾਬੰਦੀਆਂ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨਾਂ ਨੂੰ ਕਵਰ ਕਰਨ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਪੱਤਰਕਾਰ ਐਡ ਲੌਰੈਂਸ ਨੂੰ ਰਿਹਾਅ ਕਰ ਦਿੱਤਾ ਹੈ ਪਰ ਹਿਰਾਸਤ ਵਿੱਚ ਪੁਲਿਸ ਨੇ ਉਨ੍ਹਾਂ ਨਾਲ ਮਾੜਾ ਰਵੱਈਆ ਅਪਣਾਇਆ ਹੈ। "ਉਨ੍ਹਾਂ ਨੂੰ ਰਿਹਾਅ ਕਰਨ ਤੋਂ ਪਹਿਲਾਂ ਕਈ ਘੰਟਿਆਂ ਤੱਕ ਹਿਰਾਸਤ ਵਿੱਚ ਰੱਖਿਆ ਗਿਆ, ਜਿਸ ਦੌਰਾਨ ਪੁਲਿਸ ਨੇ ਉਨ੍ਹਾਂ ਨਾਲ ਕੁੱਟਮਾਰ ਕੀਤੀ ਅਤੇ ਲੱਤਾਂ ਮਾਰੀਆਂ।" "ਇਹ ਸਭ ਹੋਇਆ, ਜਦਕਿ ਉਹ ਇੱਕ ਮਾਨਤਾ ਪ੍ਰਾਪਤ ਪੱਤਰਕਾਰ ਵਜੋਂ ਆਪਣਾ ਕੰਮ ਕਰ ਰਹੇ ਸਨ।"

"ਇਹ ਬਹੁਤ ਦੁਖਦਾਈ ਹੈ ਕਿ ਸਾਡੇ ਇੱਕ ਪੱਤਰਕਾਰ 'ਤੇ ਇਸ ਤਰ੍ਹਾਂ ਨਾਲ ਹਮਲਾ ਕੀਤਾ ਗਿਆ, ਉਹ ਵੀ ਉਸ ਵੇਲੇ ਜਦੋਂ ਉਹ ਆਪਣੀ ਡਿਊਟੀ ਨਿਭਾ ਰਹੇ ਸਨ।" "ਜਿਨ੍ਹਾਂ ਅਧਿਕਾਰੀਆਂ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਬਾਅਦ ਵਿੱਚ ਰਿਹਾਅ ਕਰ ਦਿੱਤਾ, ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਉਨ੍ਹਾਂ (ਪੱਤਰਕਾਰ) ਦੇ ਭਲੇ ਲਈ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ ਤਾਂ ਜੋ ਕਿਤੇ ਉਨ੍ਹਾਂ ਨੂੰ ਭੀੜ ਤੋਂ ਕੋਰੋਨਾ ਨਾ ਹੋ ਜਾਵੇ।" "ਇਸ ਦਾਅਵੇ ਤੋਂ ਇਲਾਵਾ ਚੀਨ ਵੱਲੋਂ ਅਧਿਕਾਰਿਤ ਤੌਰ 'ਤੇ ਮਾਫ਼ੀ ਨਹੀਂ ਮੰਗੀ ਗਈ ਹੈ ਜਾਂ ਇਸ ਬਾਰੇ ਸਾਨੂੰ ਕੋਈ ਵੀ ਸਪਸ਼ਟੀਕਰਨ ਨਹੀਂ ਦਿੱਤਾ ਗਿਆ ਹੈ।" "ਅਸੀਂ ਅਧਿਕਾਰੀਆਂ ਦੇ ਇਸ ਸਪਸ਼ਟੀਕਰਨ ਨੂੰ ਨਾਕਾਫ਼ੀ ਮੰਨਦੇ ਹਾਂ।"

### ਪੁਲਿਸ ਮੁਜ਼ਾਹਰਾਕਾਰੀਆਂ ਨੂੰ ਹਿਰਾਸਤ ਵਿੱਚ ਲੈ ਰਹੀ ਹੈ

ਇਹ ਮੁਜ਼ਾਹਰੇ ਬੀਜਿੰਗ, ਸ਼ੰਘਾਈ ਵਰਗੇ ਪ੍ਰਮੁੱਖ ਸ਼ਹਿਰਾਂ ਦੇ ਨਾਲ-ਨਾਲ ਨਾਨਜਿੰਗ, ਚੇਂਗਦੂ, ਵੂਹਾਨ ਅਤੇ ਹੋਰ ਥਾਵਾਂ 'ਤੇ ਸਥਿਤ ਯੂਨੀਵਰਸਿਟੀਆਂ ਵਿੱਚ ਹੋ ਰਹੇ ਹਨ। ਸ਼ੰਘਾਈ ਵਿੱਚ ਮੁੱਖ ਮੁਜ਼ਾਹਰੇ ਵਾਲੀ ਥਾਂ ਉੱਤੇ ਪੁਲਿਸ ਨੂੰ ਜੇ ਕੋਈ ਵਿਅਕਤੀ ਪੈਦਲਾ ਚੱਲਦਾ ਹੋਇਆ ਤੇ ਤਸਵੀਰਾਂ ਲੈਂਦਾ ਹੋਇਆ ਨਜ਼ਰ ਆਉਂਦਾ ਹੈ ਤਾਂ ਪੁਲਿਸ ਉਸ ਨੂੰ ਹਿਰਾਸਤ ਵਿੱਚ ਲੈ ਰਹੀ ਹੈ।

### ਸਰਕਾਰੀ ਮੀਡੀਆ ਨੇ ਧਾਰੀ ਚੁੱਪ

ਇਨ੍ਹਾਂ ਸਾਰਿਆਂ ਮੁਜ਼ਾਹਰਿਆਂ ਬਾਰੇ ਦੇਸ਼ ਦੇ ਸਰਕਾਰੀ ਮੀਡੀਆ ਨੇ ਚੁੱਪ ਧਾਰੀ ਹੋਈ ਹੈ। ਚੀਨ ਦੀ ਅੰਗਰੇਜ਼ੀ ਅਖਬਾਰ ਗਲੋਬਲ ਟਾਈਮਜ਼ ਨੇ ਪੱਛਮੀ ਦੇਸ਼ਾਂ ਉੱਤੇ ਜ਼ੀਰੋ ਕੋਵਿਡ ਨੀਤੀ ਖ਼ਿਲਾਫ਼ ਰੋਸ ਨੂੰ ਹਵਾ ਦੇਣ ਦਾ ਇਲਜ਼ਾਮ ਲਗਾਇਆ ਹੈ।

### ਚੀਨ ਤੋਂ ਬਾਹਰ ਵੀ ਹੋ ਰਹੇ ਮੁਜ਼ਾਹਰੇ

ਚੀਨ ਤੋਂ ਇਲਾਵਾ ਹੁਣ ਲੋਕਾਂ ਦਾ ਇਹ ਰੋਸ ਦੂਜੇ ਦੇਸ਼ਾਂ ਵਿੱਚ ਵੀ ਨਜ਼ਰ ਆ ਰਿਹਾ ਹੈ। ਲੰਦਨ, ਪੈਰਿਸ, ਐਮਸਟਰਡੈਮ, ਡਬਲਿਨ, ਟੋਰਾਂਟੋ ਅਤੇ ਕੁਝ ਹੋਰ ਥਾਵਾਂ 'ਤੇ ਵੀ ਅਜਿਹੇ ਪ੍ਰਦਰਸ਼ਨ ਦੇਖਣ ਨੂੰ ਮਿਲੇ ਹਨ। ਚੀਨ ਦੀ ਇਸ ਜ਼ੀਰੋ ਕੋਵਿਡ ਨੀਤੀ ਦੇ ਖ਼ਿਲਾਫ਼ ਆਪਣਾ ਰੋਸ ਜ਼ਾਹਿਰ ਕਰਨ ਲਈ ਲੰਦਨ ਵਿੱਚ ਲੋਕ ਚੀਨ ਦੇ ਦੂਤਘਰ ਬਾਹਰ ਇਕੱਠਾ ਹੋਏ। ਇਸ ਦੌਰਾਨ ਕੁਝ ਲੋਕਾਂ ਨੇ ਅੱਗ ਹਾਦਸੇ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ।

# ਸਿਆਸਤ ਨੇ ਸੈਨਾਪਤੀ ਵਾਲੀ ਤਾਣੀ ਹੋਰ ਉਲਝਾਈ...

ਪਾਕਿਸਤਾਨ ਵਿਚ 'ਕੌਣ ਬਣੇਗਾ ਸੈਨਾਪਤੀ' ਵਾਲੀ ਖੇਡ ਐਤਵਾਰ ਨੂੰ ਵੀ ਜਾਰੀ ਰਹੀ। ਵਜ਼ੀਰੇ ਆਜ਼ਮ ਸ਼ਹਿਬਾਜ਼ ਸ਼ਰੀਫ਼ ਕੋਵਿਡ-19 ਦੇ ਮਰੀਜ਼ ਹਨ। ਅਧਿਕਾਰਤ ਤੌਰ 'ਤੇ ਇਕਾਂਤਵਾਸ 'ਚ ਹੋਣ ਦੇ ਬਾਵਜੂਦ ਉਨ੍ਹਾਂ ਦੀਆਂ ਸਿਆਸੀ ਤੇ ਇੰਤਜ਼ਾਮੀਆ ਸਰਗਰਮੀਆਂ ਵਿਚ ਕਮੀ ਨਹੀਂ ਆਈ। ਐਤਵਾਰ ਨੂੰ ਉਨ੍ਹਾਂ ਨੇ ਹੁਕਮਰਾਨ ਪਾਕਿਸਤਾਨ ਜਮਹੂਰੀ ਤਹਿਰੀਕ (ਪੀ.ਡੀ.ਐਮ) ਦੇ ਮੁਖੀ ਤੇ ਜਮਾਇਤ-ਇ-ਇਸਲਾਮੀ ਦੇ ਸਰਬਰਾਹ ਮੌਲਾਨਾ ਫ਼ਜ਼ਲੁਰ ਰਹਿਮਾਨ ਨਾਲ ਥਲ ਸੈਨਾ ਦੇ ਨਵੇਂ ਮੁਖੀ ਦੀ ਨਿਯੁਕਤੀ ਬਾਰੇ ਵਿਚਾਰ-ਚਰਚਾ ਕੀਤੀ। ਬਾਅਦ ਵਿਚ ਉਹ ਇਸੇ ਸਬੰਧ ਵਿਚ ਪਾਕਿਸਤਾਨ ਪੀਲਪਜ਼ ਪਾਰਟੀ (ਪੀ.ਪੀ.ਪੀ.) ਦੇ ਨੇਤਾ ਆਸਿਫ਼ ਅਲੀ ਜ਼ਰਦਾਰੀ ਨੂੰ ਵੀ ਮਿਲੇ। ਇਨ੍ਹਾਂ ਮੀਟਿੰਗ ਮਗਰੋਂ ਮੀਡੀਆ ਨਾਲ ਵਾਰਤਾਲਾਪ ਦੌਰਾਨ ਫਜ਼ਲੁਰ ਤੇ ਜ਼ਰਦਾਰੀ ਨੇ ਕਿਹਾ ਕਿ ਭਾਵੇਂ ਵਜ਼ੀਰੇ ਆਜ਼ਮ ਨੂੰ ਥਲ ਸੈਨਾ ਮੁਖੀ ਦੀ ਨਿਯੁਕਤੀ ਆਪਣੀ ਮਰਜ਼ੀ ਮੁਤਾਬਿਕ ਕਰਨ ਦਾ ਅਖ਼ਤਿਆਰ ਹੈ, ਫਿਰ ਵੀ ਜੋ ਕੁਝ ਵੀ ਹੋਵੇਗਾ ਉਹ ਸੰਵਿਧਾਨਕ ਧਾਰਾਵਾਂ ਮੁਤਾਬਿਕ ਹੀ ਹੋਵੇਗਾ।

ਜ਼ਿਕਰਯੋਗ ਹੈ ਕਿ ਉਪਰੋਕਤ ਨਿਯੁਕਤੀ ਨੂੰ ਲੈ ਕੇ ਮੁੱਖ ਹੁਕਮਰਾਨ ਧਿਰ- ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਆਗੂ ਵੱਖ ਵੱਖ ਬੋਲੀਆਂ ਬੋਲਦੇ ਆ ਰਹੇ ਹਨ। ਪਾਰਟੀ ਦੇ ਕੁਝ ਆਗੂਆਂ ਦਾ ਕਹਿਣਾ ਹੈ ਕਿ ਉਪਰੋਕਤ ਰਣਨੀਤੀ, ਪੀ.ਡੀ.ਐਮ. ਸਰਕਾਰ ਦੀ ਮੁੱਖ ਵਿਰੋਧੀ ਧਿਰ-ਪਾਕਿਸਤਾਨ ਤਹਿਰੀਕ-ਇ-ਇਨਸਾਫ਼ (ਪੀ.ਪੀ.ਆਈ.) ਨੂੰ ਭੰਬਲਭੂਸੇ ਵਿਚ ਪਾਉਣ ਲਈ ਅਪਣਾਈ ਗਈ ਹੈ। ਇਹ ਵੱਖਰੀ ਗੱਲ ਹੈ ਕਿ ਉੱਚ ਨੇਤਾਵਾਂ, ਖ਼ਾਸ ਕਰਕੇ ਕੇਂਦਰੀ ਵਜ਼ੀਰਾਂ ਦੇ ਆਪਾ-ਵਿਰੋਧੀ ਬਿਆਨ ਹੁਕਮਰਾਨ ਧਿਰ ਵਿਚ ਇਕਸੁਰਤਾ ਤੇ ਤਾਲਮੇਲ ਦੀ ਘਾਟ ਵਾਲਾ ਪ੍ਰਭਾਵ ਵੱਧ ਦੇ ਰਹੇ ਹਨ। ਅੰਗਰੇਜ਼ੀ ਅਖ਼ਬਾਰ 'ਐਕਸਪ੍ਰੈਸ ਟ੍ਰਿਬਿਊਨ' ਅਨੁਸਾਰ ਰੱਖਿਆ ਮੰਤਰੀ ਖ਼ਵਾਜਾ ਅਹਿਮਦ ਆਸਿਫ਼ ਨੇ ਇਕ ਮੀਡੀਆ ਇੰਟਰਵਿਊ ਵਿਚ ਕਿਹਾ ਕਿ ਫ਼ੌਜ ਦੇ ਨਵੇਂ ਮੁਖੀ ਦੀ ਨਿਯੁਕਤੀ ਸਬੰਧੀ ਕਾਗਜ਼ੀ ਕਾਰਵਾਈ ਸੋਮਵਾਰ (ਭਾਵ ਅੱਜ) ਸ਼ੁਰੂ ਹੋਵੇਗੀ ਅਤੇ ਚੁਣੇ ਗਏ ਜਰਨੈਲ ਦਾ ਨਾਮ ਮੰਗਲਵਾਰ ਜਾਂ ਬੁੱਧਵਾਰ ਨੂੰ ਐਲਾਨ ਦਿੱਤਾ ਜਾਵੇਗਾ। ਦੂਜੇ ਪਾਸੇ, ਅੰਦਰੂਨੀ ਸੁਰੱਖਿਆ ਮੰਤਰੀ ਰਾਣਾ ਸਨਾਉੱਲਾ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਕਾਗਜ਼ੀ ਕਾਰਵਾਈ ਪੂਰੀ ਹੋ ਚੁੱਕੀ ਹੈ ਅਤੇ ਨਿਯੁਕਤੀ ਦਾ ਐਲਾਨ ਕਿਸੇ ਵੇਲੇ ਵੀ ਸੰਭਵ ਹੈ। ਉਧਰ, ਪੀ.ਟੀ.ਆਈ. ਦੇ ਮੁਖੀ ਤੇ ਸਾਬਕਾ ਵਜ਼ੀਰੇ ਆਜ਼ਮ ਇਮਰਾਨ ਖ਼ਾਨ ਨੇ ਦੋਸ਼ ਲਾਇਆ ਹੈ ਕਿ ਸ਼ਹਿਬਾਜ਼ ਸ਼ਰੀਫ਼ "ਅਜੇ ਵੀ ਮੌਜੂਦਾ ਸੈਨਾਪਤੀ, ਜਨਰਲ ਕਮਰ ਜਾਵੇਦ ਬਾਜਵਾ ਦਾ ਕਾਰਜਕਾਲ ਵਧਾਉਣ ਦੀ ਰੌਂਅ ਵਿਚ ਹਨ। ਸ਼ਹਿਬਾਜ਼ ਨੂੰ ਇਹ ਭਰੋਸਾ ਨਹੀਂ ਕਿ ਨਵਾਂ ਫ਼ੌਜ ਮੁਖੀ ਪੀ.ਡੀ.ਐਮ ਨੂੰ ਉਸ ਕਿਸਮ ਦੀ ਹਮਾਇਤ ਪ੍ਰਦਾਨ ਕਰੇਗਾ ਜਿਸ ਤਰ੍ਹਾਂ ਦੀ ਜਨਰਲ ਬਾਜਵਾ ਨੇ ਪ੍ਰਦਾਨ ਕੀਤੀ।'' ਇਮਰਾਨ ਨੇ ਇਹ ਵੀ ਮੰਗ ਕੀਤੀ ਕਿ ਸਭ ਤੋਂ ਸੀਨੀਅਰ ਤਿੰਨ ਸਿਤਾਰਾ ਜਨਰਲ ਨੂੰ ਮੁਖੀ ਨਿਯੁਕਤ ਕਰ ਦਿੱਤਾ ਜਾਵੇ ਅਤੇ ਇਹ ਐਲਾਨ ਬਿਨਾਂ ਕਿਸੇ ਦੇਰੀ ਦੇ ਕੀਤਾ ਜਾਵੇ। ਬਿਆਨਬਾਜ਼ੀ ਤੇ ਕਿਆਸਅਰਾਈਆਂ ਦੇ ਇਸ ਆਲਮ ਵਿਚ ਵਜ਼ੀਰੇ ਆਜ਼ਮ ਦੇ ਸਕੱਤਰੇਤ ਨੇ ਖ਼ਾਮੋਸ਼ੀ ਧਾਰੀ ਹੋਈ ਹੈ। ਮੀਡੀਆ ਵੱਲੋਂ ਕੀਤੇ ਜਾ ਰਹੇ ਸਵਾਲਾਂ ਦਾ ਸਿਰਫ਼ ਇੱਕੋ ਫ਼ਿਕਰੇ ਨਾਲ ਜਵਾਬ ਦਿੱਤਾ ਜਾ ਰਿਹਾ ਹੈ: "ਨਵੇਂ ਫ਼ੌਜ ਮੁਖੀ ਦੀ ਚੋਣ ਸੰਵਿਧਾਨ ਮੁਤਾਬਿਕ ਹੀ ਹੋਵੇਗੀ।''



**ਡੋਗਰ ਦੀ ਨਿਯਕਤੀ ਦਾ ਵਿਰੋਧ**

ਫੈਡਰਲ ਸਰਕਾਰ ਨੇ ਲਾਹੌਰ ਦੇ ਪੁਲੀਸ ਕਮਿਸ਼ਨਰ ਨੂੰ ਸਾਂਝੀ ਤਫ਼ਤੀਸ਼ੀ ਟੀਮ (ਜੇ.ਆਈ.ਟੀ.) ਦਾ ਮੁਖੀ ਥਾਪੇ ਜਾਣ 'ਤੇ ਸਖ਼ਤ ਇਤਰਾਜ਼ ਕੀਤਾ ਹੈ। ਅਖ਼ਬਾਰ 'ਦਿ ਨੇਸ਼ਨ' ਅਨੁਸਾਰ ਮਰਕਜ਼ੀ ਸਰਕਾਰ ਨੇ ਮੰਗ ਕੀਤੀ ਹੈ ਕਿ ਇਮਰਾਨ ਖ਼ਾਨ ਉੱਤੇ 3 ਨਵੰਬਰ ਨੂੰ ਹੋਏ ਕਾਤਲਾਨਾ ਹਮਲੇ ਦੀ ਜਾਂਚ ਕਰਨ ਵਾਲੀ ਟੀਮ ਵਿਚ ਪੁਲੀਸ ਤੋਂ ਇਲਾਵਾ ਆਈ.ਐਸ.ਆਈ. ਤੇ ਇੰਟੈਲੀਜੈਂਸ ਬਿਊਰੋ (ਆਈ.ਬੀ.) ਦੇ ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣ ਅਤੇ ਪੁਲੀਸ ਕਮਿਸ਼ਨਰ ਗੁਲਾਮ ਮਹਿਮੂਦ ਡੋਗਰ ਨੂੰ ਇਸ ਟੀਮ ਤੋਂ ਦੂਰ ਰੱਖਿਆ ਜਾਵੇ।

ਅੰਦਰੂਨੀ ਸੁਰੱਖਿਆ ਮੰਤਰਾਲੇ ਵੱਲੋਂ ਪੰਜਾਬ ਸਰਕਾਰ ਨੂੰ ਭੇਜੇ ਗਏ ਖ਼ਤ ਵਿਚ ਕਿਹਾ ਗਿਆ ਹੈ ਕਿ ਡੋਗਰ ਵਿਵਾਦਿਤ ਪੁਲੀਸ ਅਫ਼ਸਰ ਹੈ। ਉਸ ਨਾਲ ਜੁੜੇ ਵਿਵਾਦਾਂ ਕਾਰਨ ਉਸ ਦੀ ਬਦਲੀ ਦੇ ਹੁਕਮ ਦਿੱਤੇ ਗਏ ਸਨ, ਪਰ ਪੰਜਾਬ ਸਰਕਾਰ ਦੀ ਸ਼ਹਿ 'ਤੇ ਉਸ ਨੇ ਉਪਰੋਕਤ ਹੁਕਮਾਂ ਦੀ ਤਾਮੀਲ ਨਹੀਂ ਕੀਤੀ। ਇਸ ਕਾਰਨ ਉਸ ਨੂੰ ਮੁਅੱਤਲ ਕਰ ਦਿੱਤਾ ਗਿਆ। ਇਸ ਮੁਅੱਤਲੀ ਦੇ ਖ਼ਿਲਾਫ਼ ਉਸ ਨੇ ਫੈਡਰਲ ਸਰਵਿਸਿਜ਼ ਟ੍ਰਾਈਬਿਊਨਲ ਕੋਲ ਦਰਖ਼ਾਸਤ ਦਾਖ਼ਲ ਕੀਤੀ। ਟ੍ਰਾਈਬਿਊਨਲ ਨੇ ਮੁਅੱਤਲੀ ਤੇ ਬਦਲੀ ਉੱਤੇ ਆਰਜ਼ੀ ਰੋਕ ਲਾ ਦਿੱਤੀ। ਇਸ ਰੋਕ ਨੂੰ ਹੁਣ ਚੁਣੌਤੀ ਦਿੱਤੀ ਜਾ ਰਹੀ ਹੈ। ਇਸ ਸਮੁੱਚੇ ਘਟਨਾਵਾਂ ਦੇ ਮੱਦੇਨਜ਼ਰ ਡੋਗਰ ਨੂੰ ਜੇ.ਆਈ.ਟੀ. ਤੋਂ ਲਾਂਭੇ ਕੀਤਾ ਜਾਵੇ ਅਤੇ ਇਸ ਟੀਮ ਵਿਚ ਉਹ ਪੁਲੀਸ ਅਫ਼ਸਰ ਸ਼ਾਮਲ ਕੀਤੇ ਜਾਣ ਜਿਨ੍ਹਾਂ ਦੀ ਤਫ਼ਤੀਸ਼ੀ ਕਾਰਗੁਜ਼ਾਰੀ ਸੱਚਮੁੱਚ ਹੀ ਕਾਬਿਲੇ-ਤਾਰੀਫ਼ ਰਹੀ ਹੋਵੇ। 'ਦਿ ਨੇਸ਼ਨ ਦੀ ਰਿਪੋਰਟ ਮੁਤਾਬਿਕ ਪੰਜਾਬ ਸਰਕਾਰ ਨੇ ਮਰਕਜ਼ੀ ਸਰਕਾਰ ਦੇ ਖ਼ਤ ਉੱਤੇ ਫ਼ਿਲਹਾਲ ਕੋਈ ਕਾਰਵਾਈ ਨਹੀਂ ਕੀਤੀ।

ਜ਼ਿਕਰਯੋਗ ਹੈ ਕਿ ਇਮਰਾਨ ਉੱਤੇ ਹਮਲੇ ਵਾਲੇ ਦਿਨ ਸੂਬਾਈ ਸਰਕਾਰ ਨੇ ਪੰਜਾਬ ਪੁਲੀਸ ਦੇ ਡੀ.ਆਈ.ਜੀ. ਤਾਰਿਕ ਰੁਸਤਮ ਦੀ ਅਗਵਾਈ ਹੇਠ ਜੇ.ਆਈ.ਟੀ. ਕਾਇਮ ਕੀਤੀ ਸੀ। ਇਸ ਟੀਮ ਨੇ ਉਸੇ ਦਿਨ ਤੋਂ ਕੰਮ ਵੀ ਸ਼ੁਰੂ ਕਰ ਦਿੱਤਾ ਸੀ ਪਰ 11 ਨਵੰਬਰ ਨੂੰ ਸੂਬਾਈ ਸਰਕਾਰ ਨੇ ਜੇ.ਆਈ.ਟੀ. ਦੇ ਮੈਂਬਰਾਂ ਦੀ ਗਿਣਤੀ ਤਿੰਨ ਤੋਂ ਵਧਾ ਕੇ ਪੰਜ ਕਰਨ ਅਤੇ ਰੁਸਤਮ ਦੀ ਥਾਂ ਡੋਗਰ ਨੂੰ ਮੁਖੀ ਬਣਾਏ ਜਾਣ ਦੀ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ। ਰੁਸਮਤ ਨੂੰ ਹਟਾਉਣ ਦੀ ਕੋਈ ਵਜ੍ਹਾ ਬਿਆਨ ਨਹੀਂ ਕੀਤੀ ਗਈ। ਮੰਨਿਆ ਜਾਂਦਾ ਹੈ ਕਿ ਰੁਸਤਮ, ਇਮਰਾਨ ਖ਼ਾਨ ਦੀ ਪਾਰਟੀ- ਪਾਕਿਸਤਾਨ ਤਹਿਰੀਕ-ਇ-ਇਨਸਾਫ਼ (ਪੀ.ਟੀ.ਆਈ.) ਦੀਆਂ ਹਦਾਇਤਾਂ ਮੁਤ-ਾਬਿਕ ਕੰਮ ਕਰਨ ਲਈ ਤਿਆਰ ਨਹੀਂ ਸੀ। ਇਸ ਕਾਰਨ ਉਸ ਨੂੰ ਹਟਾਇਆ ਗਿਆ। ਪੀ.ਟੀ.ਆਈ. ਪੰਜਾਬ ਦੀ ਪਰਵੇਜ਼ ਇਲਾਹੀ ਸਰਕਾਰ ਵਿਚ ਸਭ ਤੋਂ ਵੱਡੀ ਭਾਈਵਾਲ ਧਿਰ ਹੈ। ਇਲਾਹੀ ਖ਼ੁਦ ਨੂੰ ਕਸੂਤਾ ਫਸਿਆ ਮਹਿਸੂਸ ਕਰ ਰਹੇ ਹਨ। ਉਹ ਨਾ ਤਾਂ ਫ਼ੌਜ ਨੂੰ ਨਾਰਾਜ਼ ਕਰਨਾ ਚਾਹੁੰਦੇ ਹਨ ਅਤੇ ਨਾ ਹੀ ਇਮਰਾਨ ਨੂੰ।

ਲਿਹਾਜ਼ਾ, ਉਹ ਕਦੇ ਇਕ ਧਿਰ ਨੂੰ ਖ਼ੁਸ਼ ਕਰਨ ਵਾਲਾ ਕਦਮ ਚੁੱਕਦੇ ਹਨ, ਕਦੇ ਦੂਜੀ ਧਿਰ ਨੂੰ।

**ਮੋਟਰਸਾਈਕਲਾਂ 'ਤੇ ਪਾਬੰਦੀ**

ਸੁਪਰੀਮ ਕੋਰਟ ਨੇ ਮੁਲਕ ਦੇ ਐਕਸਪ੍ਰੈਸ ਮੋਟਰਵੇਅਜ਼ ਉੱਪਰ ਮੋਟਰਸਾਈਕਲ ਚਲਾਉਣ ਉੱਤੇ ਮੁਕੰਮਲ ਪਾਬੰਦੀ ਲਾ ਦਿੱਤੀ ਹੈ। ਪਹਿਲਾਂ ਅਜਿਹੀ ਪਾਬੰਦੀ 500 ਸੀ.ਸੀ. ਤੋਂ ਘੱਟ ਤਾਕਤ ਵਾਲੇ ਮੋਟਰਸਾਈਕਲਾਂ ਉੱਤੇ ਲਾਗੂ ਸੀ। ਸੁਪਰੀਮ ਕੋਰਟ ਦੇ ਇਸ ਹੁਕਮ ਰਾਹੀਂ ਇਸਲਾਮਾਬਾਦ ਹਾਈਕੋਰਟ ਦਾ 4 ਸਾਲ ਪਹਿਲਾਂ ਵਾਲਾ ਉਹ ਆਦੇਸ਼ ਰੱਦ ਹੋ ਗਿਆ ਹੈ ਜਿਸ ਨੇ 500 ਸੀ.ਸੀ. ਤੋਂ ਵੱਧ ਸਮਰੱਥਾ ਵਾਲੇ ਮੋਟਰਸਾਈਕਲਾਂ ਨੂੰ ਮੋਟਰਵੇਅਜ਼ 'ਤੇ ਚਲਾਉਣ ਦੀ ਖੁੱਲ੍ਹ ਵਿਸ਼ੇਸ਼ ਤੌਰ 'ਤੇ ਦੇ ਦਿੱਤੀ ਸੀ। ਜ਼ਿਕਰਯੋਗ ਹੈ ਕਿ ਫੈਡਰਲ ਸਰਕਾਰ ਨੇ ਵੱਧ ਰਫ਼ਤਾਰ ਵਾਲੇ ਮੋਟਰਵੇਅਜ਼ ਉਪਰ ਮੋਟਰਸਾਈਕਲ ਜਾਂ ਹੋਰ ਦੋਪਹੀਆ ਵਾਹਨ ਚਲਾਏ ਜਾਣ 'ਤੇ ਪੰਜ ਸਾਲ ਪਹਿਲਾਂ ਰੋਕ ਲਾਈ ਸੀ। ਇਸ ਪਾਬੰਦੀ ਦੇ ਖ਼ਿਲਾਫ਼ ਦਾਇਰ ਪਟੀਸ਼ਨਾਂ 'ਤੇ 18 ਦਸੰਬਰ 2018 ਨੂੰ ਇਸਲਾਮਾਬਾਦ ਹਾਈਕੋਰਟ ਨੇ ਫ਼ੈਸਲਾ ਦਿੱਤਾ ਕਿ ਹਲਕੇ ਮੋਟਰਸਾਈਕਲ ਤਾਂ ਹਾਦਸਿਆਂ ਦੀ ਵਜ੍ਹਾ ਬਣ ਸਕਦੇ ਹਨ ਪਰ ਭਾਰੇ ਭਾਵ 500 ਸੀ.ਸੀ. ਤੋਂ ਵੱਧ ਸਮਰੱਥਾ ਵਾਲੇ ਮੋਟਰਸਾਈਕਲਾਂ ਨੂੰ ਪਾਬੰਦੀ ਦੇ ਦਾਇਰੇ ਤੋਂ ਬਾਹਰ ਰੱਖਿਆ ਜਾਵੇ। ਕੌਮੀ ਸ਼ਾਹਰਾਹ ਅਥਾਰਟੀ (ਐਨ.ਐਚ.ਏ.) ਨੇ ਇਸ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਅਪੀਲ ਪਾਈ। ਹੁਣ ਸੁਪਰੀਮ ਕੋਰਟ ਦੇ ਜਸਟਿਸ ਮੁਹੰਮਦ ਅਲੀ ਅਜ਼ਹਰ ਨੇ ਨੌਂ ਸਫ਼ਿਆਂ ਦੇ ਆਪਣੇ ਫ਼ੈਸਲੇ ਵਿਚ ਕਿਹਾ ਹੈ ਕਿ ਐਕਸਪ੍ਰੈਸ ਮੋਟਰਵੇਅ ਸਿਰਫ਼ ਚੌਪਹੀਆ ਜਾਂ ਵੱਧ ਪਹੀਆਂ ਵਾਲੇ ਵਾਹਨਾਂ ਲਈ ਬਣਾਏ ਗਏ ਹਨ। ਇਨ੍ਹਾਂ ਉੱਪਰ ਮੋਟਰਸਾਈਕਲ ਜਾਂ ਹੋਰ ਦੋਪਹੀਆ ਵਾਹਨ ਨਹੀਂ ਚਲਾਏ ਜਾ ਸਕਦੇ।

**ਖੰਡ ਮਿੱਲ ਮਾਲਕਾਂ ਦੀ ਧਮਕੀ**

ਪਾਕਿਸਤਾਨ ਦੇ ਖੰਡ ਮਿੱਲ ਮਾਲਕਾਂ ਦੀ ਜਥੇਬੰਦੀ ਨੇ ਧਮਕੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਨੂੰ ਖੰਡ ਦੇ ਪਿਛਲੇ ਸਾਲ ਦੇ ਜ਼ਖ਼ੀਰੇ ਬਰਾਮਦ ਕਰਨ ਦੀ ਖੁੱਲ੍ਹ ਨਾ ਦਿੱਤੀ ਗਈ ਤਾਂ ਉਹ ਇਸ ਵਾਰ ਗੰਨੇ ਦੀ ਪਿੜਾਈ ਸ਼ੁਰੂ ਨਹੀਂ ਕਰਨਗੇ। ਅਖ਼ਬਾਰ 'ਪਾਕਿਸਤਾਨ ਆਬਜ਼ਰਵਰ' ਨੇ ਸ਼ਨਿੱਚਰਵਾਰ ਨੂੰ ਖ਼ਬਰ ਦਿੱਤੀ ਕਿ ਪਾਕਿਸਤਾਨ ਸ਼ੂਗਰ ਮਿੱਲ ਐਸੋਸੀਏਸ਼ਨ (ਪੀ.ਐਸ.ਐਮ.ਏ.) ਨੇ ਐਲਾਨ ਕੀਤਾ ਹੈ ਕਿ ਨਵੀਂ ਪਿੜਾਈ ਸ਼ੁਰੂ ਕਰਨ ਤੋਂ ਪਹਿਲਾਂ ਖੰਡ ਮਿੱਲਾਂ ਨੂੰ ਖੁੱਲ੍ਹ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਬਚੇ ਹੋਏ ਜ਼ਖ਼ੀਰਿਆਂ ਦਾ 60 ਫ਼ੀਸਦੀ ਹਿੱਸਾ ਬਰਾਮਦ ਕਰ ਸਕਣ। ਐਸੋਸੀਏਸ਼ਨ ਦੇ ਚੇਅਰਮੈਨ ਅਸੀਮ ਗ਼ਨੀ ਉਸਮਾਨ ਨੇ ਕਿਹਾ ਕਿ ਕੌਮਾਂਤਰੀ ਮੰਡੀ ਵਿਚ ਖੰਡ ਦੇ ਭਾਅ ਤੇਜ਼ ਹਨ। ਲਿਹਾਜ਼ਾ, ਮਿਲ ਮਾਲਕ ਇਸ ਮੌਕੇ ਕੁਝ ਮੁਨਾਫ਼ਾ ਕਮਾ ਸਕਦੇ ਹਨ। ਉਂਜ ਵੀ, ਜੇਕਰ ਪਿਛਲੇ ਜ਼ਖ਼ੀਰੇ ਡੇਢ ਮਹੀਨੇ ਦੇ ਅੰਦਰ ਅੰਦਰ ਮੁਕਾਏ ਨਹੀਂ ਜਾਂਦੇ ਤਾਂ ਇਹ ਖੰਡ ਖ਼ਰਾਬ ਹੋ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਮੁਲਕ ਅੰਦਰ ਖੰਡ ਦੀ ਕੋਈ ਕਮੀ ਨਹੀਂ, ਇਸ ਦੇ ਬਾਵਜੂਦ ਸਰਕਾਰ ਖੰਡ ਸੰਕਟ ਪੈਦਾ ਹੋਣ ਦੀ ਖ਼ਦਸ਼ੇ ਜਤਾਈ ਜਾ ਰਹੀ ਹੈ। ਇਹ ਨੀਤੀ ਸਹੀ ਨਹੀਂ। ਇਸੇ ਦੌਰਾਨ ਕੌਮੀ ਖ਼ਜ਼ਾਨਾ ਮੰਤਰੀ ਇਸਹਾਕ ਡਾਰ ਨੇ ਪੀ.ਐਸ.ਐਮ.ਏ. ਨੂੰ ਇਸ ਹਫ਼ਤੇ ਬੁੱਧਵਾਰ ਨੂੰ ਮੀਟਿੰਗ ਲਈ ਬੁਲਾਇਆ ਹੈ। ਸਮਝਿਆ ਜਾਂਦਾ ਹੈ ਕਿ ਇਸ ਮੀਟਿੰਗ ਵਿਚ ਐਸੋਸੀਏਸ਼ਨ ਦੀ ਮੰਗ ਤੋਂ ਇਲਾਵਾ ਗੰਨਾ ਕਾਸ਼ਤਕਾਰਾਂ ਦੇ ਬਕਾਇਆਂ ਦੀ ਅਦਾਇਗੀ ਦਾ ਮੁੱਦਾ ਵੀ ਵਿਚਾਰਿਆ ਜਾਵੇਗਾ।

# ਡਿਜੀਟਲ ਹੁਨਰ ਜੋ ਬੈਂਕਿੰਗ ਖੇਤਰ ਵਿੱਚ ਲੋੜੀਂਦੇ ਹਨ

ਵਿਜੈ ਗਰਗ

ਡਿਜੀਟਲ ਹੁਨਰ ਜੋ ਬੈਂਕਿੰਗ ਵਿੱਚ ਲੋੜੀਂਦੇ ਹਨ ਮੌਜੂਦਾ ਡਿਜੀਟਲ ਪਰਿਵਰਤਨ ਦੇ ਮੱਦੇਨਜ਼ਰ ਅਪਸਕਿਲਿੰਗ ਅਤੇ ਰੀ-ਸਕਿਲਿੰਗ ਜ਼ਰੂਰੀ ਹਨ। ਬੈਂਕ ਵੱਖ-ਵੱਖ ਡਿਜੀਟਲ ਬੈਂਕਿੰਗ ਪ੍ਰੋਜੈਕਟਾਂ ਦਾ ਸਮਰਥਨ ਕਰਨ ਲਈ ਆਪਣੀਆਂ ਸੰਸਥਾਵਾਂ ਨੂੰ ਮੁੜ ਡਿਜ਼ਾਈਨ ਕਰ ਰਹੇ ਹਨ ਅਤੇ ਕਰਮਚਾਰੀਆਂ ਦੀਆਂ ਸਥਿਤੀਆਂ ਨੂੰ ਮੁੜ ਪਰਿਭਾਸ਼ਿਤ ਕਰ ਰਹੇ ਹਨ। ਕਾਗਨੀਜ਼ੈਂਟ ਦੀ ਇੱਕ ਰਿਪੋਰਟ ਦੇ ਅਨੁਸਾਰ, ਇਹ ਇੰਨਾ ਮਹੱਤਵਪੂਰਨ ਹੋ ਗਿਆ ਹੈ ਕਿ ਅਜਿਹਾ ਕਰਨ ਵਿੱਚ ਅਸਫਲ ਰਹਿਣ ਨਾਲ ਬੈਂਕਾਂ ਨੂੰ ਆਪਣੇ ਸਿਖਲਾਈ ਖਰਚਿਆਂ ਨੂੰ ਗੁਆਉਣ ਦੇ ਖ਼ਤਰੇ ਵਿੱਚ ਪੈ ਜਾਵੇਗਾ ਕਿਉਂਕਿ ਨਵੇਂ ਯੋਗਤਾ ਪ੍ਰਾਪਤ ਕਰਮਚਾਰੀ ਵਿਕਲਪਕ ਰੁਜ਼ਗਾਰ ਸੰਭਾਵਨਾਵਾਂ ਦੀ ਭਾਲ ਕਰਦੇ ਹਨ। ਇਹ ਡਿਜੀਟਲ ਹੁਨਰ ਸੈੱਟ ਤੁਹਾਨੂੰ ਮੁਕਾਬਲੇ ਤੋਂ ਵੱਖ ਕਰ ਦੇਣਗੇ, ਖਾਸ ਤੌਰ 'ਤੇ ਡਿਜੀਟਲ ਪਰਿਵਰਤਨ ਦਾ ਸਮਰਥਨ ਕਰਨ ਲਈ ਇੱਕ ਮਹੱਤਵਪੂਰਨ ਸੱਭਿਆਚਾਰ ਤਬਦੀਲੀ ਦੀ ਲੋੜ ਨੂੰ ਦੇਖਦੇ ਹੋਏ। ਤੁਸੀਂ ਆਖਰੀ ਵਾਰ ਬੈਂਕ ਕਦੋਂ ਗਏ ਸੀ? ਹਾਲਾਂਕਿ ਬੈਂਕਿੰਗ ਦਾ ਵਿਸਥਾਰ ਮੋਬਾਈਲ ਅਤੇ ਈ-ਬੈਂਕਿੰਗ ਤੱਕ ਹੋਇਆ ਹੈ। ਤੁਹਾਡੇ ਡੈਬਿਟ/ਕ੍ਰੈਡਿਟ ਕਾਰਡ ਅਤੇ ਮੋਬਾਈਲ ਬੈਂਕਿੰਗ ਐਪਲੀਕੇਸ਼ਨਾਂ ਨੂੰ ਸ਼ਾਇਦ ਹੁਣ ਜ਼ਿਆਦਾ ਵਰਤਿਆ ਜਾਂਦਾ ਹੈ। ਕੋਵਿਡ-19 ਨੇ ਸੰਪਰਕ ਰਹਿਤ ਭੁਗਤਾਨਾਂ, ਲੈਣ-ਦੇਣ ਅਤੇ ਟ੍ਰਾਂਸਫਰ ਦੀ ਵਰਤੋਂ ਨੂੰ ਹੁਲਾਰਾ ਦੇਣ ਤੋਂ ਪਹਿਲਾਂ, ਡਿਜੀਟਲ ਤਬਦੀਲੀ ਪਹਿਲਾਂ ਹੀ ਚੱਲ ਰਹੀ ਸੀ। ਨਤੀਜੇ ਵਜੋਂ, ਵਿੱਤ ਅਤੇ ਡੇਟਾ ਵਿਗਿਆਨ ਵਿੱਚ ਨਕਲੀ ਬੁੱਧੀ (ਏ) ਦੀ ਵਰਤੋਂ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ। ਅੱਜ, ਵਿੱਤੀ ਸੰਸਥਾਵਾਂ ਭੁਗਤਾਨ ਦੀ ਪ੍ਰਕਿਰਿਆ ਦੇ ਸਮੇਂ ਅਤੇ ਖਰਚੇ ਨੂੰ ਘਟਾ ਸਕਦੀਆਂ ਹਨ ਜਦੋਂ ਉਹ ਡਿਜੀਟਲ ਰੂਪ ਵਿੱਚ ਕੀਤੇ ਜਾਂਦੇ ਹਨ। ਇੱਕ ਸਥਿਰ ਕੈਰੀਅਰ ਮਾਰਗ ਦੀ ਖੋਜ ਕਰਨ ਵਾਲੇ ਵਿਅਕਤੀਆਂ ਲਈ, ਬੈਂਕਿੰਗ ਅਤੇ ਬੀਮੇ ਵਿੱਚ ਓ ਅਤੇ ਡੇਟਾ ਸਾਇੰਸ ਦੇ ਵਧਦੇ ਮਹੱਤਵ ਨੇ ਮੰਗ (ਅਤੇ ਸੰਭਾਵਨਾ) ਵਿੱਚ ਬਹੁਤ ਵਾਧਾ ਕੀਤਾ ਹੈ। ਵਿੱਤੀ ਸੰਸਥਾਵਾਂ ਨਵੀਆਂ ਭਰਤੀਆਂ ਵਿੱਚ ਨਿਮਨਲਿਖਤ ਤਕਨੀਕੀ ਹੁਨਰਾਂ ਦਾ ਸੁਆਗਤ ਕਰਦੀਆਂ ਹਨ। ਉਦਯੋਗ ਵਿੱਚ ਹੇਠਾਂ ਦਿੱਤੇ ਖੇਤਰਾਂ ਦੀ ਸਮਝ ਵਾਲੇ ਗ੍ਰੈਜੂਏਟਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ: ਬਲਾਕਚੈਨ: ਬਲਾਕਚੈਨ ਟ੍ਰਾਂਜੈਕਸ਼ਨਾਂ ਦਾ ਇੱਕ ਬਹੁਤ ਹੀ ਸੁਰੱਖਿਅਤ ਲੌਗ ਪੇਸ਼ ਕਰਦਾ ਹੈ ਜੋ ਸਾਰੀਆਂ ਪਾਰਟੀਆਂ ਦੁਆਰਾ ਪ੍ਰਸ਼ਟੀਕਰਨ ਨੂੰ ਸਮਰੱਥ ਬਣਾਉਂਦਾ ਹੈ। ਬਲਾਕਚੈਨ ਦੀ ਤਾਕਤ ਵਿੱਤੀ ਸੁਰੱਖਿਆ ਦੇ 'ਲਾਕ ਬਾਕਸ' ਵਿਧੀ ਦੇ ਉਲਟ, ਇਸਦੀ ਪਹੁੰਚਯੋਗਤਾ ਤੋਂ ਆਉਂਦੀ ਹੈ। ਕਿਉਂਕਿ ਸਾਂਝਾ ਬਹੀ ਪਾਰਦਰਸ਼ੀ ਹੈ, ਇਸ ਲਈ ਡੇਟਾ ਨੂੰ ਬਦਲਣ ਜਾਂ ਵਿਗਾੜਨ ਦੇ ਕਿਸੇ ਵੀ ਯਤਨ ਦੀ ਖੋਜ ਕੀਤੀ ਜਾਵੇਗੀ। ਬਲਾਕਚੈਨ ਤਕਨਾਲੋਜੀ ਨੂੰ ਭਵਿੱਖ ਵਿੱਚ ਵਿੱਤੀ ਲੈਣ-ਦੇਣ ਦੀ ਇੱਕ ਵਿਸ਼ਾਲ ਸ਼੍ਰੇਣੀ ਵਿੱਚ ਸੰਭਾਵੀ ਤੌਰ 'ਤੇ ਵਰਤਿਆ ਜਾ ਸਕਦਾ ਹੈ, ਜਿਸ ਨਾਲ ਡਿਜੀਟਲ ਸਪੇਸ ਵਿੱਚ ਨਵੇਂ ਕਿਸਮ ਦੇ ਲੈਣ-ਦੇਣ ਅਤੇ ਦਸਤਾਵੇਜ਼ਾਂ ਨੂੰ ਸੁਰੱਖਿਅਤ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ। ਇਸ ਲਈ, ਬਲੌਕਚੈਨ ਤਕਨਾਲੋਜੀ ਵਿੱਚ ਲੋੜੀਂਦੇ ਹੁਨਰ ਹਾਸਲ ਕਰਨ ਵਾਲੇ ਪੇਸ਼ੇਵਰਾਂ ਦੀ ਉੱਚ ਮੰਗ ਹੈ। ਕਲਾਉਡ ਛੁ ਅਤੇ ਸੇਵਾਵਾਂ: ਛੁ ਬੈਂਕਿੰਗ ਟੈਕਨਾਲੋਜੀ ਦੀ ਵਰਤੋਂ ਨਾਲ, ਹਰੇਕ ਵਿਭਾਗ ਸਾਰੇ ਕਲਾਇੰਟ ਪ੍ਰੋਫਾਈਲਾਂ ਵਿੱਚ ਇੱਕੋ ਡੇਟਾ ਤੱਕ ਪਹੁੰਚ ਕਰਦੇ ਹੋਏ ਵਾਧੂ ਸੇਵਾਵਾਂ ਪ੍ਰਦਾਨ ਕਰਨ ਲਈ ਵੱਖਰੇ ਟਰਿਗਰ ਬਣਾ ਸਕਦਾ ਹੈ। ਸਟਾਫ ਮੈਂਬਰ ਲੀਡਾਂ ਨੂੰ ਬਦਲਣ ਦੀਆਂ ਨਵੀਆਂ ਸੰਭਾਵਨਾਵਾਂ ਲੱਭਣ ਲਈ ਮਾਰਕੀਟਿੰਗ, ਵਿਕਰੀ ਅਤੇ ਸੇਵਾ ਡੇਟਾ ਤੋਂ ਬਣਾਏ ਗਏ ਵਿਸਤ੍ਰਿਤ ਗਾਹਕ ਪ੍ਰੋਫਾਈਲਾਂ ਦੀ ਸਲਾਹ ਲੈ ਸਕਦੇ ਹਨ। ਉਹ ਉਪਭੋਗਤਾ ਲਈ ਇੱਕ ਸਹਿਜ ਅਤੇ ਵਿਅਕਤੀਗਤ ਅਨੁਭਵ ਅਤੇ ਤੁਹਾਡੇ ਲਈ ਇੱਕ ਤੇਜ਼ ਰੂਪਾਂਤਰਨ ਪ੍ਰਕਿਰਿਆ ਬਣਾਉਣ ਦੇ ਯੋਗ ਹੋਣਗੇ ਕਿਉਂਕਿ ਉਹਨਾਂ ਨੂੰ ਹਰ ਵਾਰ ਇੱਕ ਅੰਤਰ-ਵਿਭਾਗੀ ਲੀਡ ਫਨਲ ਵਿੱਚ ਦਾਖਲ ਹੋਣ 'ਤੇ ਸ਼ੁਰੂ ਨਹੀਂ ਕਰਨਾ ਪਵੇਗਾ। ਇਸ ਲਈ, ਛੁ ਅਤੇ ਕਲਾਉਡ ਸੇਵਾਵਾਂ ਦੇ ਗਿਆਨ ਵਾਲੇ ਗ੍ਰੈਜੂਏਟਾਂ ਦਾ ਬੈਂਕਿੰਗ ਅਤੇ ਵਿੱਤ ਵਿੱਚ ਇੱਕ ਲਾਹੇਵੰਦ ਭਵਿੱਖ ਹੁੰਦਾ ਹੈ। ਜਾਣਕਾਰੀ-ਆਧਾਰਿਤ ਸੇਵਾ ਪੇਸ਼ਕਸ਼ਾਂ/ਉਤਪਾਦਾਂ ਲਈ AI/ML: ਤਾਜ਼ਾ ਖੋਜ ਦੇ ਅਨੁਸਾਰ, ਲਗਭਗ 80% ਬੈਂਕਾਂ ਨੂੰ ਪਤਾ ਹੈ ਕਿ ਓ ਉਹਨਾਂ ਦੇ ਉਦਯੋਗ ਲਈ ਸੰਭਾਵੀ ਫਾਇਦੇ ਲਿਆ ਸਕਦਾ ਹੈ। ਓ ਅਤੇ ਵਿੱਚ ਹੁਨਰ ਵਾਲੇ ਗ੍ਰੈਜੂਏਟ ਇਸ ਤਰ੍ਹਾਂ ਉੱਚ ਮੰਗ ਵਿੱਚ ਹਨ। ਇੱਕ ਹੋਰ ਅੰਦਾਜ਼ੇ ਅਨੁਸਾਰ, ਬੈਂਕਾਂ ਨੂੰ 2023 ਤੱਕ ਓ ਐਪਸ ਦੀ ਵਰਤੋਂ ਕਰਕੇ $447 ਬਿ-ਲੀਅਨ ਦੀ ਬਚਤ ਕਰਨ ਦੀ ਉਮੀਦ ਹੈ। ਇਹ ਅੰਕੜੇ




ਦਰਸਾਉਂਦੇ ਹਨ ਕਿ ਬੈਂਕਿੰਗ ਅਤੇ ਵਿੱਤੀ ਉਦਯੋਗ ਲਾਗਤਾਂ ਨੂੰ ਘੱਟ ਕਰਦੇ ਹੋਏ ਉਤਪਾਦਕਤਾ, ਸੇਵਾ ਅਤੇ ROI ਨੂੰ ਵਧਾਉਣ ਲਈ ਤੇਜ਼ੀ ਨਾਲ AI ਵੱਲ ਵਧ ਰਿਹਾ ਹੈ। ਡਿਜੀਟਲ/ਔਨਲਾਈਨ ਮੈਨੇਜਰ ਵਿੱਚ ਕਈ ਤਰ੍ਹਾਂ ਦੀਆਂ ਡਿਜੀਟਲ ਸੰਚਾਰ ਅਤੇ ਸੇਵਾ: ਵਰਚੁਅਲ ਰਿਲੇਸ਼ਨਸ਼ਿਪ ਵਿਸ਼ੇਸ਼ਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ,ਜਿਸ ਵਿੱਚ ਵੈੱਬ ਚੈਟ (ਇੱਕ AI-ਅਧਾਰਿਤ ਚੈਟਬੋਟ), ਤੁਹਾਡੇ ਸਮਾਰਟ ਡਿਵਾਈਸਾਂ ਦੀ ਵਰਤੋਂ ਕਰਦੇ ਹੋਏ ਰਿਮੋਟ ਬੈਂਕਿੰਗ, ਅਤੇ ਫੇਸਬੁੱਕ ਮੈਸੇਂਜਰ ਸਮੇਤ ਚੈਟ ਸੈਂਟਰਾਂ ਰਾਹੀਂ ਸੇਵਾ ਸਹਾਇਤਾ ਸ਼ਾਮਲ ਹੈ। ਇਹ ਉਤਪਾਦ HNW (ਉੱਚ ਨੈੱਟਵਰਥ) ਅਤੇ ਤਕਨੀਕੀ-ਸਮਝਦਾਰ ਗਾਹਕਾਂ ਦੁਆਰਾ ਚੰਗੀ ਤਰ੍ਹਾਂ ਪਸੰਦ ਕੀਤੇ ਜਾਂਦੇ ਹਨ ਜੋ ਵਿਅਕਤੀਗਤ ਸਹਾਇਤਾ ਨਾਲੋਂ ਫ਼ੋਨ ਸਹਾਇਤਾ ਨੂੰ ਤਰਜੀਹ ਦਿੰਦੇ ਹਨ। ਇਸ ਲਈ ਗਾਹਕ ਸੇਵਾ ਲਈ ਔਨਲਾਈਨ ਸੰਚਾਰ ਲਈ ਨਰਮ ਹੁਨਰ ਰੱਖਣ ਵਾਲਿਆਂ ਦੀ ਬਹੁਤ ਜ਼ਿਆਦਾ ਮੰਗ ਹੈ, ਖਾਸ ਤੌਰ 'ਤੇ ਬੈਂਕਿੰਗ ਸੈਕਟਰ ਵਿੱਚ, ਜਿੱਥੇ ਲੋਕਾਂ ਦੇ ਕਈ ਸਵਾਲ ਹਨ ਅਤੇ ਉਹਨਾਂ ਨੂੰ ਤੁਰੰਤ ਅਤੇ ਕੁਸ਼ਲ ਜਵਾਬਾਂ ਦੀ ਲੋੜ ਹੁੰਦੀ ਹੈ। UI/UX: ਵਿੱਤ-ਸੰਬੰਧੀ ਐਪਲੀਕੇਸ਼ਨਾਂ ਅਤੇ ਡਿਜੀਟਲ ਲੈਣ-ਦੇਣ ਦੀ ਵੱਧ ਰਹੀ ਗੋਦ ਦੇ ਨਾਲ, ਬੈਂਕਾਂ ਅਤੇ ਵਿੱਤੀ ਸੰਸਥਾਵਾਂ ਲਈ ਉਹਨਾਂ ਦੀਆਂ UI/UX ਲੋੜਾਂ ਨੂੰ ਪੂਰਾ ਕਰਨ ਲਈ ਪ੍ਰਤਿਭਾ ਵਿੱਚ ਨਿਵੇਸ਼ ਕਰਨਾ ਮਹੱਤਵਪੂਰਨ ਹੋ ਜਾਂਦਾ ਹੈ। ਜਦੋਂ ਕਿ ਬੈਂਕ ਅਤੇ ਵਿੱਤ ਕਾਰੋਬਾਰ ਆਪਣੀਆਂ ਡਿਜੀਟਲ ਸੇਵਾਵਾਂ ਦਾ ਵਿਸਥਾਰ ਕਰਨਾ ਚਾਹੁੰਦੇ ਹਨ, ਉਤਪਾਦ ਵਿਕਾਸ ਦਾ ਇੱਕ ਵੱਡਾ ਹਿੱਸਾ ਇਹ ਕਲਪਨਾ ਕਰ ਰਿਹਾ ਹੈ ਕਿ ਇੱਕ ਉਤਪਾਦ ਕਿਹੋ ਜਿਹਾ ਦਿਖਾਈ ਦੇਵੇਗਾ। ਵਿਕਾਸ ਦੇ ਪੜਾਅ 'ਤੇ ਨਿਰਭਰ ਕਰਦੇ ਹੋਏ, ਉਹਨਾਂ ਨੂੰ ਵਾਇਰਫ੍ਰੇਮ, ਘੱਟ ਜਾਂ ਉੱਚ-ਵਫ਼ਾਦਾਰ ਪ੍ਰੋਟੋਟਾਈਪ, ਮੌਕਅੱਪ, ਜਾਂ ਉਪਭੋਗਤਾ ਪ੍ਰਵਾਹ ਬਣਾਉਣ ਲਈ UI/UX ਡਿਵੈਲਪਰਾਂ ਦੀ ਲੋੜ ਹੁੰਦੀ ਹੈ। UI/UX ਬਾਜ਼ਾਰਾਂ ਵਿੱਚ ਵਧ ਰਹੇ ਹੁਨਰਾਂ ਵਿੱਚੋਂ ਇੱਕ ਹੈ ਅਤੇ ਭਵਿੱਖ ਵਿੱਚ ਸਕੇਲ ਕਰਨਾ ਹੈ। ਓਪਨ ਸੋਰਸ, 'ਆਂ' ਅਤੇ ਸਰਵਰ ਰਹਿਤ ਆਰਕੀਟੈਕਚਰ: ਇਹ ਤਿੰਨ ਹਿੱਸੇ ਕਾਰੋਬਾਰਾਂ ਨੂੰ ਉੱਚ ਪੱਧਰੀ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਦੇ ਹਨ ਅਤੇ ਇੱਕ ਸਹਿਜ ਗਾਹਕ ਅਨੁਭਵ ਪ੍ਰਦਾਨ ਕਰਦੇ ਹਨ। SaaS (ਸੇਵਾ ਦੇ ਤੌਰ 'ਤੇ ਸਾਫਟਵੇਅਰ) ਕਾਰੋਬਾਰਾਂ ਨੂੰ ਉਹਨਾਂ ਸਾਰੀਆਂ ਸਾਫਟਵੇਅਰ ਸੇਵਾਵਾਂ ਨੂੰ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ ਜਿਨ੍ਹਾਂ ਦੀ ਉਹਨਾਂ ਨੂੰ ਲੋੜ ਹੁੰਦੀ ਹੈ ਬਿਨਾਂ ਸਾਫਟਵੇਅਰ ਨੂੰ ਵਿਕਸਿਤ ਕੀਤੇ। ਸਰਵਰ ਘੱਟ ਆਰਕੀਟੈਕਚਰ ਦੀ ਵਰਤੋਂ ਕਰਦੇ ਹੋਏ, ਕਾਰੋਬਾਰ ਇਸ ਦੇ ਪ੍ਰਬੰਧਨ ਦੀ ਬਜਾਏ ਬਿਲਡਿੰਗ ਕੋਡ 'ਤੇ ਧਿਆਨ ਕੇਂਦ੍ਰਤ ਕਰ ਸਕਦੇ ਹਨ। ਓਪਨ-ਸੋਰਸ ਸੌਫਟਵੇਅਰ ਦੀ ਵਰਤੋਂ ਕਰਦੇ ਹੋਏ, ਫਰਮਾਂ ਪਹਿਲਾਂ ਤੋਂ ਮੌਜੂਦ, ਲਾਗਤ-ਮੁਕਤ ਸੌਫਟਵੇਅਰ ਲਾਇਬ੍ਰੇਰੀਆਂ ਦੀ ਵਰਤੋਂ ਕਰ ਸਕਦੀਆਂ ਹਨ ਜੋ ਉਹਨਾਂ ਦੇ ਕੋਡ ਵਿੱਚ ਸ਼ਾਮਲ ਕਰਨ ਲਈ ਸਧਾਰਨ ਹਨ। ਇਹਨਾਂ ਖੇਤਰਾਂ ਵਿੱਚ ਮੁਹਾਰਤ ਦੇ ਨਾਲ, ਇੱਕ ਗ੍ਰੈਜੂਏਟ ਬੈਂਕਿੰਗ ਖੇਤਰ ਵਿੱਚ ਇਹਨਾਂ ਹੁਨਰਾਂ ਦੇ ਲਾਭਾਂ ਦੇ ਕਾਰਨ ਇੱਕ ਉੱਚ ਤਨਖਾਹ ਵਾਲੀ ਨੌਕਰੀ ਪ੍ਰਾਪਤ ਕਰ ਸਕਦਾ ਹੈ।

# ਮੁਫਤਖੋਰੀ ਦੀ ਸ਼ਤੰਰਜੀ ਚਾਲ ਉੱਤੇ ਜਿੱਤ ਹਾਸਲ ਕਰਨ ਦਾ ਰਿਵਾਜ

**ਦੀਪਿਕਾ ਅਰੋੜਾ**

ਚੋਣ ਪ੍ਰਚਾਰ ਦੇ ਦੌਰਾਨ ਮੁਫ਼ਤ ਦੀਆਂ ਰਿਓੜੀਆਂ ਵੰਡਣ ਦੀ ਲਗਾਤਾਰ ਵਧਦੀ ਪ੍ਰਵਿਰਤੀ ਨੂੰ ਗੰਭੀਰਤਾਪੂਰਵਕ ਲੈਂਦੇ ਹੋਏ ਸੁਪਰੀਮ ਕੋਰਟ ਨੇ ਸਖ਼ਤ ਰੁਖ ਦਿਖਾਇਆ ਹੈ। ਵਰਨਣਯੋਗ ਹੈ ਕਿ ਮੁਫਤਖੋਰੀ ਦੇ ਵਧਦੇ ਰਿਵਾਜ਼ ਦੇ ਵਿਰੁੱਧ ਇਤਰਾਜ਼ ਕਰਦੇ ਹੋਏ ਬੀਤੇ ਦਿਨੀਂ ਅਸ਼ਵਿਨੀ ਉਪਾਧਿਆਏ ਨੇ ਲੋਕਹਿਤ ਵਿੱਚ ਰਿੱਟ ਦਾਇਰ ਕੀਤੀ ਸੀ, ਜਿਸ ਵਿੱਚ ਉਨ੍ਹਾਂ ਰਾਜਸੀ ਪਾਰਟੀਆਂ ਦੀ ਮਾਨਤਾ ਰੱਦ ਕਰਨ ਦੀ ਮੰਗ ਕੀਤੀ ਸੀ, ਜੋ ਚੋਣਾਂਜਿੱਤਣ ਲਈ ਜਨਤਾ ਨੂੰ ਮੁਫ਼ਤ ਸਹੂਲਤਾਂ ਦੇਣ ਜਾਂ ਚੀਜ਼ਾਂ ਵੰਡਣ ਦੇ ਵਾਅਦਿਆਂ ਨਾਲ ਆਪਣਾ ਵੋਟ ਬੈਂਕ ਮਜ਼ਬੂਤ ਕਰਨ ਦੀ ਤਾਕ ਵਿੱਚ ਹੁੰਦੀਆਂ ਹਨ। ਰਿੱਟ ਦਾ ਜਲਦੀ ਨੋਟਿਸ ਲੈਂਦੇ ਹੋਏ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਇਸ ਸਬੰਧੀ ਸਪੱਸ਼ਟੀਕਰਨ ਮੰਗਿਆ ਸੀ।ਕੇਂਦਰ ਸਰਕਾਰ ਇਸ ਕੇਸ ਵਿੱਚ ਮਜ਼ਬੂਤੀ ਪ੍ਰਦਰਸ਼ਿਤ ਕਰਨ ਅਤੇ ਚੋਣ ਕਮਿਸ਼ਨ ਵੱਲੋਂ ਉਦਾਸੀਨਤਾ ਦਿਖਾਉਣ ਤੋਂ ਨਾਰਾਜ਼ ਅਦਾਲਤ ਨੇ ਵਿੱਤ ਕਮਿਸ਼ਨ ਨਾਲ ਜ਼ਰੂਰੀ ਵਿਚਾਰ ਕਰਕੇ ਜਲਦੀ ਇਸ ਬਾਰੇ ਸਹੀ ਹੱਲ ਲੱਭਣ ਲਈ ਕਿਹਾ ਸੀ।

ਮੁਫ਼ਤ ਦੇ ਵਾਅਦਿਆਂ ਤੋਂ ਲੋਕਾਂ ਦੀਆਂ ਵੋਟਾਂ ਖੱਟਣ ਵਾਲੀਆਂ ਪਾਰਟੀਆਂ ਦੀ ਮਾਨਤਾ ਰੱਦ ਕਰਨ ਦੀ ਮੰਗ ਨੂੰ 'ਗੈਰ ਲੋਕਤਾਂਤਰਿਕ' ਮੰਨਦੇ ਹੋਏ ਅਦਾਲਤ ਨੇ ਇਸ ਨੂੰ ਨਾ ਵਿਚਾਰਨਯੋਗ ਕਰਾਰ ਦਿੱਤਾ, ਜਦ ਕਿ ਮੁਫਤਖੋਰੀ ਦੇ ਮੁੱਦੇ ਨੂੰ ਡੂੰਘਾਈ ਨਾਲ ਲੈਂਦੇ ਹੋਏ ਅਦਾਲਤ ਨੇ ਵੱਖ-ਵੱਖ ਧਿਰਾਂ ਤੋਂ ਇਸ ਦੇ ਹੱਲ ਸਬੰਧੀ ਘਰੇਲੂ ਸੁਝਾਅ ਮੰਗੇ ਹਨ।ਵਿਚਾਰਯੋਗ ਹੈ ਕਿ ਬੀਤੇ ਕੁਝ ਸਾਲਾਂ ਤੋਂ ਸਿਆਸਤ ਦੇ ਮਾਇਨੇ ਬਦਲ ਚੁੱਕੇ ਹਨ। ਵਿਕਾਸ ਦੇ ਨਾਂ ਉੱਤੇ ਝੂਠੇ ਲਾਅਰੇ ਲਾਉਣੇ ਅਤੇ ਮੁਫਤਖੋਰੀ ਦੀ ਸ਼ਤਰੰਜੀ ਬਿਸਾਤ ਉੱਤੇ ਜਿੱਤ ਹਾਸਲ ਕਰਨ ਦਾ ਬੇਹੂਦਾ ਰਿਵਾਜ਼ ਹੈ। ਕੁਰਸੀ ਦੇ ਇਸ ਦੰਗਲ ਵਿੱਚ ਭਰਮਾਊ ਹੱਥਕੰਡਿਆਂ ਦੀ ਖੁੱਲ੍ਹ ਕੇ ਵਰਤੋਂ ਹੁੰਦੀ ਹੈ। ਬਿਨਾਂ ਇਹ ਸੋਚੇ ਕਿ ਭਵਿੱਖ ਵਿਚ ਇਸਦੇ ਨਤੀਜੇ ਦੇਸ਼ ਦੇ ਸਮੁੱਚੇ ਵਿਕਾਸ ਅਤੇ ਅਰਥਵਿਵਸਥਾ ਉੱਤੇ ਕੀ ਅਸਰ ਪਾਉਣਗੇ। ਦੇਸ਼ ਤੇ ਸੂਬਾ ਪੱਧਰੀ ਵਿਵਸਥਾਵਾਂ ਤਾਂ ਇਸ ਨਾਲ ਪ੍ਰਭਾਵਿਤ ਤੇ ਪ੍ਰਦੂਸ਼ਿਤ ਹੁੰਦੀਆਂ ਹੀ ਹਨ, ਕੌਮਾਂਤਰੀ ਸਾਖ ਉੱਤੇ ਵੀ ਇਸ ਦਾ ਨਾਂਹ-ਪੱਖੀ ਅਸਰ ਪੈਂਦਾ ਹੈ।

ਨੁਕਸਾਨਦੇਹ ਦੇ ਰੂਪ ਵਿੱਚ ਚੋਣਾਂ ਦੀ ਹੋੜ ਦੇ ਸਵਾਰਥਪੂਰਨ ਘਟੀਆ ਚੱਕਰ ਦਾ ਅਸਲੀ ਖਪਤਕਾਰ ਵੋਟਰ ਨੂੰ ਬਣਨਾ ਪੈਂਦਾ ਹੈ। ਜਿਵੇਂ ਰਿੱਟਕਰਤਾ ਨੇ ਵੀ ਸਪੱਸ਼ਟ ਕੀਤਾ, ਸਿਆਸੀ ਪਾਰਟੀਆਂ ਵੱਲੋਂ ਲੋਕਾਂ ਦੀਆਂ ਵੋਟਾਂ ਖਰੀਦਣ ਦੀ ਕੋਸ਼ਿਸ਼ ਵਿੱਚ ਨਾ ਸਿਰਫ਼ ਸਮੁੱਚੀ ਚੋਣ ਪ੍ਰਕਿਰਿਆ ਦੂਸ਼ਿਤ ਹੁੰਦੀ ਹੈ, ਸਗੋਂ ਸਰਕਾਰੀ ਖਜ਼ਾਨੇ ਉੱਤੇ ਵੀ ਬੇਲੋੜਾ ਬੋਝ ਪੈਂਦਾ



ਹੈ।ਮੁਫਤਖੋਰੀ ਦੇ ਇਸ ਰਿਵਾਜ਼ ਵਿੱਚ ਲੋਕਤੰਤਰੀ ਕਦਰਾਂ-ਕੀਮਤਾਂ ਦੀ ਖੁੱਲ੍ਹ ਕੇ ਅਣਦੇਖੀ ਹੁੰਦੀ ਅਤੇ ਆਦਰਸ਼ਮਈ ਵਿਵਸਥਾ ਦੀ ਕਲਪਨਾ ਤੇ ਸੂਖਮ ਲੀਡਰਸ਼ਿਪ ਮਿਲਣੀ ਵੀ ਸ਼ੱਕੀ ਸਥਿਤੀ ਵਿੱਚ ਆ ਜਾਂਦੇ ਹਨ। ਸਾਫ ਸ਼ਬਦਾਂ ਵਿੱਚ ਮੁਫਤ ਤੰਤਰ ਲੋਕਤੰਤਰ ਉੱਤੇ ਹੱਕ ਜਮਾਉਂਦਾ ਹੋਇਆ ਜਾਪਣ ਲੱਗਦਾ ਹੈ।

ਆਮਦਨ ਪ੍ਰਬੰਧ ਦੇ ਸਮੁੱਚੇ ਸਰੋਤ ਨਾ ਮਿਲਣ ਦੀ ਦਿਸ਼ਾ ਵਿੱਚ ਇਸ ਤਰਕਹੀਣ ਵਾਧੂ ਕਰਜ਼ੇ ਦੇ ਭਾਰ ਨਾਲ ਸੂਬੇ ਦੀ ਵਿੱਤੀ ਹਾਲਤ ਹੋਰ ਗੜਬੜਾ ਜਾਂਦੀ ਹੈ ਤੇ ਲਗਾਤਾਰ ਵਧਦੀ ਮਹਿੰਗਾਈ, ਬੇਰੋਜ਼ਗਾਰੀ ਵਰਗੀਆਂ ਸਮੱਸਿਆਵਾਂ ਦੇ ਰੂਪ ਵਿੱਚ ਪਰਿਭਾਸ਼ਿਤ ਹੁੰਦੀ ਹੈ। ਰਿੱਟਕਰਤਾ ਨੇ ਮਿਸਾਲ ਦੇ ਤੌਰ ਉੱਤੇ ਪੰਜਾਬ ਦੀ ਮੌਜੂਦਾ ਸਥਿਤੀ ਦਾ ਵਰਣਨ ਕਰਦੇ ਹੋਏ ਕਿਹਾ ਕਿ ਪੰਜਾਬ ਉੱਤੇ ਤਿੰਨ ਕਰੋੜ ਰੁਪਏ ਕਰਜ਼ਾ ਹੈ। ਇਸ ਰਾਜ ਦੀ ਮੌਜੂਦਾ ਆਬਾਦੀ ਤਿੰਨ ਕਰੋੜ ਹੈ। ਭਾਵ ਮੌਜੂਦਾ ਹਾਲਤ ਵਿੱਚ ਹਰ ਪੰਜਾਬੀ ਅਸਿੱਧੇ ਤੌਰ ਉੱਤੇ 1 ਲੱਖ ਰੁਪਏ ਦਾ ਦੇਣਦਾਰ ਹੈ। ਵਿਚਾਰਯੋਗ ਹੈ ਕਿ ਅਜਿਹੀ ਅਵਿਵਸਥਾ ਵਿੱਚ ਮੁਫਤਖੋਰੀ ਦਾ ਵਾਧੂ ਭਾਰ ਕੌਣ ਅਤੇ ਕਿਵੇਂ ਸਹਿਣ ਕਰੇਗਾ? ਯਕੀਨੀ ਤੌਰ ਉੱਤੇ ਸਿਆਸੀ ਮੁਕਾਬਲੇਬਾਜ਼ੀ ਦੇ ਇਸ ਭਰਮਾਉਣੇ ਪੁੜਾਂ ਵਿੱਚਟੈਕਸ ਰਾਸ਼ੀ ਦੇ ਰਾਹੀਂ ਜਾਂ ਵਸਤੂ-ਕੀਮਤਾਂ ਵਿੱਚ ਹੋਏ ਬੇਹਤਾਸ਼ਾ ਵਾਧਾ ਅਦਾ ਕਰ ਕੇ ਆਮ ਲੋਕਾਂ ਨੂੰ ਹੀ ਪਿੱਸਣਾ ਹੋਵੇਗਾ।ਪੂਰੇ ਦੇਸ਼ ਉੱਤੇ 70 ਲੱਖ ਕਰੋੜ ਰੁਪਏ ਕਰਜ਼ਾ ਹੈ। ਅਜਿਹੇ ਵਿੱਚ ਜੇਕਰ ਸਰਕਾਰ ਮੁਫ਼ਤ ਸਹੂਲਤ ਦਿੰਦੀ ਹੈ ਤਾਂ ਕਰਜ਼ਾ ਹੋਰ ਵਧ ਹੋ ਜਾਵੇਗਾ। ਰਿੱਟਕਰਤਾ ਦਾ ਇਹ ਕਥਨ ਯਕੀਨਨ ਜਨਕੇਂਦਰਿਤ ਅਤੇ ਦੇਸ਼ ਹਿਤ ਨਾਲ ਜੁੜਿਆ ਗੰਭੀਰ ਮੁੱਦਾ ਹੈ। ਇਸ ਬਾਰੇ ਕੇਂਦਰ ਸਰਕਾਰ ਨੇ ਪੱਲਾ ਝਾੜਦੇ ਹੋਏ ਪੂਰੀ ਜ਼ਿੰਮੇਵਾਰੀ ਚੋਣ ਕਮਿਸ਼ਨ ਉੱਤੇ ਪਾ ਦਿੱਤੀਤਾਂ ਚੋਣ ਕਮਿਸ਼ਨ ਵੱਲੋਂ ਇਸ ਬਾਰੇ ਹੱਥ ਖੜ੍ਹੇ ਕਰ ਲੈਣੇ ਭਲਾ ਕਿਸ ਪੱਖ ਤੋਂ ਤਰਕਸੰਗਤ ਹੈ?

ਇਸ ਵਿੱਚ ਪ੍ਰਭਾਵਹੀਣ ਵੋਟਰ ਵੀ ਸਵਾਲੀਆ ਨਿਸ਼ਾਨ ਦੇ ਘੇਰੇ ਵਿੱਚ ਆਉਂਦੇ ਹਨ ਪਰ ਪ੍ਰਬੰਧਕੀ ਇਲਾਜ ਦੇ ਨਾਂ ਉੱਤੇ ਕੇਂਦਰ ਅਤੇ ਚੋਣ ਕਮਿਸ਼ਨ ਦੀ ਮਜ਼ਬੂਰੀ ਜਾਂ ਉਦਾਸੀਨਤਾ ਪ੍ਰਗਟਾਉਣ ਵਾਲਾ ਵਤੀਰਾ ਵੀ ਕਿਸੇ ਪੱਖੋਂ ਮੰਨਣਯੋਗ ਨਹੀਂ ਹੋ ਸਕਦਾ। ਕੀ ਲੋਕਤੰਤਰੀ ਚੋਣ ਪ੍ਰਕਿਰਿਆ ਦੀ ਆਤਮਿਕ ਸੁਚਿਤਾ ਨੂੰ ਬਣਾਈ ਰੱਖਣ ਲਈ ਨਿਯਮ-ਕਾਨੂੰਨ ਬਾਰੇ ਸਹੀ ਹੱਲ ਕੱਢਣਾ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਦੇ ਫਰਜ਼ ਨਿਭਾਉਣ ਵਿੱਚ ਨਹੀਂ ਆਉਂਦਾ? ਦੇਸ਼ ਹਿੱਤ ਦੇ ਬਾਰੇ ਪ੍ਰਤੀਬੱਧਤਾ ਤੇ ਲੋਕ ਭਲਾਈ ਲੋਕਤੰਤਰੀ ਚੋਣ ਪ੍ਰਣਾਲੀ ਦੇ ਮੂਲ ਆਧਾਰ ਹਨ, ਪਰ ਮੁਫਤਖੋਰੀ ਦੀ ਆੜ ਵਿੱਚ ਆਪਣੇ ਪੈਰ ਜਮਾਉਣੇ ਧੋਖਾਦੇਹੀ ਦੇ ਇਲਾਵ ਕੁਝ ਵੀ ਨਹੀਂ। ਬਿਨਾਂ ਸ਼ੱਕ ਧੋਖੇ ਦੇ ਇਸ ਅਪਰਾਧੀਕਰਨ ਵਿੱਚ ਉਹ ਵੋਟਰ ਦੀ ਭਾਈਵਾਲ ਹਨ, ਜੋ ਗੁਣਵੱਤਾ ਦੀ ਥਾਂ ਉੱਤੇ ਮੁਫਤਖੋਰੀ ਨੂੰ ਤਰਜੀਹ ਦਿੰਦੇ ਹਨ।

ਸਰਕਾਰਾਂ, ਸੰਸਥਾਵਾਂ, ਵੋਟਰਾਂ ਸਭ ਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਕਿਸੇ ਵੀ ਦੇਸ਼ ਦੀ ਤਰੱਕੀ, ਖੁਸ਼ਹਾਲੀ ਦੀ ਸੰਪਰਨਤਾ ਦਾ ਗੂੜ੍ਹਾ ਰਾਜ਼ ਮਿਹਨਤ ਵਿੱਚ ਛੁਪਿਆ ਹੁੰਦਾ ਹੈ। ਮੁਫਤਖੋਰੀ ਦੀ ਲਾਲਸਾ ਸਿਸਟਮ ਅਤੇ ਨਾਗਰਿਕਾਂ ਦੋਵਾਂ ਨੂੰ ਇੱਕ ਲਟਕਣ ਵਾਲੀ ਸਥਿਤੀ ਵੱਲ ਧੱਕਦੀ ਹੈ, ਕਿਉਂਕਿ ਵਿਹਲੜਪਣੇ ਦੀ ਸਿਉਂਕ ਕਰ-ਮਸ਼ੀਲਤਾ ਦੇ ਆਤਮ-ਸਨਮਾਨੀ ਭਾਵ ਨੂੰ ਅੰਦਰੋਂ-ਅੰਦਰੀ ਚਟਮ ਕਰ ਜਾਂਦੀ ਹੈ।

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਮੁਫਤ ਦੀਆਂ ਸੌਗਾਤਾਂ ਅਤੇ ਭਲਾਈ ਯੋਜਨਾਵਾਂ ਦੋ ਵੱਖਰੀਆਂ ਚੀਜ਼ਾਂ ਹਨ। ਲੋਕ ਭਲਾਈ ਯੋਜਨਾਵਾਂ ਯਕੀਨੀ ਤੌਰ ਉੱਤੇਦੇਸ਼ ਦੇ ਵਿਕਾਸ ਦੀਆਂ ਸੂਚਕ ਹਨ ਤਾਂ ਮੁਫ਼ਤਖੋਰੀ ਵਿਕਾਸ ਵਿੱਚ ਅਪੰਗਤਾ ਹੈ। ਇਸ ਬਾਰੇ ਗੁਆਂਢੀ ਸ਼੍ਰੀਲੰਕਾ ਦੀ ਭਖਦੀ ਮਿਸਾਲ ਸਾਡੇ ਸਾਹਮਣੇ ਹੈ। ਸਿੱਖਿਆ ਕਿਤੋਂ ਵੀ ਮਿਲੇ ਜ਼ਿੰਦਗੀ ਵਿੱਚ ਢਾਲਣੀ ਜ਼ਰੂਰੀ ਹੈ, ਨਹੀਂ ਤਾਂ ਸਮਾਜਿਕ ਪੱਖੋਂ ਗੁੱਸਾ ਜਾਂ ਘਾਟੇ ਦੇ ਇਲਾਵਾ ਹੋਰ ਕੋਈ ਬਦਲ ਨਹੀਂ ਬਚਦਾ। ਮੁਫ਼ਤ ਵਿੱਚ ਵੰਡੀਆਂ ਗਈਆਂ ਰਿਓੜੀਆਂ ਅਖੀਰ ਜਨਤਾ ਉੱਤੇ ਭਾਰੀ ਪੈਣਗੀਆਂ। ਇਸ ਲਈ ਮੌਜੂਦਾ ਹਾਲਾਤ ਦੇ ਇੱਕ ਨਿੱਜੀ, ਇੱਕ ਅਜਿਹੀ ਵਿਵਸਥਾ ਦਾ ਹੋਣਾ ਜ਼ਰੂਰੀ ਹੈ ਜਿਸ ਨਾਲ ਤਰਕਹੀਣ ਮੁਫਤਖੋਰੀ ਉੱਤੇ ਰੋਕ ਲੱਗ ਸਕੇ ਅਤੇ ਲੋਕਭਲਾਈ ਯੋਜਨਾਵਾਂ ਅਤੇ ਵਿੱਤ ਪ੍ਰਬੰਧਨ ਰਾਹੀਂ ਜ਼ਰੂਰੀ ਸੰਤੁਲਨ ਸੰਭਵ ਹੋ ਸਕੇ।

# ਭਾਲ ਇੱਕ ਮਜ਼ਬੂਤ ਨੇਤਾ ਦੀ ਜੋ ਮੋਦੀ ਨੂੰ ਚੁਣੌਤੀ ਦੇ ਸਕੇ



**ਕਲਿਆਣੀ ਸ਼ੰਕਰ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਅੱਠ ਸਾਲਾਂ ਵਿੱਚ ਆਪਣੇ ਆਪ ਨੂੰ ਇਸ ਹੱਦ ਤੱਕ ਆਪਣੀ ਪਾਰਟੀ ਤੇ ਇਸ ਤੋਂ ਬਾਹਰ ਬਹੁਤ ਮਜ਼ਬੂਤ ਕੀਤਾ ਹੈ ਕਿ ਉਨ੍ਹਾਂ ਦੀ ਪ੍ਰਸਿੱਧੀ ਕਾਰਨ ਕੋਈ ਵੀ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸੰਭਾਵੀ ਉਮੀਦਵਾਰ ਉਨ੍ਹਾਂ ਦੇ ਰਾਹ ਵਿੱਚ ਖੜਾ ਨਹੀਂਹੋ ਸਕਦਾ। ਨਰਿੰਦਰ ਮੋਦੀ 2024 ਵਿੱਚ ਆਪਣੇ ਤੀਜੇ ਕਾਰਜਕਾਲ ਲਈ ਤਿਆਰ ਹਨ। ਪਿਛਲੇ ਹਫਤੇ 'ਇੰਡੀਆ ਟੁਡੇ' ਅਤੇ ਸੀ-ਵੋਟਰ ਵੱਲੋਂ ਕਰਵਾਏ ਗਏ ਸਰਵੇ ਵਿੱਚ 53 ਫੀਸਦੀ ਲੋਕਾਂ ਨੇ ਅਗਲੇ ਪ੍ਰਧਾਨ ਮੰਤਰੀ ਵਜੋਂ ਮੁੜ ਕੇ ਨਰਿੰਦਰ ਮੋਦੀ ਨੂੰ ਆਪਣੀ ਪਸੰਦ ਦੱਸਿਆ ਹੈ।

2014 ਅਤੇ 2019 ਵਿੱਚ ਵਿਰੋਧੀ ਪਾਰਟੀਆਂ ਨਰਿੰਦਰ ਮੋਦੀ ਨੂੰ ਚੁਣੌਤੀ ਦੇਣ ਦੇ ਲਈ ਤਰਸਯੋਗ ਹਾਲਤ ਵਿੱਚ ਅਸਫਲ ਹੋਈਆਂ। ਪਿੱਛੇ ਜਿਹੇ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀ ਚੋਣ ਨੇ ਦਿਖਾ ਦਿੱਤਾ ਕਿ ਵਿਰੋਧੀ ਧਿਰ ਖਿੱਲਰੀ ਪਈ ਅਤੇ ਭਾਜਪਾ ਆਪਣੀ ਚੋਣ ਮਸ਼ੀਨਰੀ ਨਾਲ ਪੂਰੀ ਤਰ੍ਹਾਂ ਸਰਗਰਮ ਹੈ। ਅੱਜ ਲੋਕਾਂ ਦਾ ਧਿਆਨ 'ਮੋਦੀ ਬਨਾਮ ਕੌਣ' ਦੇ ਬਜਾਏ '2024 ਲਈ ਸਿਰਫ ਮੋਦੀ' ਉੱਤੇ ਟਿਕਿਆ ਹੈ। ਇਸ ਲਈ ਮੋਦੀ ਨੇ ਆਪਣੇ ਆਪ ਨੂੰ ਸਥਾਪਤ ਕੀਤਾ ਹੈ।

ਦਿਲਚਸਪ ਗੱਲ ਇਹ ਹੈ ਕਿ ਅੱਠ ਸਾਲ ਪਹਿਲਾਂ ਕੌਮੀ ਪਰਦੇ ਉੱਤੇਨਰਿੰਦਰ ਮੋਦੀ ਦੇ ਦਾਖਲੇ ਪਿੱਛੋਂ ਚੋਣ ਮੁਹਿੰਮ ਦਾ ਸਟਾਈਲ ਅਮਰੀਕੀ ਰਾਸ਼ਟਰਪਤੀ ਦੀ ਚੋਣ ਵਰਗਾ ਹੋ ਗਿਆ ਹੈ। ਇਹੀ ਕਾਰਨ ਹੈ ਕਿ 2024 ਦੀਆਂ ਆਮ ਚੋਣਾਂ ਬਾਰੇ ਬਹੁਤ ਜ਼ਿਆਦਾ ਗੱਲ ਕੀਤੀ ਜਾ ਰਹੀ ਹੈ, ਜਿਸ ਵਿੱਚ ਦੋ ਸਾਲ ਸਮਾਂ ਰਹਿੰਦਾ ਹੈ। ਅਗਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਤਾਕਤਾਂ ਜੋੜ-ਤੋੜ ਕਰ ਸਕਦੀਆਂ ਹਨ। ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਉੱਤੇ ਸਹਿਮਤੀਦਾ ਹੋਣਾ ਇੱਕ ਔਖਾ ਕੰਮ ਹੈ ਕਿਉਂਕਿ ਖੇਤਰੀ ਪਾਰਟੀਆਂ ਵੱਖ-ਵੱਖ ਦਿਸ਼ਾਵਾਂ ਵੱਲ ਅੱਗੇ ਵਧ ਰਹੀਆਂ ਅਤੇ ਆਪਣੀ-ਆਪਣੀ ਬੀਨ ਵਜਾ ਰਹੀਆਂ ਹਨ।ਨਰਿੰਦਰਮੋਦੀ ਉਹ ਸਿਆਸੀ ਆਗੂ ਸਨ, ਜਿਨ੍ਹਾਂ ਨੇ 2014 ਵਿੱਚ ਲੋਕਾਂ ਲਈ ਉਮੀਦ ਜਗਾਈ। ਸਾਲ 2019 ਵਿੱਚ ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਕੌਮੀ ਨੇਤਾ ਵਜੋਂ ਪੇਸ਼ ਕੀਤਾ ਅਤੇ 2024 ਲਈ ਖੁਦ ਨੂੰ ਲਾਂਚ



ਕਰ ਲਿਆ ਹੈ। ਮੋਦੀ ਭਾਰਤ ਦੇ ਸਭ ਤੋਂ ਪ੍ਰਸਿੱਧ ਨੇਤਾ ਬਣ ਗਏ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਿੱਛੇ ਜਿਹੇ ਭਾਜਪਾ ਦੀ ਕੌਮੀ ਕਾਰਜਕਾਰਨੀ ਦੀ ਬੈਠਕ ਵਿੱਚ ਐਲਾਨ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਐਨ ਡੀ ਏ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਹੋਣਗੇ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਜਿਨ੍ਹਾਂ ਨੇ ਆਪਣਾ ਦੂਸਰਾ ਕਾਰਜਕਲ ਜਿੱਤਿਆ ਹੈ, ਨੇ ਵੀ ਪਾਰਟੀ ਆਗੂਆਂ ਨੂੰ ਕਿਹਾ ਕਿ 2024 ਦੀਆਂ ਚੋਣਾਂ ਵਿੱਚ ਉਨ੍ਹਾਂ ਨੂੰ ਸੂਬੇ ਦੀਆਂ ਅੱਸੀ ਸੀਟਾਂ ਵਿੱਚੋਂ ਘੱਟੋ-ਘੱਟ 75 ਸੀਟਾਂ ਚਾਹੀਦੀਆਂ ਹਨ।

ਫਿਰ ਵੀ ਦੋ ਤਾਜ਼ਾ ਘਟਨਾਵਾਂ ਨੇ ਭਾਰਤੀ ਸਿਆਸਤ ਵਿੱਚ ਨਵੀਂ ਜਾਨ ਪਾ ਦਿੱਤੀ ਹੈ। ਪਹਿਲਾ ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਦਾ ਦੋ-ਫਾੜ ਹੋਣਾ ਤੇ ਭਾਜਪਾ ਦੀ ਹਮਾਇਤ ਨਾਲ ਬਾਗੀ ਨੇਤਾ ਸ਼ਿੰਦੇ ਗਰੁੱਪ ਵੱਲੋਂ ਸਰਕਾਰ ਬਣਾਉਣਾ। ਦੂਜਾ ਇਸ ਘਟਨਾ ਚੱਕਰ ਕੁਝ ਮੁੱਦਿਆਂ ਬਾਰੇ ਜਨਤਾ ਦਲ (ਯੂ) ਅਤੇ ਭਾਜਪਾ ਵਿੱਚ ਤਣਾਅ ਵਧਾਉਣਾ ਹੈ। ਇਸ ਵਿੱਚ ਜਾਤੀ ਮਰਦਮ ਸ਼ੁਮਾਰੀ, ਆਬਾਦੀ ਉੱਤੇ ਕੰਟਰੋਲ ਅਤੇ ਅਗਨੀਪੱਥ ਰੱਖਿਆ ਭਰਤੀ ਸਕੀਮ ਵਰਗੇ ਮੁੱਦੇ ਸ਼ਾਮਲ ਹਨ। ਮਹਾਰਾਸ਼ਟਰ ਅਤੇ ਬਿਹਾਰ ਨੇ ਲੋਕ ਸਭਾ ਦੀਆਂ ਕੁੱਲ 543 ਸੀਟਾਂ ਦਾ 6ਵੇਂ ਹਿੱਸੇ ਤੋਂ ਵੱਧ (88 ਸੀਟਾਂ) ਦੇਣੀਆਂ ਹਨ। ਇਹ ਭਾਜਪਾ ਅਤੇ ਵਿਰੋਧੀ ਧਿਰ ਦੋਵਾਂ ਲਈ ਅਹਿਮ ਹਨ। ਕਾਂਗਰਸੀ ਨੇਤਾ ਰਾਹੁਲ ਗਾਂਧੀ ਅਤੇ ਤ੍ਰਿਣਮੂਲ ਕਾਂਗਰਸ ਦੀ ਮਮਤਾ ਬੈਨਰਜੀ ਤੋਂ ਇਲਾਵਾ ਦੇਸ਼ ਵਿੱਚ ਘੱਟੋ-ਘੱਟ ਚਾਰ ਆਗੂ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਹਨ। 2011 ਵਿੱਚ ਕਾਂਗਰਸ ਤੇ ਖੱਬੇ ਪੱਖੀ ਪਾਰਟੀਆਂ ਨੂੰ ਸਿਫਰ ਕਰਨ ਪਿੱਛੋਂ ਮਮਤਾ ਬੈਨਰਜੀ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਖੁਦ ਨੂੰ ਦਾਅਵੇਦਾਰ ਮੰਨਦੀ ਹੈ। ਟੀ ਐਮ ਸੀ ਦੀ ਦਲੀਲ ਹੈ ਕਿ ਇਸ ਅਹੁਦੇ ਲਈ ਮਮਤਾ ਇੱਕੋ ਇੱਕ ਢੁਕਵੀਂ ਉਮੀਦਵਾਰ ਹੈ। 2011 ਤੋਂ ਲੈ ਕੇ ਪੱਛਮੀ ਬੰਗਾਲ ਵਿੱਚ ਉਨ੍ਹਾਂ ਨੇ ਅੱਜ ਤੱਕ ਸਭ ਵਿਧਾਨ ਸਭਾ ਚੋਣਾਂ ਜਿੱਤੀਆਂ ਹਨ। ਤੇਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵੱਡੇ ਆਲੋਚਕ ਹਨ। 2018 ਤੋਂ ਹੀ ਰਾਓ ਕੌਮੀ ਦ੍ਰਿਸ਼ ਉੱਤੇ ਆਉਣ ਦੀ ਤਿਆਰੀ ਵਿੱਚ ਰਹੇ ਹਨ। 2014 ਤੋਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਤ੍ਰਿਣਮੂਲ ਕਾਂਗਰਸ ਅਤੇ ਤੇਲੰਗਾਨਾ ਰਾਸ਼ਟਰੀ ਸਮਿਤੀ ਨੇ ਬਹੁਤ ਵੱਡੀ ਜਿੱਤ ਹਾਸਲ ਕੀਤੀ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਇਸ ਦੌੜ ਵਿੱਚ ਤੀਜੇ ਆਗੂ ਹਨ। 2015 ਤੋਂ ਕੇਜਰੀਵਾਲ ਦਿੱਲੀ ਦੇ ਮੁੱਖ ਮੰਤਰੀ ਬਣੇ ਹੋਏ ਹਨ। ਦਿੱਲੀ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਹਨ। 2022 ਵਿੱਚ ਪੰਜਾਬ ਦੀਆਂ ਚੋਣਾਂ ਜਿੱਤਣ ਪਿੱਛੋਂ ਆਮ ਆਦਮੀ ਪਾਰਟੀ ਦੇ ਬੁਲਾਰੇ ਰਾਘਵ ਚੱਢਾ ਨੇ ਕਿਹਾ ਹੈ ਕਿ ਕੇਜਰੀਵਾਲ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਹੋ ਸਕਦੇ ਹਨ।ਚੌਥੇ ਨੰਬਰ ਉੱਤੇ ਇਸ ਅਹੁਦੇ ਲਈ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਨਾਂਅ ਆਉਂਦਾ ਹੈ, ਜੋ ਐਨ ਡੀ ਏ ਗੱਠਜੋੜ ਤੋਂ ਵੱਖ ਹੋਣ ਪਿੱਛੋਂ ਸੂਬੇ ਦੇ 8ਵੀਂ ਵਾਰ ਮੁੱਖ ਮੰਤਰੀ ਬਣੇ ਹਨ। ਇਸ ਵਾਰ ਉਹ ਰਾਸ਼ਟਰੀ ਜਨਤਾ ਦਲ ਦੀ ਹਮਾਇਤ ਨਾਲ ਇਸ ਥਾਂ ਪੁੱਜੇ ਹਨ।ਆਜ਼ਾਦੀ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਬਿਹਾਰ ਨੇ ਕੇਂਦਰ ਦੀ ਕੌਮੀ ਸਿਆਸਤ ਵਿੱਚ ਕੇਂਦਰ ਬਿੰਦੂ ਵਾਂਗ ਕੰਮ ਕੀਤਾ ਹੈ। ਇਸ ਸੂਬੇ ਦੀਆਂ ਲੋਕ ਸਭਾ ਵਿੱਚ ਚਾਲੀ ਸੀਟਾਂ ਹਨ। 2019 ਤੋਂ ਬਾਅਦ ਭਾਜਪਾ ਨਾਲੋਂ ਸ਼ਿਵ ਸੈਨਾ ਅਤੇ ਅਕਾਲੀ ਦਲ ਦੇ ਵੱਖ ਹੋਣ ਪਿੱਛੋਂ ਜਨਤਾ ਦਲ (ਯੂ) ਐਨ ਡੀ ਏ ਗੱਠਜੋੜ ਦਾ ਚੌਥਾ ਪ੍ਰਮੁੱਖ ਸਹਿਯੋਗੀ ਦਲ ਬਣਿਆ ਸੀ। ਸਹੁੰ ਚੁੱਕਣ ਪਿੱਛੋਂ ਨਿਤੀਸ਼ ਕੁਮਾਰ ਨੇ ਨਰਿੰਦਰ ਮੋਦੀ ਬਾਰੇ ਕਿਹਾ ਕਿ ਜਿਹੜੇ ਵਿਅਕਤੀ 2014 ਵਿੱਚ ਸੱਤਾ ਵਿੱਚ ਆਏ ਸਨ, ਕੀ ਉਹ 2024 ਵਿੱਚ ਜੇਤੂ ਹੋਣਗੇ? ਮੈਂ ਸਭ ਵਿਰੋਧੀ ਪਾਰਟੀਆਂ ਦੀ 2024 ਲਈ ਏਕਤਾ ਦੀ ਕਾਮਨਾ ਕਰਦਾ ਹਾਂ।2015 ਵਿੱਚ ਨਿਤੀਸ਼ ਕੁਮਾਰ ਦਾ ਸਿਤਾਰਾ ਵਧੇਰੇ ਬੁਲੰਦ ਸੀ। ਉਦੋਂ ਵਿਰੋਧੀ ਧਿਰ ਨੇ ਬਿਹਾਰ ਵਿੱਚ ਭਾਜਪਾ ਨੂੰ ਹਰਾਇਆ ਅਤੇ ਨਿਤੀਸ਼ ਕੁਮਾਰ ਸੂਬੇ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਮਹਾਗੱਠਜੋੜ ਨੂੰ ਛੱਡਿਆ ਅਤੇ ਭਾਜਪਾ ਨਾਲ ਹੱਥ ਮਿਲਾ ਲਿਆ। ਉਨ੍ਹਾਂ ਨੂੰ ਮੌਕਾਪ੍ਰਸਤ ਆਗੂ ਕਿਹਾ ਜਾਂਦਾ ਹੈ, ਪਰ ਹਿੰਦੀ ਬੈਲਟ ਵਿੱਚ ਉਨ੍ਹਾਂ ਨੂੰ ਸੀਨੀਅਰ ਆਗੂ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਸਾਧਾਰਨ ਨਹੀਂ ਸਮਝਣਾ ਚਾਹੀਦਾ। ਕਿਸੇ ਤਰ੍ਹਾਂ ਦੀ ਵੀ ਭਵਿੱਖਬਾਣੀ ਕਰਨੀ ਸੌਖੀ ਨਹੀਂ ਹੋਵੇਗੀ ਕਿ ਅਗਲੇ ਦੋ ਸਾਲਾਂ ਵਿੱਚ ਕੀ ਕੁਝ ਹੋਵੇਗਾ। ਵਿਰੋਧੀ ਧਿਰ ਨੂੰ ਇੱਕ ਨੇਤਾ ਦੀ ਭਾਲ ਹੈ, ਜੋ ਮੋਦੀ ਨੂੰ ਚੁਣੌਤੀ ਦੇ ਸਕੇ। ਜਿੰਨੀ ਜਲਦੀ ਹੋ ਸਕੇ, ਵਿਰੋਧੀ ਧਿਰ ਇਕਮੁੱਠ ਹੋ ਜਾਏ ਤਾਂ ਇਹੀ ਚੰਗਾ ਹੋਵੇਗਾ। ਲੋਕ ਰਾਜ ਦੀ ਵੀ ਇਹੀ ਮੰਗ ਹੈ ਕਿ ਵਿਰੋਧੀ ਧਿਰ ਨੂੰ ਵੀ ਮਜ਼ਬੂਤ ਹੋਣਾ ਚਾਹੀਦਾ ਹੈ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
IRS e-file
CTEC California Tax Education Council Registered Tax Preparer

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਜੀ20 ਸੰਮੇਲਨ ’ਤੇ ਸੰਕਟ ਦਾ ਪਰਛਾਵਾਂ

(ਸਫਾ 14 ਦੀ ਬਾਕੀ)

ਇਸ ਪ੍ਰਸੰਗ ਵਿਚ ਜੀ20 ਦੇ ਬਾਲੀ ਸਿਖਰ ਸੰਮੇਲਨ ਮੌਕੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਹੋਈ ਮੁਲਾਕਾਤ ਪ੍ਰਤੀ ਕਾਫ਼ੀ ਦਿਲਚਸਪੀ ਦੇਖਣ ਨੂੰ ਮਿਲੀ; ਹਾਲਾਂਕਿ ਤਿੰਨ ਘੰਟੇ ਦੀ ਇਸ ਮੀਟਿੰਗ ਦਾ ਕੋਈ ਅਹਿਮ ਸਿੱਟਾ ਸਾਹਮਣੇ ਨਹੀਂ ਆਇਆ ਪਰ ਇਸ ਨਾਲ ਸੰਕਟਾਂ ਦੀ ਮਾਰ ਝੱਲ ਰਹੀ ਦੁਨੀਆ ਨੂੰ ਇਹ ਦਰਸਾਉਣ ਦਾ ਮੌਕਾ ਮਿਲ ਗਿਆ ਕਿ ਅਮਰੀਕੀ-ਚੀਨੀ ਰਾਬਤੇ ਵਿਚ ਭਾਵੇਂ ਕਿੰਨੀ ਵੀ ਕੁੜੱਤਣ ਅਤੇ ਤਣਾ-ਤਣੀ ਬਣੀ ਹੋਵੇ ਪਰ ਇਹ ਭੰਗ ਬਿਲਕੁੱਲ ਨਹੀਂ ਹੋਇਆ।

ਇਕ ਪਾਸੇ ਅਮਰੀਕਾ-ਚੀਨ ਅਤੇ ਦੂਜੇ ਪਾਸੇ ਚੀਨ-ਰੂਸੀ ਦੁਵੱਲੇ ਸਬੰਧ, ਖ਼ਾਸਕਰ ਜਿਸ ਚੌਖਟੇ ਵਿਚ ਇਨ੍ਹਾਂ ਦਾ ਉਭਾਰ ਹੋਇਆ ਹੈ, ਨਵੀਂ ਦਿੱਲੀ ਦੇ ਤੌਖਲਿਆਂ ਨੂੰ ਸ਼ਾਂਤ ਕਰਨ ਅਤੇ ਆਪਣੀਆਂ ਖਾਹਿਸ਼ਾਂ ਨੂੰ ਸਾਕਾਰ ਕਰਨ ਦੇ ਲਿਹਾਜ਼ ਤੋਂ ਭਾਰਤ ਲਈ ਬਹੁਤ ਪ੍ਰਸੰਗਕ ਹਨ। ਗਲਵਾਨ ਘਾਟੀ ਵਿਚ ਹੋਏ ਟਕਰਾਅ ਤੋਂ ਬਾਅਦ ਚੀਨ ਪ੍ਰਤੀ ਭਾਰਤ ਦੀ ਬੇਚੈਨੀ ਸਪੱਸ਼ਟ ਨਜ਼ਰ ਆਉਂਦੀ ਹੈ ਹਾਲਾਂਕਿ ਮੋਦੀ ਸਰਕਾਰ ਜ਼ਾਹਰਾ ਤੌਰ ’ਤੇ ਇਸ ਨੂੰ ਜ਼ਬਾਨ ਦੇਣ ਤੋਂ ਝਿਜਕਦੀ ਆ ਰਹੀ ਹੈ। ਬਾਲੀ ਸੰਮੇਲਨ ਤੋਂ ਬਾਅਦ ਅਮਰੀਕਾ-ਚੀਨ ਦੁਵੱਲੇ ਸਬੰਧਾਂ ਵਿਚ ਕਿਸੇ ਵੀ ਤਰ੍ਹਾਂ ਦੇ ਨਾਟਕੀ ਸੁਧਾਰ ਜਾਂ ਵਿਗਾੜ ਨਾਲ ਵਿਵਾਦਤ ਖੇਤਰਾਂ ’ਤੇ ਚੀਨ ਦੇ ਦਾਅਵਿਆਂ ਮੁਤੱਲਕ ਸ਼ੀ ਜਿਨਪਿੰਗ ਦੇ ਏਜੰਡੇ ਨਾਲ ਸਿੱਝਣ ਦੇ ਨਵੀਂ ਦਿੱਲੀ ਦੇ ਬਦਲਾਂ ’ਤੇ ਅਸਰ ਪਵੇਗਾ। ਜੇ ਭਾਰਤ ਚੀਨ ਨਾਲ ਆਪਣੇ ਲੰਮੇ ਖੇਤਰੀ ਵਿਵਾਦ ਵਿਚ ਫਸਿਆ ਰਹਿੰਦਾ ਹੈ ਤਾਂ ਕੀ ਇਹ ਜੀ20 ਦੀ ਆਪਣੀ ਸਾਰਥਕ ਤੇ ਨਤੀਜਾ ਮੁਖੀ ਪ੍ਰਧਾਨਗੀ ਦੀ ਤਵੱਕੋ ਕਰ ਸਕਦਾ ਹੈ?

ਯੂਕਰੇਨ ਜੰਗ ਦਾ ਅੰਤਿਮ ਨਤੀਜਾ ਹੀ ਇਹ ਤੈਅ ਕਰੇਗਾ ਕਿ ਇਸ ਲੰਮੇ ਸੰਘਰਸ਼ ਤੋਂ ਬਾਅਦ ਕਿਸ ਕਿਸਮ ਦਾ ਰੂਸ ਉਭਰ ਕੇ ਸਾਹਮਣੇ ਆਵੇਗਾ ਅਤੇ ਫ਼ੌਜੀ ਸਾਜ਼ੋ-ਸਾਮਾਨ ਮੁਹੱਈਆ ਕਰਵਾਉਣ ਤੇ ਆਲਮੀ ਮੰਚ ’ਤੇ ਦੋਸਤਾਨਾ ਸਿਆਸੀ-ਕੂਟਨੀਤਕ ਸਾਲਸ ਵਜੋਂ ਇਹ ਕਿਸ ਹੱਦ ਤੱਕ ਭਾਰਤ ਦੇ ਭਰੋਸੇਮੰਦ ਭਿਆਲ ਦੀ ਭੂਮਿਕਾ ਨਿਭਾਉਂਦਾ ਹੈ। ਭਾਰਤ ਪਹਿਲੀ ਦਸੰਬਰ ਨੂੰ ਜਦੋਂ ਜੀ20 ਦਾ ਜ਼ਿੰਮਾ ਸੰਭਾਲੇਗਾ ਤਾਂ 17 ਨਵੰਬਰ 1962 ਦਾ ਚੇਤਾ ਕਰਨਾ ਵੀ ਜ਼ਰੂਰੀ ਹੈ ਜਦੋਂ ਦਿੱਲੀ ਨੂੰ ਚੀਨ ਨਾਲ ਨਜਿੱਠਦਿਆਂ ਆਪਣੀ ਕੌਮੀ ਸੁਰੱਖਿਆ ਦੇ ਨਿਘਾਰ ਦਾ ਸਾਹਮਣਾ ਕਰਨਾ ਪਿਆ ਸੀ। ਇਹ ਗੱਲ ਠੀਕ ਹੈ ਕਿ ਭਾਰਤ ਕੋਲ ਮੁੱਲਵਾਨ ਆਲਮੀ ਭੂਮਿਕਾ ਨਿਭਾਉਣ ਦਾ ਪਿਛੋਕਾ ਅਤੇ ਸਮਰੱਥਾ ਮੌਜੂਦ ਹੈ ਪਰ ਇਸ ਲਈ ਆਪਣੇ ਮੂਲ ਕੌਮੀ ਹਿੱਤਾਂ ਨੂੰ ਹਰਗਿਜ਼ ਦਾਅ ’ਤੇ ਨਹੀਂ ਲਾਇਆ ਜਾ ਸਕਦਾ।

# ਬਹੁਤ ਦਿਲਚਸਪ ਹੈ ਸਮੋਸੇ ਦਾ ਇਤਿਹਾਸ



ਸ਼ਾਇਦ ਹੀ ਕਿਸੇ ਨੂੰ ਸੁਆਦੀ, ਕਰਿਸਪੀ ਅਤੇ ਸੁਆਦੀ ਸਮੋਸੇ ਪਸੰਦ ਨਾ ਹੋਣ। ਭਾਰਤ ਵਿੱਚ ਇਸਨੂੰ ਹਰ ਖੇਤਰ ਵਿੱਚ ਗਰਮ ਚਾਹ ਨਾਲ ਖਾਧਾ ਜਾਂਦਾ ਹੈ। ਸਮੋਸਾ ਸਦੀਆਂ ਤੋਂ ਸਾਡੇ ਪਕਵਾਨ ਦਾ ਹਿੱਸਾ ਰਿਹਾ ਹੈ। ਕਿਸੇ ਵੀ ਤਰ੍ਹਾਂ ਦਾ ਜਸ਼ਨ, ਵਿਸ਼ੇਸ਼ ਮੌਕੇ ਇਸ ਤੋਂ ਬਿਨਾਂ ਅਧੂਰਾ ਹੈ। ਇਹ ਆਮ ਤੌਰ 'ਤੇ ਕੁਝ ਮਸਾਲਿਆਂ ਨਾਲ ਮਿਲਾਏ ਗਏ ਆਲੂਆਂ ਨਾਲ ਭਰੀ ਜਾਂਦੀ ਹੈ ਅਤੇ ਫਿਰ ਡੂੰਘੇ ਤਲੇ ਹੋਏ ਹੁੰਦੇ ਹਨ। ਬਰਸਾਤ ਜਾਂ ਸਰਦੀ ਦੇ ਮੌਸਮ 'ਚ ਗਰਮਾ-ਗਰਮ ਸਮੋਸੇ ਖਾ ਕੇ ਹਰ ਕਿਸੇ ਦਾ ਦਿਲ ਖੁਸ਼ ਹੋ ਜਾਂਦਾ ਹੈ। ਜੇਕਰ ਤੁਸੀਂ ਵੀ ਸਮੋਸੇ ਦੇ ਸ਼ੌਕੀਨ ਹੋ, ਤਾਂ ਆਓ ਜਾਣਦੇ ਹਾਂ ਇਸ ਬਾਰੇ ਕੁਝ ਅਜਿਹੀਆਂ ਗੱਲਾਂ ਜੋ ਤੁਹਾਨੂੰ ਹੈਰਾਨ ਕਰ ਦੇਣਗੀਆਂ!

**ਸਮੋਸਾ ਭਾਰਤੀ ਪਕਵਾਨ ਨਹੀਂ**

ਹਾਂ, ਤੁਸੀਂ ਸਹੀ ਪੜ੍ਹਿਆ ਹੈ, ਸਮੋਸਾ ਅਸਲ ਵਿੱਚ ਭਾਰਤ ਦਾ ਉਤਪਾਦ ਨਹੀਂ ਹੈ। ਇਹ ਪੜ੍ਹ ਕੇ ਤੁਸੀਂ ਜ਼ਰੂਰ ਨਿਰਾਸ਼ ਹੋਏ ਹੋਵੋਗੇ ਪਰ ਤੁਹਾਨੂੰ ਦੱਸ ਦੇਈਏ ਕਿ ਤੁਹਾਡੇ ਮਨਪਸੰਦ ਸਮੋਸੇ ਦੀਆਂ ਜੜ੍ਹਾਂ 10ਵੀਂ ਸਦੀ ਤੋਂ ਮਿਲਦੀਆਂ ਹਨ, ਜਿੱਥੇ ਇਸ ਨੂੰ 'ਸਮਸਾ' ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਜੋ ਈਰਾਨ, ਮੱਧ ਪੂਰਬ ਖੇਤਰ 'ਚ ਕਾਫੀ ਮਸ਼ਹੂਰ ਸੀ। ਉਸ ਸਮੇਂ ਇਹ ਮੀਟ ਭਰ ਕੇ ਬਣਾਇਆ ਜਾਂਦਾ ਹੈ। ਇਸ ਦਾ ਵਿਅੰਜਨ ਮਿਸਰ, ਲੀਬੀਆ, ਏਸ਼ੀਆ ਤੱਕ ਪਹੁੰਚਿਆ, ਜਿੱਥੇ ਇਸਦਾ ਨਾਮ ਸਨਬੁਸਾਕ, ਸਨਬੁਸਾਕ ਅਤੇ ਸਨਬੁਸਾਜ ਰੱਖਿਆ ਗਿਆ। ਮਾਹਿਰਾਂ ਦਾ ਮੰਨਣਾ ਹੈ ਕਿ ਸਮੋਸੇ ਦੀ ਰੈਸਿਪੀ ਮੁਗਲਾਂ ਕੋਲ ਦਿੱਲੀ ਪਹੁੰਚੀ ਅਤੇ ਹੌਲੀ-ਹੌਲੀ ਇਸ ਵਿਚ ਬਦਲਾਅ ਕੀਤੇ ਗਏ।

**ਸਮੋਸਾ ਸਿਰਫ਼ ਸ਼ਾਹੀ ਪਰਿਵਾਰਾਂ ਲਈ ਸੀ**

ਪ੍ਰਾਚੀਨ ਕਹਾਣੀਆਂ ਦੇ ਅਨੁਸਾਰ, 13ਵੀਂ ਸਦੀ ਦੌਰਾਨ, ਸਮੋਸੇ ਸਿਰਫ ਸ਼ਾਹੀ ਪਰਿਵਾਰਾਂ ਅਤੇ ਅਰਬ ਅਤੇ ਮੱਧ ਪੂਰਬੀ ਦੇਸ਼ਾਂ ਦੇ ਉੱਚ ਵਰਗ ਲਈ ਰਾਖਵੇਂ ਸਨ। ਇਹ ਪਕਵਾਨ ਵਿਸ਼ੇਸ਼ ਮੌਕਿਆਂ 'ਤੇ ਤਿਆਰ ਕੀਤਾ ਜਾਂਦਾ ਸੀ ਅਤੇ ਇਸਨੂੰ ਸ਼ਾਹੀ ਪਰਿਵਾਰਾਂ ਦੀ ਵਿਰਾਸਤ ਮੰਨਿਆ ਜਾਂਦਾ ਸੀ।

**ਸਮੋਸਾ ਕਦੇ ਵੀ ਸ਼ਾਕਾਹਾਰੀ ਨਹੀਂ**

ਬਚਪਨ ਤੋਂ ਹੀ ਅਸੀਂ ਆਲੂ, ਮਟਰ, ਪਨੀਰ ਨੂੰ ਸਮੋਸੇ ਵਿੱਚ ਭਰਦੇ ਦੇਖਿਆ ਹੈ ਪਰ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਸਮੋਸੇ ਅਸਲ ਵਿੱਚ ਮੀਟ, ਮੇਵੇ, ਪਿਸਤਾ, ਮਸਾਲੇ ਅਤੇ ਦਵਾਈਆਂ ਨਾਲ ਬਣਾਏ ਜਾਂਦੇ ਹਨ। ਜਿਸ ਨੂੰ ਫਿਰ ਡੂੰਘੇ ਤਲੇ ਅਤੇ ਚਟਨੀ ਦੇ ਨਾਲ ਖਾਧਾ ਜਾਂਦਾ ਸੀ।

**ਕਿਉਂ ਹੈ ਇਹ ਇਸ ਤਰ੍ਹਾਂ ਦਾ ਆਕਾਰ**

ਕੀ ਤੁਸੀਂ ਕਦੇ ਸੋਚਿਆ ਹੈ ਕਿ ਇਹ ਇਸ ਤਰ੍ਹਾਂ ਦਾ ਆਕਾਰ ਕਿਉਂ ਹੈ? ਇਹ ਮੰਨਿਆ ਜਾਂਦਾ ਹੈ ਕਿ ਇਸ ਪ੍ਰਸਿੱਧ ਸਨੈਕ ਦੀ ਸ਼ਕਲ ਪਿਰਾਮਿਡਾਂ ਵਰਗੀ ਹੈ। ਇਹੀ ਕਾਰਨ ਹੈ ਕਿ ਇਸ ਦਾ ਨਾਂ ਸਾਮਸਾ ਰੱਖਿਆ ਗਿਆ, ਜੋ ਸਿੱਧੇ ਤੌਰ 'ਤੇ ਮਿਸਰ ਦੇ ਪਿਰਾਮਿਡਾਂ ਨਾਲ ਸਬੰਧਤ ਹੈ।

**ਸਮੋਸੇ ਦੇ ਸ਼ੌਕੀਨ ਪੂਰੀ ਦੁਨੀਆ 'ਚ**

ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਸਿਰਫ ਸਮੋਸੇ ਦੇ ਪ੍ਰਸ਼ੰਸਕ ਹੋ ਤਾਂ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਪੂਰੀ ਦੁਨੀਆ ਵਿੱਚ ਇੰਨਾ ਮਸ਼ਹੂਰ ਹੈ ਕਿ ਇਸ ਨੂੰ ਸਮਰਪਿਤ ਇੱਕ ਖਾਸ ਦਿਨ ਹੈ। ਵਿਸ਼ਵ ਸਮੋਸਾ ਦਿਵਸ ਹਰ ਸਾਲ 5 ਸਤੰਬਰ ਨੂੰ ਮਨਾਇਆ ਜਾਂਦਾ ਹੈ ਤਾਂ ਜੋ ਹਰ ਕੋਈ ਇਸ ਸ਼ਾਨਦਾਰ ਸਨੈਕ ਬਾਰੇ ਜਾਣ ਸਕੇ ਅਤੇ ਇਸਦਾ ਆਨੰਦ ਲੈ ਸਕੇ।

# ਭਾਰਤੀ ਅਰਥਚਾਰੇ ਪ੍ਰਤੀ ਆਸ਼ਾ ਤੇ ਨਿਰਾਸ਼ਾ ਦੇ ਪਸਾਰ

(ਸਫਾ 10 ਦੀ ਬਾਕੀ)

‘ਤੇ ਕਾਬੂ ਪਾਉਣ ‘ਤੇ ਲੱਗਿਆ ਹੋਇਆ ਹੈ ਤੇ ਚਲੰਤ ਖਾਤਾ ਘਾਟੇ ਨਾਲ ਸਿੱਝਣ ਲਈ ਪੂੰਜੀ ਦੀ ਆਮਦ ਤੇ ਵਿਦੇਸ਼ੀ ਮੁਦਰਾ ਭੰਡਾਰ ਦੀ ਮਾਤਰਾ ਚੋਖੀ ਬਣੀ ਹੋਈ ਹੈ। ਦੂਜੇ ਬੰਨੇ, ਅਜਿਹੇ ਸਮੇਂ ਜਦੋਂ ਪਿਛਲੇ ਕਰੀਬ ਇਕ ਦਹਾਕੇ ਤੋਂ ਬਰਤਾਨੀਆ ਦੇ ਗ਼ਲਤ ਕਦਮਾਂ ਕਰ ਕੇ ਇਸ ਦੇ ਜੀਵਨ ਦੇ ਮਿਆਰ ਡਿੱਗ ਰਹੇ ਹਨ ਤੇ ਕਈ ਤਕਲੀਫ਼ਦੇਹ ਵਿਕਲਪਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ, ਚੀਨ ਦਾ ਆਰਥਿਕ ਵਿਕਾਸ ਵੀ ਆਲਮੀ ਔਸਤ ਤੋਂ ਹੇਠਾਂ ਜਾ ਸਕਦਾ ਹੈ ਅਤੇ ਅਮਰੀਕਾ ਆਪਣੀ ਸਿਆਸੀ ਉਲਝਣ ਤਾਣੀ ਵਿਚ ਫਸਿਆ ਹੋਇਆ ਹੈ, ਤਾਂ ਪੱਛਮ ਦੇ ਪ੍ਰਮੁੱਖ ਅਰਥਚਾਰਿਆਂ ‘ਤੇ ਮੰਦੀ ਦੇ ਬੱਦਲ ਸੰਘਣੇ ਹੁੰਦੇ ਜਾ ਰਹੇ ਹਨ।

ਘਰੋਗੀ ਤੌਰ ‘ਤੇ ਸਰਕਾਰ ਲਗਾਤਾਰ ਨਵੀਆਂ ਪਹਿਲਕਦਮੀਆਂ ਲੈਣ ਵਿਚ ਰੁੱਝੀ ਹੋਈ ਹੈ, ਦੇਸ਼ ਨੂੰ ਨਿਰਮਾਣ ਦੀ ਧੁਰੀ ਬਣਾਉਣ ਲਈ ਪ੍ਰੇਰਕ ਦਿੱਤੇ ਜਾ ਰਹੇ ਹਨ ਅਤੇ ਟ੍ਰਾਂਸਪੋਰਟ ਤੇ ਦੂਰਸੰਚਾਰ ਬੁਨਿਆਦੀ ਢਾਂਚੇ ਵਿਚ ਬੇਮਿਸਾਲ ਨਿਵੇਸ਼ ਹੋ ਰਿਹਾ ਹੈ। ਕੌਮਾਂਤਰੀ ਮੰਚ ‘ਤੇ ਇਸ ਦੀ ਕਾਰਗੁਜ਼ਾਰੀ ਨਾਲ ਇਹੋ ਜਿਹੇ ਬੱਝਵੇਂ ਉਪਰਾਲਿਆਂ ਨੂੰ ਬਲ ਮਿਲਿਆ ਹੈ।

ਯੂਕਰੇਨ ਸੰਕਟ ਮੁਤੱਲਕ ਢੁਕਵਾਂ ਰੁਖ਼ ਅਪਣਾਇਆ ਗਿਆ, ਜਲਵਾਯੂ ਤਬਦੀਲੀ ਨਾਲ ਸਿੱਝਣ ਲਈ ਆਪਣੀ ਖੇਡ ਵਿਚ ਲਗਾਤਾਰ ਸੁਧਾਰ ਲਿਆਂਦਾ ਗਿਆ ਅਤੇ ਪਿਛਲੇ ਹਫ਼ਤੇ ਹੋਏ ਜੀ-20 ਸਿਖਰ ਸੰਮੇਲਨ ਮੌਕੇ ਇਸ ਵਲੋਂ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ ਗਈ ਹੈ। ਇਸ ਤੋਂ ਮਹਿਸੂਸ ਹੁੰਦਾ ਹੈ ਕਿ ਦੇਸ਼ ਨੂੰ ਪਤਾ ਹੈ ਕਿ ਉਹ ਕੀ ਕਰ ਰਿਹਾ ਹੈ ਜਦਕਿ ਕੁਝ ਅਮੀਰ ਦੇਸ਼ਾਂ ਨੂੰ ਇਸ ਦੀ ਘਾਟ ਰੜਕ ਰਹੀ ਹੈ।

ਤਾਂ ਫਿਰ ਕੀ ਕਾਰਨ ਹੈ ਕਿ ਬਹੁਤ ਸਾਰੇ ਸਮੀਖਿਅਕਾਂ ਲਈ ਵਰਤਮਾਨ ਹਾਲਾਤ ਬਾਰੇ ਆਸ਼ਾਵਾਦ ਦੀ ਨਿਗਾਹ ਬਹੁਤੀ ਦੂਰ ਤੱਕ ਨਹੀਂ ਜਾਂਦੀ? ਆਮ ਤੌਰ ‘ਤੇ ਇਹ ਭਖਵੇਂ ਮੁੱਦਿਆਂ ਦੀ ਮਾਰ ਹੇਠ ਹੈ ਜਿਨ੍ਹਾਂ ’ਚੋਂ ਸਭ ਤੋਂ ਅਹਿਮ ਹੈ ਢਾਂਚਾਗਤ ਬੇਰੁਜ਼ਗਾਰੀ ਦੀ ਸਮੱਸਿਆ, ਜਿਸ ‘ਤੇ ਕਾਬੂ ਪਾਉਣਾ ਬਹੁਤ ਮੁਸ਼ਕਲ ਹੈ ਅਤੇ ਜੋ ਸਮਾਜਕ ਬਦਅਮਨੀ ਦਾ ਮੂਲ ਕਾਰਨ ਵੀ ਬਣੀ ਹੋਈ ਹੈ। ਇਸ ਦੇ ਨਾਲ ਹੀ ਸਿੱਖਿਆ ਤੇ ਸਿਹਤ ਸੰਭਾਲ ਦੀ ਮਾੜੀ ਦਸ਼ਾ ਅਤੇ ਕੁਪੋਸ਼ਣ ਦੀ ਘਾਟ ਜਿਹੀਆਂ ਸਮੱਸਿਆਵਾਂ ਵੀ ਮੌਜੂਦ ਹਨ, ਜਿਨ੍ਹਾਂ ਕਰ ਕੇ ਬੱਚਿਆਂ ਦਾ ਸਹੀ ਵਾਧਾ ਨਹੀਂ ਹੋ ਪਾਉਂਦਾ, ਜਿਨ੍ਹਾਂ ਨੇ ਭਵਿੱਖ ਦੀ ਕਿਰਤ ਸ਼ਕਤੀ ਦਾ ਰੂਪ ਧਾਰਨ ਕਰਨਾ ਹੁੰਦਾ ਹੈ।

ਇਹ ਜਾਣਨ ਲਈ ਕਿਸੇ ਗਹਿਰੇ ਅਧਿਐਨ ਦੀ ਲੋੜ ਨਹੀਂ ਹੈ ਕਿ ਇਸ ਕਿਸਮ ਦੇ ਪਿਛਾਂਹਖਿੱਚੂ ਕਾਰਕਾਂ ਦੇ ਹੁੰਦਿਆਂ ਦੇਸ਼ ਤਰੱਕੀ ਦੀ ਆਪਣੀ ਰਫ਼ਤਾਰ ਨੂੰ ਬਰਕਰਾਰ ਰੱਖਣ ਜਾਂ ਇਸ ਵਿਚ ਹੋਰ ਸੁਧਾਰ ਲਿਆਉਣ ਦੀ ਉਮੀਦ ਨਹੀਂ ਕਰ ਸਕਦਾ।

ਇਨ੍ਹਾਂ ਤੋਂ ਇਲਾਵਾ ਕੁਝ ਅਜਿਹੇ ਮੁੱਦਿਆਂ ਦਾ ਇਕ ਤੀਜਾ ਸਮੂਹ ਵੀ ਹੈ ਜੋ ਪਾਇਲਟ ਦੀ ਗ਼ਲਤੀ ਨੂੰ ਰੋਕਣ ਲਈ ਬਣੇ ਸਿਸਟਮ ਵਿਚਲੇ ਸੁਰੱਖਿਆ ਉਪਬੰਧਾਂ ਦੀ ਸੀਮਤ ਜਿਹੀ ਕੜੀ ਨਾਲ ਜੁੜੇ ਹੋਏ ਹਨ।

ਇਸ ਕਿਸਮ ਦੇ ਮੁੱਦਿਆਂ ਬਾਬਤ ਦੀਰਘਕਾਲੀ ਨਿਰਾਸ਼ਾਵਾਦ ਦੇ ਸਮੀਖਿਅਕਾਂ ਦੇ ਤੌਖਲਿਆਂ ਨੂੰ ਉਨ੍ਹਾਂ ਲੋਕਾਂ ਵਲੋਂ ਦਰਕਿਨਾਰ ਕਰ ਦਿੱਤਾ ਜਾਂਦਾ ਹੈ ਜੋ ਸਰਕਾਰ ਦੇ ਸਿਆਸੀ ਤੇ ਸਮਾਜਕ ਟੀਚਿਆਂ ਨਾਲ ਜੁੜੇ ਹੋਏ ਹਨ। ਇਹ ਲੋਕ ਇਸ ਗੱਲੋਂ ਬਹੁਤ ਉਤਸ਼ਾਹਿਤ ਹਨ ਕਿ ਇਹ ਭਾਰਤ ਦਾ ਦਹਾਕਾ ਹੈ ਕਿਉਂਕਿ ਚਲੰਤ ਚੜ੍ਹਤ ‘ਤੇ ਅਸਰਅੰਦਾਜ਼ ਹੋਣ ਵਾਲੇ ਕਾਰਕ ਆਰਜ਼ੀ ਨਹੀਂ ਤੇ ਇਸ ਕਰ ਕੇ ਪ੍ਰਤੀ ਜੀਅ ਆਮਦਨ ਪੱਖੋਂ ਦਰਮਿਆਨੀ ਆਮਦਨ ਵਾਲਾ ਦਰਜਾ (ਮੌਜੂਦਾ 2400 ਡਾਲਰ ਦੇ ਮੁਕਾਬਲੇ 4000 ਤੋਂ ਜ਼ਿਆਦਾ ਪ੍ਰਤੀ ਜੀਅ ਆਮਦਨ) ਪਹੁੰਚ ਵਿਚ ਜਾਪਦਾ ਹੈ। ਉਂਝ, ਇਹ ਗੱਲ ਵੀ ਉਂਨੀ ਹੀ ਸੱਚ ਹੈ ਕਿ ਬਿਹਤਰ ਸੰਤੁਲਨ ਤੇ ਰਫ਼ਤਾਰ ਹਾਸਲ ਕਰਨ ਲਈ ਸਿਸਟਮ ਦੇ ਕੰਟਰੋਲਾਂ ’ਚ ਭਰਵਾਂ ਸੁਧਾਰ ਕਰਨਾ ਪੈਣਾ ਹੈ। ਜੇ ਇੰਝ ਨਾ ਕੀਤਾ ਗਿਆ ਤਾਂ ਸਿਸਟਮ ਦਾ ਬੋਝ ਵਧ ਜਾਵੇਗਾ ਅਤੇ ਅਜਿਹੀ ਉਥਲ-ਪੁਥਲ ਪੈਦਾ ਹੋਵੇਗੀ ਜਿਸ ਦਾ ਕਿਆਸ ਨਹੀਂ ਲਾਇਆ ਜਾ ਸਕਦਾ।

# ਅਮ੍ਰਿਤਪਾਲ ਸਿੰਘ ਦੀ ਖਾਲਸਾ ਵਹੀਰ ਯਾਤਰਾ ਦੀ ਕੀ ਹੈ ਜ਼ਮੀਨੀ ਅਸਲੀਅਤ

(ਸਫਾ 7 ਦੀ ਬਾਕੀ)

**ਖ਼ਾਲਸਾ ਵਹੀਰ ਦੀ ਰੂਪ ਰੇਖਾ**

ਯਾਤਰਾ ਵਿੱਚ ਸਭ ਤੋਂ ਪਹਿਲਾਂ ਨਿਹੰਗ ਸਿੰਘ ਘੋੜਿਆਂ ਉੱਤੇ ਸਵਾਰ ਹੋ ਕੇ ਚ਼ਲਦੇ ਹਨ, ਇਸ ਤੋਂ ਬਾਅਦ ਇੱਕ ਬੱਸ ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਸਸ਼ੋਭਿਤ ਹਨ, ਉਹ ਚਲਦੀ ਹੈ। ਗੁਰੂ ਗ੍ਰੰਥ ਸਾਹਿਬ ਵਾਲੀ ਬੱਸ ਦੇ ਠੀਕ ਪਿੱਛੇ ਅਮ੍ਰਿਤਪਾਲ ਸਿੰਘ ਦੀ ਗੱਡੀ ਚੱਲਦੀ ਹੈ। ਇਸ ਗੱਡੀ ਦੇ ਦੋਵੇਂ ਪਾਸੇ ਹਥਿਆਰਾਂ ਨਾਲ ਲੈਸ ਨੌਜਵਾਨ ਲਟਕੇ ਹੋਏ ਦੇਖੇ ਜਾ ਸਕਦੇ ਹਨ। ਅਮ੍ਰਿਤਪਾਲ ਸਿੰਘ ਗੱਡੀ ਦੀ ਛੱਤ ਖ਼ੋਲ ਕੇ ਬਾਹਰ ਹੱਥ ਜੋੜ ਕੇ ਖੜੇ ਹੋ ਕੇ ਲੋਕਾਂ ਨਾਲ ਸੰਪਰਕ ਬਣਾਉਂਦੇ ਹਨ ਤੇ ਥੋੜੀ ਦੇਰ ਬਾਅਦ ਉਹ ਮੁੜ ਗੱਡੀ ਵਿੱਚ ਬੈਠ ਜਾਂਦੇ ਹਨ। ਕਈ ਥਾਵਾਂ ਉੱਤੇ ਅਮ੍ਰਿਤਪਾਲ ਸਿੰਘ ਆਪਣੀ ਗੱਡੀ ਤੋਂ ਉੱਤਰ ਕੇ ਪਾਲਕੀ ਸਾਹਿਬ ਵਾਲੀ ਗੱਡੀ ਦੇ ਪਿੱਛੇ ਪੈਦਲ ਚੱਲਣਾ ਸ਼ੁਰੂ ਕਰ ਦਿੰਦੇ ਹਨ। ਪਰ ਇਸ ਦੌਰਾਨ ਹਥਿਆਰਬੰਦ ਨੌਜਵਾਨ ਆਮ ਲੋਕਾਂ ਨੂੰ ਉਨ੍ਹਾਂ ਤੋਂ ਦੂਰ ਰੱਖਦੇ ਹਨ।

ਰਸਤੇ ਵਿੱਚ ਆਸ ਪਾਸ ਦੇ ਲੋਕ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੁੰਦੇ ਹਨ। ਹਾਲਾਂਕਿ ਅਮ੍ਰਿਤਪਾਲ ਸਿੰਘ ਨੇ ਯਾਤਰਾ ਬਾਰੇ ਦਾਅਵਾ ਕੀਤਾ ਹੈ ਕਿ ਇਸ ਵਿੱਚ ਸਾਰੇ ਧਰਮਾਂ ਦੇ ਲੋਕ ਸ਼ਾਮਲ ਹੋਣ। ਪਰ ਇਸ ਯਾਤਰਾ ਦੇ ਪਹਿਲੇ ਦੋ ਦਿਨ ਸਿੱਖ ਧਰਮ ਨਾਲ ਸਬੰਧਿਤ ਲੋਕ ਵਧੇਰੇ ਨਜ਼ਰ ਆਏ। ਯਾਤਰਾ ਵਿੱਚ ਸ਼ਾਮਲ ਨੌਜਵਾਨ ਵਿੱਚ-ਵਿੱਚ ਖ਼ਾਲਿਸਤਾਨ ਦੇ ਹੱਕ ਵਿੱਚ ਨਾਅਰੇਬਾਜ਼ੀ ਵੀ ਕਰਦੇ ਹਨ। ਪਹਿਲੇ ਦਿਨ ਦੇ ਪੜਾਅ ਤੋਂ ਬਾਅਦ ਯਾਤਰਾ ਦਾ ਦੂਜਾ ਦਿਨ ਸ਼ੁਰੂ ਹੁੰਦਾ ਹੈ ਦੁਪਹਿਰ ਕਰੀਬ ਡੇਢ ਵਜੇ। ਇਸ ਦੌਰਾਨ ਜੰਡਿਆਲਾ ਗੁਰੂ ਤੋਂ ਜਦੋਂ ਯਾਤਰਾ ਨਿਕਲਦੀ ਹੈ ਅਤੇ ਅਮ੍ਰਿਤਪਾਲ ਸਿੰਘ ਕੁਝ ਸਮਾਂ ਪਾਲਕੀ ਦੇ ਪਿੱਛੇ ਪੈਦਲ ਚੱਲਦੇ ਹਨ ਅਤੇ ਕੁਝ ਸਮੇਂ ਬਾਅਦ ਉਹ ਆਪਣੀ ਗੱਡੀ ਉੱਤੇ ਸਵਾਰ ਹੋ ਜਾਂਦੇ ਹਨ। ਯਾਤਰਾ ਦਾ ਦੂਜਾ ਦਿਨ ਦਾ ਪੜਾਅ ਡੱਡੂਆਣਾ ਵਿਖੇ ਹੈ। ਇਹ ਯਾਤਰਾ ਮਹਿਤਾ ਚੌਂਕ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸੁਲਤਾਨਪੁਰ ਲੋਧੀ, ਕਪੂਰਥਲਾ, ਜਲੰਧਰ, ਫਗਵਾੜਾ, ਨਵਾਂ ਸ਼ਹਿਰ ਹੁੰਦੀ ਹੋਈ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਸਮਾਪਤ ਹੋਵੇਗੀ। 'ਵਾਰਿਸ ਪੰਜਾਬ ਦੇ' ਦੇ ਪ੍ਰਧਾਨ ਅਮ੍ਰਿਤਪਾਲ ਸਿੰਘ ਮੁਤਾਬਕ ਆਨੰਦਪੁਰ ਸਾਹਿਬ ਤੋਂ ਖ਼ਾਲਸਾ ਵਹੀਰ ਦਾ ਅਗਲਾ ਰੂਟ ਦਮਦਮਾ ਸਾਹਿਬ ਹੋਵੇਗਾ। ਯਾਤਰਾ ਉੱਤੇ ਪੰਜਾਬ ਪੁਲਿਸ ਦੀ ਨਜ਼ਰ ਵੀ ਹੈ। ਪੁਲਿਸ ਦੀ ਇੱਕ ਗੱਡੀ ਯਾਤਰਾ ਦੇ ਨਾਲ ਨਾਲ ਚੱਲਦੀ ਦੇਖੀ ਜਾ ਸਕਦੀ ਹੈ।

**ਆਮ ਲੋਕਾਂ ਦੀ ਖ਼ਾਲਸਾ ਵਹੀਰ ਬਾਰੇ ਰਾਇ**

ਜੰਡਿਆਲਾ ਗੁਰੂ ਦੇ ਮੁੱਖ ਹਾਈਵੇ ਉੱਤੇ 50 ਸਾਲ ਦੀ ਦਵਿੰਦਰ ਕੌਰ ਆਪਣੇ ਪੁੱਤਰ ਦਾ ਇੰਤਜ਼ਾਰ ਕਰ ਰਹੀ ਸੀ। ਇੰਨੇ ਵਿੱਚ ਯਾਤਰਾ ਦਾ ਕਾਫ਼ਲਾ ਉੱਥੇ ਆਉਂਦਾ ਹੈ ਤਾਂ ਉਹ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੁੰਦੇ ਹਨ। ਉਹ ਕੋਲ ਖੜੇ ਇੱਕ ਨੌਜਵਾਨ ਨੂੰ ਯਾਤਰਾ ਬਾਰੇ ਪੁੱਛਦੇ ਹਨ ਜੋ ਅਮ੍ਰਿਤਪਾਲ ਸਿੰਘ ਵੱਲੋਂ ਕੱਢੀ ਇਸ ਵਹੀਰ ਬਾਰੇ ਜਾਣਕਾਰੀ ਦਿੰਦਾ ਹੈ। ਦਵਿੰਦਰ ਕੌਰ ਥੋੜੀ ਦੇਰ ਚੁੱਪ ਰਹਿਣ ਤੋਂ ਬਾਅਦ ਕਹਿੰਦੇ ਹਨ, “ਪਤਾ ਨਹੀਂ ਇੱਥੇ ਕਿੰਨੇ ਅਮ੍ਰਿਤਪਾਲ ਆਏ ਅਤੇ ਚਲੇ ਗਏ।” ਉਹ ਕਹਿੰਦੇ ਹਨ, “ਮੈਂ ਇਸ ਦੀਆਂ ਵੀਡੀਓ ਇੰਟਰਨੈੱਟ ਉੱਤੇ ਦੇਖੀਆਂ ਸਨ ਪਰ ਮੈਨੂੰ ਇਹ ਪਸੰਦ ਨਹੀਂ ਕਿਉਂਕਿ ਇਹ ਹਥਿਆਰਾਂ ਦੀ ਗੱਲ ਕਰਦਾ ਹੈ, ਪੰਜਾਬ ਸਭ ਦਾ ਸਾਂਝਾ ਹੈ ਇਹ ਕਿਸੇ ਇੱਕ ਧਰਮ ਨਾਲ ਸਬੰਧਿਤ ਲੋਕਾਂ ਦੀ ਨਹੀਂ।” ਉਹ ਕਹਿੰਦੇ ਹਨ ਕਿ ਜੇਕਰ ਧਰਮ ਪ੍ਰਚਾਰ ਕਰਨਾ ਹੈ ਤਾਂ ਉਹ ਠੀਕ ਹੈ ਪਰ ਨਫ਼ਰਤ ਪੈਦਾ ਕਰਨੀ ਠੀਕ ਨਹੀਂ ਹੈ।

**ਹਥਿਆਰ ਦਾ ਪ੍ਰਚਾਰ**

ਅੰਮ੍ਰਿਤਸਰ ਦੇ ਰਹਿਣ ਵਾਲੇ ਮੁਨੀਸ਼ ਕੋਹਲੀ ਆਖਦੇ ਹਨ ਕਿ ਜੇਕਰ ਅਮ੍ਰਿਤਪਾਲ ਸਿੰਘ ਧਰਮ ਪ੍ਰਚਾਰ ਦਾ ਕੰਮ ਕਰ ਰਿਹਾ ਹੈ ਤਾਂ ਉਹ ਠੀਕ ਹੈ ਪਰ ਜੇਕਰ ਉਹ ਹਿੰਸਾ ਦੀ ਗੱਲ ਕਰੇਗਾ ਤਾਂ ਉਹ ਗ਼ਲਤ ਹੈ ਅਤੇ ਅਸੀਂ ਇਸ ਦੇ ਖ਼ਿਲਾਫ਼ ਹਾਂ। ਅਮ੍ਰਿਤਪਾਲ ਸਿੰਘ ਦੇ ਸਾਥੀਆਂ ਵੱਲੋਂ ਹਥਿਆਰਾਂ ਦੇ ਪ੍ਰਦਰਸ਼ਨ ਕਰਨ ਨੂੰ ਵੀ ਮੁਨੀਸ਼ ਜਾਇਜ਼ ਨਹੀਂ ਮੰਨਦੇ। ਪੇਸ਼ੇ ਤੋਂ ਵਕੀਲ ਮੁਨੀਸ਼ ਕੋਹਲੀ ਕਹਿੰਦੇ ਹਨ, “ਸਰਕਾਰ ਨੂੰ ਹਥਿਆਰਾਂ ਨੂੰ ਲੈ ਕੇ ਸਖ਼ਤੀ ਕਰਨੀ ਚਾਹੀਦੀ ਹੈ। ਸੋਸ਼ਲ ਮੀਡੀਆ ਉੱਤੇ ਗੱਲਾਂ ਨੂੰ ਵਧਾ ਚੜ੍ਹਾ ਕੇ ਦੱਸਿਆ ਜਾਂਦਾ ਹੈ ਜਦੋਂਕਿ ਹਕੀਕਤ ਵਿੱਚ ਅਜਿਹਾ ਕੁਝ ਵੀ ਨਹੀਂ ਹੁੰਦਾ।”

ਰਾਕੇਸ਼ ਕੁਮਾਰ ਆਖਦੇ ਹਨ ਕਿ ਭੜਕਾਊ ਭਾਸ਼ਣ ਦੇਣੇ ਸਹੀ ਨਹੀਂ। ਸਰਕਾਰਾਂ ਇਨ੍ਹਾਂ ਉੱਤੇ ਕੋਈ ਕਾਰਵਾਈ ਨਹੀਂ ਕਰਦੀਆਂ ਇਸ ਕਰ ਕੇ ਇਹ ਸਰਕਾਰਾਂ ਦੀ ਸ਼ੈਅ ਉੱਤੇ ਹੀ ਬੋਲਦੇ ਹਨ। ਆਮ ਬੰਦੇ ਨੂੰ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹੇ ਭੜਕਾਊ ਬਿਆਨ ਦੇਣ ਵਾਲੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਿਤ ਕਿਉਂ ਨਾ ਹੋਵੇ, ਕਿਉਂਕਿ ਪੰਜਾਬ ਦਾ ਮਾਹੌਲ ਇਸ ਨਾਲ ਖ਼ਰਾਬ ਹੋ ਰਿਹਾ ਹੈ। ਉਹ ਕਹਿੰਦੇ ਹਨ, “ਸਿੱਖੀ ਦਾ ਪ੍ਰਚਾਰ ਕਰਨਾ ਜਾਇਜ਼ ਹੈ ਪਰ ਲੋਕਾਂ ਨੂੰ ਭੜਕਾਉਣਾ ਸਹੀ ਨਹੀਂ।” ਰਾਕੇਸ਼ ਕੁਮਾਰ ਕਹਿੰਦੇ ਹਨ ਕਿ ਲੋਕਤੰਤਰ ਵਿੱਚ ਬੋਲਣ ਦਾ ਅਧਿਕਾਰ ਸਭ ਨੂੰ ਹੈ ਪਰ ਸ਼ਰੇਆਮ ਹਥਿਆਰ ਚੁੱਕ ਕੇ ਫਿਰਨਾ ਠੀਕ ਨਹੀਂ ਹੈ। ਪਟਿਆਲਾ ਤੋਂ ਖ਼ਾਲਸਾ ਵਹੀਰ ਵਿੱਚ ਸ਼ਾਮਲ ਹੋਣ ਲਈ ਆਏ ਨੌਜਵਾਨ ਪਰਮਿੰਦਰਬੀਰ ਸਿੰਘ ਸਿੰਘ ਆਖਦੇ ਹਨ “ਕਿ ਸਾਨੂੰ ਖ਼ਾਲਿਸਤਾਨ ਨਹੀਂ ਖ਼ਾਲਸਾ ਰਾਜ ਚਾਹੀਦਾ ਹੈ ਜਿਸ ਵਿੱਚ ਹਰ ਧਰਮ ਅਤੇ ਵਰਗ ਦਾ ਸਨਮਾਨ ਹੋਵੇ”।

**ਵਿਰਸੇ ਨਾਲ ਜੁੜਨ ਦੀ ਆਸ**

ਇੱਕ ਨੌਜਵਾਨ ਪਰਮਿੰਦਰਬੀਰ ਸਿੰਘ ਕਹਿੰਦੇ ਹਨ, “ਅਮ੍ਰਿਤਪਾਲ ਸਿੰਘ ਨੌਜਵਾਨਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਕੰਮ ਕਰ ਰਹੇ ਹਨ, ਉਹ ਠੀਕ ਹੈ।” “ਰਾਜਨੀਤਿਕ ਲੋਕ ਉਨ੍ਹਾਂ ਬਾਰੇ ਗ਼ਲਤ ਪ੍ਰਚਾਰ ਕਰ ਰਹੇ ਹਨ ਫ਼ਿਲਹਾਲ ਤਾਂ ਸਾਨੂੰ ਇਹ ਠੀਕ ਲੱਗਦਾ ਹੈ ਅੱਗੇ ਬਾਰੇ ਅਸੀਂ ਕੁਝ ਨਹੀਂ ਕਹਿ ਸਕਦੇ।” ਨੌਜਵਾਨ ਦਿਲਪ੍ਰੀਤ ਸਿੰਘ ਆਖਦੇ ਹਨ ਪੰਜਾਬ ਬਰਬਾਦੀ ਵੱਲ ਵੱਧ ਰਿਹਾ ਹੈ, ਨੌਜਵਾਨ ਵਰਗ ਨਸ਼ੇ ਵਿੱਚ ਫ਼ਸਦਾ ਜਾ ਰਿਹਾ ਹੈ। ਉਹ ਆਖਦੇ ਹਨ ਕਿ ਅਮ੍ਰਿਤਪਾਲ ਸਿੰਘ ਨੌਜਵਾਨਾਂ ਨੂੰ ਚੰਗੇ ਰਸਤੇ ਉੱਤੇ ਲਿਆਉਣ ਦਾ ਕੰਮ ਕਰ ਰਿਹਾ ਹੈ ਇਸ ਕਰ ਕੇ ਉਹ ਇਸ ਯਾਤਰਾ ਵਿੱਚ ਸ਼ਾਮਲ ਹੋਏ ਹਨ। ਮਨਦੀਪ ਸਿੰਘ ਦੇ ਵਾਲ ਕੱਟੇ ਹੋਏ ਹਨ ਪਰ ਉਹ ਆਖਦਾ ਹੈ ਕਿ ਉਸ ਉੱਤੇ ਅਮ੍ਰਿਤਪਾਲ ਸਿੰਘ ਦੇ ਵਿਚਾਰਾਂ ਦਾ ਪ੍ਰਭਾਵ ਹੈ ਅਤੇ ਉਹ ਅੰਮ੍ਰਿਤ ਛੱਕਣਗੇ। ਉਨ੍ਹਾਂ ਆਖਿਆ ਕਿ ਨੌਜਵਾਨ ਅੰਮ੍ਰਿਤ ਪਾਣ ਕਰ ਕੇ ਜਦੋਂ ਸਿੰਘ ਸੱਜ ਗਏ ਤਾਂ ਫਿਰ ਇਕੱਠੇ ਹੋ ਕੇ ਸਰਕਾਰ ਤੋਂ ਆਪਣੇ ਹੱਕ ਮੰਗ ਸਕਣਗੇ।

# ਕੈਨੇਡਾ 2025 ਤੱਕ 15 ਲੱਖ ਪਰਵਾਸੀਆਂ ਨੂੰ ਕਿਉਂ ਸੱਦਣਾ ਚਾਹੁੰਦਾ ਹੈ

(ਸਫਾ 6 ਦੀ ਬਾਕੀ)

ਸਮਾਜਿਕ ਸੇਵਾਵਾਂ 'ਤੇ ਪ੍ਰਭਾਵ ਪੈਣ ਦੀ ਚਿੰਤਾ ਹੈ। 49 ਫ਼ੀਸਦੀ ਲੋਕਾਂ ਨੂੰ ਸਰਕਾਰ ਵੱਲੋਂ ਐਲਾਨਿਆਂ ਟੀਚਾ ਬਹੁਤ ਜ਼ਿਆਦਾ ਲੱਗਿਆ ਅਤੇ 31 ਫ਼ੀਸਦੀ ਲੋਕਾਂ ਨੂੰ ਇਹ ਅੰਕੜਾ ਸਹੀ ਲੱਗਿਆ।

### ਕੈਨੇਡਾ ਦਾ ਤਰੀਕਾ ਕੀ ਹੈ

ਇੱਕ ਹੋਰ ਤਰੀਕਾ ਜੋ ਕੈਨੇਡਾ ਨੂੰ ਪੱਛਮੀ ਸੰਸਾਰ ਤੋਂ ਅਨੋਖਾ ਬਣਾਉਂਦਾ ਹੈ, ਉਹ ਹੈ ਇਸ ਦਾ ਆਰਥਿਕ ਪਰਵਾਸ 'ਤੇ ਜ਼ੋਰ। ਕੈਨੇਡਾ ਦੇ ਕਰੀਬ ਅੱਧੇ ਪੀਆਰਜ਼ ਦਾ ਸੁਆਗਤ ਉਨ੍ਹਾਂ ਦੇ ਹੁਨਰ ਕਾਰਨ ਹੋਇਆ ਹੈ ਨਾ ਕਿ ਪਰਿਵਾਰਕ ਏਕਾਕਰਨ ਕਰਕੇ। ਸਾਲ 2025 ਤੱਕ ਸਰਕਾਰ ਇਸ ਨੂੰ 60 ਫ਼ੀਸਦੀ ਤੱਕ ਪਹੁੰਚਾਉਣ ਦੀ ਉਮੀਦ ਕਰ ਰਹੀ ਹੈ। ਕੈਮਰਨ ਨੇ ਕਿਹਾ ਕਿ ਕੈਨੇਡਾ ਦਾ ਢਾਂਚਾ ਹੀ ਕੁਝ ਇਸ ਤਰ੍ਹਾਂ ਡਿਜ਼ਾਇਨ ਹੋਣ ਕਾਰਨ ਅਜਿਹਾ ਹੋ ਸਕਿਆ ਹੈ। ਸਾਲ 1960 ਵਿੱਚ ਕੈਨੇਡਾ ਨੇ ਵੱਖ-ਵੱਖ ਦੇਸਾਂ ਦੇ ਤੈਅ ਕੀਤੇ ਕੋਟੇ ਨੂੰ ਹਟਾ ਦਿੱਤਾ ਸੀ ਅਤੇ ਪੁਆਇੰਟ ਸਿਸਟਮ ਲਿਆਂਦਾ ਸੀ। ਇਸ ਰਾਹੀਂ ਉਸ ਹੁਨਰਮੰਦ ਪਰਵਾਸੀ ਨੂੰ ਪਹਿਲ ਦਿੱਤੀ ਜਾਂਦੀ ਸੀ ਜੋ ਕੈਨੇਡਾ ਦੀ ਆਰਥਿਕਤਾ ਵਿੱਚ ਯੋਗਦਾਨ ਪਾ ਸਕੇ। ਕੈਮਰਨ ਨੇ ਕਿਹਾ, "ਉਸੇ ਤਰ੍ਹਾਂ ਦਾ ਸਿਧਾਂਤ ਅੱਜ ਵੀ ਰਹਿਨੁਮਾਈ ਕਰ ਰਿਹਾ ਹੈ।" ਆਲਮੀਂ ਤੌਰ 'ਤੇ ਇਹ ਅਨੋਖਾ ਹੈ, ਹਾਲਾਂਕਿ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਵੀ ਅਜਿਹਾ ਹੀ ਢਾਂਚਾ ਹੈ। ਯੂਕੇ ਵਿੱਚ ਚਾਰ ਵਿੱਚੋਂ ਇੱਕ



ਪਰਵਾਸੀ ਆਰਥਿਕ ਧਾਰਾ ਤਹਿਤ ਲਿਆ ਜਾਂਦਾ ਹੈ। ਯੂਐਸ ਵਿੱਚ 20 ਫ਼ੀਸਦੀ ਗਰੀਨ ਕਾਰਡ ਆਰਥਿਕ ਕਾਰਨਾਂ ਕਰਕੇ ਜਾਰੀ ਕੀਤੇ ਜਾਂਦੇ ਹਨ। ਦੋਹਾਂ ਦੇਸ਼ਾਂ ਨੇ ਸੰਕੇਤ ਦਿੱਤੇ ਹਨ ਕਿ ਉਹ ਆਰਥਿਕ ਪੱਧਰ 'ਤੇ ਪਰਵਾਸੀਆਂ ਦੀ ਗਿਣਤੀ ਵਧਣ ਦੀ ਉਮੀਦ ਕਰਦੇ ਹਨ। ਪਰ ਦੋਹਾਂ ਦੇਸ਼ਾਂ ਲਈ ਵੱਡਾ ਫਰਕ ਇਹ ਹੈ ਕਿ ਅਜਿਹੇ ਜ਼ਿਆਦਤਰ ਪਰਵਾਸੀਆਂ ਨੂੰ ਉਨ੍ਹਾਂ ਨੂੰ ਨੌਕਰੀ ਦੇਣ ਵਾਲਿਆਂ ਵੱਲੋਂ ਪ੍ਰਯੋਜਿਤ ਕੀਤਾ ਗਿਆ ਹੋਵੇ। ਉਧਰ ਯੂਕੇ ਹਾਲ ਹੀ ਵਿੱਚ ਪੁਆਇੰਟ-ਸਿਸਟਮ ਵੱਲ ਸ਼ਿਫ਼ਟ ਹੋਇਆ ਹੈ। ਸੰਪਸ਼ਨ ਨੇ ਕਿਹਾ ਕਿ ਅਸਲ ਵਿੱਚ ਇਹ ਪੁਰਾਣੇ ਸਿਸਟਮ ਵਰਗਾ ਹੀ ਰਹੇਗਾ ਜਿਸ ਵਿੱਚ ਉਨ੍ਹਾਂ ਪਰਵਾਸੀਆਂ ਨੂੰ ਪਹਿਲ ਦਿੱਤੀ ਜਾਂਦੀ ਸੀ ਜਿਨ੍ਹਾਂ ਕੋਲ ਇੱਥੋਂ ਨੌਕਰੀ ਦਾ ਪ੍ਰਸਤਾਅ ਹੁੰਦਾ ਸੀ।

### ਕੀ ਕੈਨੇਡਾ ਆਪਣਾ ਟੀਚਾ ਪੂਰਾ ਕਰ ਸਕਦਾ ਹੈ?

ਕੈਨੇਡਾ ਸਿਰਫ਼ ਹੋਰ ਵੱਡੇ ਦੇਸਾਂ ਦੇ ਮੁਕਾਬਲੇ ਵੱਧ ਆਰਥਿਕ-ਸ਼੍ਰੇਣੀ ਵਾਲੇ ਪਰਵਾਸੀਆਂ ਨੂੰ ਹੀ ਨਹੀਂ ਲੈ ਰਿਹਾ, ਬਲਕਿ ਰਫ਼ਿਊਜੀ ਪੁਨਰਵਾਸ ਵਿੱਚ ਵੀ ਸਭ ਤੋਂ ਉਤਲੇ ਦੇਸ਼ਾਂ ਵਿੱਚੋਂ ਹੈ। ਸਾਲ 2021 ਵਿੱਚ 20,428 ਰਫ਼ਿਊਜੀਆਂ ਦਾ ਸੁਆਗਤ ਕੀਤਾ ਸੀ। ਪਰ ਜਿਵੇਂ ਦੇਸ਼ ਨੇ ਭਵਿੱਖ ਲਈ ਅਭਿਲਾਸ਼ੀ ਟੀਚਾ ਮਿਥਿਆ ਹੈ, ਇਤਿਹਾਸ ਗਵਾਹ ਹੈ ਕਿ ਪਹਿਲਾਂ ਕਦੇ ਇਹ ਟੀਚਾ ਪੂਰੀ ਤਰ੍ਹਾਂ ਹਾਸਿਲ ਨਹੀਂ ਕੀਤਾ ਜਾ ਸਕਿਆ ਹੈ। ਸਾਲ 2021 ਵਿੱਚ ਕੈਨੇਡਾ ਨੇ 59,000 ਰਫ਼ਿਊਜੀਆਂ ਦੇ ਪੁਨਰਵਾਸ ਦਾ ਟੀਚਾ ਮਿਥਿਆ ਸੀ। ਪਰ ਇਸ ਦਾ ਤੀਜਾ ਹਿੱਸਾ ਰਫ਼ਿਊਜੀਆਂ ਦਾ ਪੁਨਰਵਾਸ ਹੋ ਸਕਿਆ ਸੀ। ਸੀਬੀਸੀ ਨਾਲ ਇੰਟਰਵਿਊ ਵਿੱਚ, ਇਮੀਗਰੇਸ਼ਨ ਮੰਤਰੀ ਸੇਨ ਫਰੇਜ਼ਰ ਨੇ ਕਿਹਾ ਕਿ ਇਹ ਅੰਤਰ ਕੋਵਿਡ ਕਾਰਨ ਕੈਨੇਡਾ ਅਤੇ ਦੇਸ਼ ਭਰ ਵਿੱਚ ਬਾਰਡਰ ਬੰਦ ਰਹਿਣ ਕਾਰਨ ਰਿਹਾ। ਸਾਲ 2023 ਤੱਕ ਕੈਨੇਡਾ ਦਾ ਟੀਚਾ 76 ਹਜ਼ਾਰ ਰਫ਼ਿਊਜੀਆਂ ਨੂੰ ਪੁਨਰਵਾਸ ਕਰਵਾਉਣ ਦਾ ਹੈ।

# 8 ਅਰਬ ਆਬਾਦੀ ਇਸ ਦੁਨੀਆਂ ਦੀ ਵੱਡੀ ਚੁਣੌਤੀ

(ਸਫਾ 5 ਦੀ ਬਾਕੀ)

ਸਰਮਾਏਦਾਰ ਦੇਸ਼ਾਂ ਅਤੇ ਇਨ੍ਹਾਂ ਦੇ ਅਜੋਕੇ ਆਕਾਵਾਂ ਭਾਵ ਕਾਰਪੋਰੇਟ ਘਰਾਣਿਆਂ ਨੂੰ ਇਸ ਬਾਰੇ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ। ਵਾਤਾਵਰਨ ਅੰਦਰ ਮਾਰੂ ਤਬਦੀਲੀਆਂ ਦੇ ਕਹਿਰ ਤੋਂ ਕੋਈ ਨਹੀਂ ਬਚ ਸਕੇਗਾ। ਇਸ ਸਾਲ ਅਸਾਂ ਪਾਕਿਸਤਾਨ ਦੀ ਹੜ੍ਹਾਂ ਨਾਲ ਬਰਬਾਦੀ ਦਾ ਮੰਜ਼ਰ ਆਪਣੇ ਸਾਹਮਣੇ ਵੇਖਿਆ ਹੈ ਜਿਸ ਨੇ ਸਿੰਧ ਅਤੇ ਬਲੋਚਿਸਤਾਨ ਸੂਬੇ ਸਮੇਤ ਇਕ ਤਿਹਾਈ ਪਾਕਿਸਤਾਨ ਦਾ ਇਲਾਕਾ ਆਪਣੀ ਮਾਰ ਹੇਠ ਲੈ ਲਿਆ। ਕਰੀਬ 25000 ਸਕੂਲ, ਲੱਖਾਂ ਘਰ, ਹਸਪਤਾਲ, ਖੇਤ-ਖਲਿਆਣ, ਪਸ਼ੂ-ਧਨ, ਸੜਕਾਂ-ਪੁਲ ਆਧਾਰਤ ਮੁੱਢਲਾ ਢਾਂਚਾ ਤਹਿਸ-ਨਹਿਸ ਹੋ ਗਿਆ। ਦੇਸ਼ ਦਾ 30 ਬਿਲੀਅਨ ਅਮਰੀਕੀ ਡਾਲਰ ਦਾ ਨੁਕਸਾਨ ਹੋ ਗਿਆ ਹੈ। ਹਜ਼ਾਰਾਂ ਬੱਚੇ, ਬੁੱਢੇ, ਜਵਾਨ ਫੌਤ ਹੋ ਗਏ, ਲੱਖਾਂ ਲੋਕ ਬੇਘਰ ਹੋ ਗਏ ਹਨ। ਪਾਕਿਸਤਾਨ ਦੇ ਇਨ੍ਹਾਂ ਇਲਾਕਿਆਂ ਦੀ ਤਾਮੀਰ ਨੂੰ ਦਹਾਕੇ ਲੱਗ ਜਾਣਗੇ। ਬ੍ਰਾਜ਼ੀਲ, ਇੰਡੋਨੇਸ਼ੀਆ, ਕਾਂਗੋ ਅਤੇ ਹੋਰ ਕਈ ਦੇਸ਼ਾਂ ਵਿਚ ਵਾਤਾਵਰਨ ਸੰਤੁਲਨ ਲਈ ਜ਼ਰੂਰੀ 'ਬਰਸਾਤੀ ਜੰਗਲਾਂ' ਨੂੰ ਰਾਜਨੀਤੀਵਾਨਾਂ ਦੀ ਸ਼ਹਿ 'ਤੇ ਮਾਫ਼ੀਆ ਗਿਰੋਹਾਂ ਨੇ ਵੱਢਣਾ ਸ਼ੁਰੂ ਕੀਤਾ ਹੋਇਆ ਹੈ। ਬੈਲਜੀਅਮ ਦੇ ਖੇਤਰਫਲ ਜਿੰਨੇ ਇਲਾਕੇ ਵਿੱਚੋਂ ਬ੍ਰਾਜ਼ੀਲ ਵਿਚ ਹਰ ਸਾਲ ਬਰਸਾਤੀ ਜੰਗਲ ਵੱਢੇ ਜਾ ਰਹੇ ਹਨ। ਨਵੇਂ ਚੁਣੇ ਰਾਸ਼ਟਰਪਤੀ ਲੂਲਾ ਡਾ-ਸਿਲਵਾ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ। ਬਰਸਾਤੀ ਜੰਗਲਾਂ ਦੇ ਬਚਾਅ ਲਈ ਬ੍ਰਾਜ਼ੀਲ, ਕਾਂਗੋ ਤੇ ਇੰਡੋਨੇਸ਼ੀਆ ਵਿਚਾਲੇ ਇਕ ਸੰਧੀ ਹੋਈ ਹੈ।

ਇੱਥੇ ਰਹਿੰਦੇ ਜਾਨਵਰਾਂ, ਪੰਛੀਆਂ, ਕੀੜੇ-ਮਕੌੜਿਆਂ ਦਾ ਵੀ ਵਾਤਾਵਰਨ ਸੰਭਾਲ ਵਿਚ ਵੱਡਾ ਯੋਗਦਾਨ ਹੁੰਦਾ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਪਿਛਲੇ 25 ਸਾਲਾਂ ਵਿਚ ਵਿਸ਼ਵ ਦੀ 10 ਪ੍ਰਤੀਸ਼ਤ ਅਮੀਰ ਵਸੋਂ ਅੱਧੀ ਕਾਰਬਨ ਨਿਕਾਸੀ ਲਈ ਜ਼ਿੰਮੇਵਾਰ ਹੈ। ਕੀ ਵਾਤਾਵਰਨ ਤਬਦੀਲੀ ਦੇ ਕਹਿਰ ਤੋਂ ਇਨ੍ਹਾਂ ਦੀ ਅਮੀਰੀ ਇਨ੍ਹਾਂ ਨੂੰ ਬਚਾਅ ਲਵੇਗੀ। ਪ੍ਰਦੂਸ਼ਣ ਵਾਤਾਵਰਨ ਖ਼ਰਾਬੀ ਵਿਚ ਲਗਾਤਾਰ ਕਾਰਨ ਬਣ ਰਿਹਾ ਹੈ। ਹਸਪਤਾਲਾਂ, ਡਾਕਟਰਾਂ, ਨਰਸਾਂ, ਦਵਾਈਆਂ ਦੀ ਘਾਟ ਕਰਕੇ ਆਏ ਸਾਲ ਲੱਖਾਂ ਲੋਕ ਮਰ ਰਹੇ ਹਨ। ਵਿਸ਼ਵ ਅੰਦਰ ਸੁਰੱਖਿਆ ਖੇਤਰ ਵਿਚ ਵੱਡੀ ਤਬਦੀਲੀ ਵੇਖੀ ਜਾ ਰਹੀ ਹੈ। ਅਜੋਕੀ 21ਵੀਂ ਸਦੀ ਵਿਚ ਅਮਰੀਕਾ, ਬਰਤਾਨੀਆ, ਰੂਸ ਤੇ ਚੀਨ ਵਰਗੀਆਂ ਮਹਾ-ਸ਼ਕਤੀਆਂ ਦੀ ਫੂਕ ਨਿਕਲ ਚੁੱਕੀ ਹੈ।

ਅਮਰੀਕਾ ਅਤੇ ਨਾਟੋ ਦੇਸ਼ਾਂ ਦੀ ਅਫ਼ਗਾਨਿਸਤਾਨ, ਰੂਸ ਦੀ ਯੂਕਰੇਨ ਵਿਚ ਜੋ ਦੁਰਦਸ਼ਾ ਹੋਈ ਹੈ, ਉਸ ਤੋਂ ਪੂਰਾ ਵਿਸ਼ਵ ਜਾਣੂ ਹੈ। ਅਮਰੀਕੀ ਗਲੋਬਲ ਵਿਕਾਸ ਕੇਂਦਰ ਵਾਸ਼ਿੰਗਟਨ ਦੇ ਸੀਨੀਅਰ ਫੈਲੋ ਚਾਰਲਸ ਕੈਨੀ ਦਾ ਕਹਿਣਾ ਹੈ ਕਿ ਵਿਸ਼ਵ ਵਿਚ ਆਬਾਦੀ ਵਾਧਾ ਕੋਈ ਸਮੱਸਿਆ ਨਹੀਂ। ਸਾਨੂੰ ਆਪਣਾ ਉਪਭੋਗਤਾ ਪੈਟਰਨ ਬਦਲਣ ਦੀ ਲੋੜ ਹੈ।

# ਆਲਮੀ ਫੁੱਟਬਾਲ ਕੱਪ ਅਤੇ ਮਜ਼ਦੂਰਾਂ ਦੇ ਹਾਲਾਤ

(ਸਫਾ 2 ਦੀ ਬਾਕੀ)

ਮਾੜੇ ਹਾਲਾਤ ਵਿਚ ਕੰਮ ਕਰਨ, ਤਪਦੇ ਮਾਰੂਥਲ ਵਿਚ ਜਿਸਮ ਝੋਕਣ, ਗੁੰਝਲਦਾਰ ਜੀਵਨ ਜਿਉਣ ਲਈ ਮਜਬੂਰ ਹਨ। ਇਹ ਪਰਵਾਸੀ ਕਾਮੇ ਵਿਦੇਸ਼ਾਂ ਵਿਚ ਕੰਮ ਕਰਨ ਲਈ ਮੋਟੀਆਂ ਫੀਸਾਂ ਦਾ ਭੁਗਤਾਨ ਕਰਦੇ ਹਨ। 'ਦਿ ਗਾਰਡੀਅਨ' ਦੀ ਰਿਪੋਰਟ ਅਨੁਸਾਰ ਇੱਕ ਕਾਮੇ ਨੂੰ ਔਸਤਨ 3 ਲੱਖ ਬੰਗਲਾਦੇਸ਼ੀ ਟਕੇ ਦਾ ਭੁਗਤਾਨ ਕਰਨਾ ਪਿਆ ਜਿਹੜਾ ਲਗਭਗ 2900 ਡਾਲਰ ਦੇ ਬਰਾਬਰ ਹੈ। ਇਹ ਇਹਨਾਂ ਮਜ਼ਦੂਰਾਂ ਲਈ ਵੱਡੀ ਰਕਮ ਹੈ ਤੇ ਉਹ ਕਰਜ਼ਾ ਚੁੱਕ ਕੇ ਇਹ ਫੀਸਾਂ ਤਾਰਦੇ ਹਨ, ਇਸ ਉਮੀਦ ਨਾਲ ਕਿ ਅਰਬ ਮੁਲਕਾਂ ਵਿਚ ਉਹ ਚੰਗੀ ਕਮਾਈ ਕਰ ਕੇ ਆਪਣਾ ਪਰਿਵਾਰ ਪਾਲਣਗੇ। ਕਤਰ ਵਿਚ ਭਰਤੀ ਫੀਸਾਂ ਦੀ ਵਸੂਲੀ ਗੈਰ-ਕਾਨੂੰਨੀ ਹੈ ਪਰ ਇਸ ਦੇਸ਼ ਦੇ ਹਾਕਮ ਅਤੇ ਸਰਕਾਰਾਂ ਦੀ ਸਹਿਮਤੀ ਨਾਲ ਠੱਗੀ ਦਾ ਕੰਮ ਹੁੰਦਾ ਹੈ। ਸਟੇਡੀਅਮ ਬਣਾਉਣ ਵਾਲਿਆਂ ਦੀ ਔਸਤ ਤਨਖਾਹ ਲਗਭਗ 1000 ਕਤਰੀ ਰਿਆਲ (ਲਗਭਗ $275) ਪ੍ਰਤੀ ਮਹੀਨਾ ਹੈ। ਇਹ ਲਗਭਗ ਪ੍ਰਤੀ ਘੰਟਾ 1 ਡਾਲਰ ਦੀ ਉਜਰਤ ਦੇ ਬਰਾਬਰ ਹੈ।

ਪਾਕਿਸਤਾਨ, ਕੀਨੀਆ ਅਤੇ ਨੇਪਾਲ ਵਰਗੇ ਦੇਸ਼ਾਂ ਦੇ ਸੁਰੱਖਿਆ ਗਾਰਡਾਂ ਦਾ ਕਹਿਣਾ ਹੈ ਕਿ ਉਹ 12 ਘੰਟੇ ਦੀ ਸ਼ਿਫਟ ਵਿਚ ਮਿਹਨਤ ਕਰਦੇ ਹਨ ਅਤੇ ਮਹੀਨੇ ਵਿਚ 30 ਦਿਨ ਕੰਮ ਕਰਦੇ ਹਨ। ਕੀਨੀਆ ਦੇ ਇੱਕ ਸੁਰੱਖਿਆ ਗਾਰਡ ਨੇ ਕਿਹਾ ਕਿ ਕਾਫਾਲਾ ਏਜੰਟ ਮਜ਼ਦੂਰਾਂ ਨੂੰ ਕਤਰ ਵਿਚ ਉਡਾਣ ਭਰਨ ਤੋਂ ਬਾਅਦ ਮਿਲਣ ਵਾਲੀ ਤਨਖਾਹ ਬਾਰੇ ਝੂਠ ਬੋਲਦੇ ਹਨ। ਉਸ ਨੇ ਕਿਹਾ ਕਿ "ਇਹ ਜਾਲ਼ ਹੈ ਕਿਉਂਕਿ ਤੁਹਾਨੂੰ ਕੀਨੀਆ ਵਿਚ ਇੱਕ ਗੱਲ ਅਤੇ ਕਤਰ ਵਿਚ ਦੂਜੀ ਗੱਲ ਦੱਸੀ ਜਾਂਦੀ ਹੈ।" ਬਹੁਤ ਸਾਰੇ ਮਜ਼ਦੂਰ ਆਪਣੇ ਕਰਜ਼ੇ ਮੋੜਨ ਤੋਂ ਵੀ ਅਸਮਰੱਥ ਹਨ। ਕਰਜ਼ਿਆਂ ਦਾ ਦਬਾਅ ਮਜ਼ਦੂਰਾਂ ਦੀ ਖ਼ੁਦਕੁਸ਼ੀ ਦਾ ਕਾਰਨ ਬਣਦਾ ਹੈ। ਇੱਕ ਨੇਪਾਲੀ ਮਜ਼ਦੂਰ ਮਹਿਮਦ ਨਦਾਫ ਮਨਸੂਰ ਧੁਨੀਆ ਆਪਣੇ ਕੰਮ ਵਾਲੀ ਥਾਂ 'ਤੇ ਹੀ ਰੱਸੇ ਨਾਲ ਲਟਕ ਗਿਆ ਸੀ।

ਉੱਥੋਂ ਦੇ ਪ੍ਰਸ਼ਾਸਨ ਦਾ ਹਾਲ ਇਹ ਹੈ ਕਿ ਪਰਵਾਸੀ ਮਜ਼ਦੂਰਾਂ ਦੀਆਂ ਮੌਤਾਂ 'ਤੇ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ ਸਗੋਂ ਕਈ ਮਜ਼ਦੂਰਾਂ ਦੇ ਪਰਿਵਾਰਾਂ ਤੋਂ ਲਾਸ਼ਾਂ ਮੰਗਵਾਉਣ ਲਈ ਵੀ ਪੈਸੇ ਮੰਗੇ ਗਏ ਹਨ। 'ਇੰਡੀਅਨ ਐਕਸਪ੍ਰੈਸ' ਦੀ ਇਕ ਖ਼ਬਰ ਮੁਤਾਬਕ ਕਤਰ ਵਿਚ ਮਾਰੇ ਗਏ ਤਿਲੰਗਾਨਾ ਦੇ 40 ਸਾਲਾ ਰਜਿੰਦਰ ਪ੍ਰਭੂ ਦੇ ਪਰਿਵਾਰ ਤੋਂ ਉਸ ਦੀ ਲਾਸ਼ ਲਈ 5 ਲੱਖ ਰੁਪਏ ਮੰਗੇ ਗਏ ਸਨ। ਪਰਿਵਾਰ ਮੁਤਾਬਕ ਉਸ ਨੂੰ 2500 ਕਤਰੀ ਰਿਆਲ (ਕਰੀਬ 57,000 ਰੁਪਏ) ਦੀ ਤਨਖਾਹ ਦਾ ਵਾਅਦਾ ਕਰ ਕੇ ਕਤਰ ਦੀ ਇੱਕ ਕੰਪਨੀ ਨੇ 2016 ਵਿਚ ਭਰਤੀ ਕੀਤਾ ਸੀ ਪਰ ਕੰਮ 'ਤੇ ਲੱਗਣ ਤੋਂ ਬਾਅਦ ਉਸ ਨੂੰ 1000 ਕਤਰੀ ਰਿਆਲ (ਕਰੀਬ 23,000 ਰੁਪਏ) ਮਹੀਨਾ ਹੀ ਦਿੱਤੇ ਗਏ।

ਜਦੋਂ ਵਿਸ਼ਵ ਕੱਪ ਦੀ ਉਸਾਰੀ ਦੇ ਕੰਮ ਮੁਕੰਮਲ ਹੋ ਗਏ ਤਾਂ ਹਜ਼ਾਰਾਂ ਪਰਵਾਸੀ ਮਜ਼ਦੂਰਾਂ ਦੇ ਇਕਰਾਰਨਾਮੇ ਰੱਦ ਕਰ ਦਿੱਤੇ ਗਏ। ਬਹੁਤ ਸਾਰਿਆਂ ਨੂੰ ਬਿਨਾ ਤਨਖਾਹ ਘਰ ਵਾਪਸ ਭੇਜ ਦਿੱਤਾ ਗਿਆ ਕਿਉਂਕਿ ਹੁਣ ਕਤਰ ਦੀ ਸਰਕਾਰ 'ਦੇਸ਼ ਵਿਚ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਵਿਚ (ਵੱਧ ਤੋਂ ਵੱਧ) ਕਟੌਤੀ' ਕਰਨ ਦੀ ਯੋਜਨਾ ਨੂੰ ਲਾਗੂ ਕਰ ਰਹੀ ਹੈ। ਪ੍ਰਸ਼ਾਸਕੀ ਵਿਕਾਸ, ਕਿਰਤ ਅਤੇ ਸਮਾਜਿਕ ਮਾਮਲਿਆਂ ਦੇ ਮੰਤਰਾਲੇ ਦੇ ਨਿਰਦੇਸ਼ਾਂ ਅਨੁਸਾਰ 21 ਸਤੰਬਰ 2022 ਤੋਂ 18 ਜਨਵਰੀ 2023 ਦੇ ਅਰਸੇ ਦੌਰਾਨ ਗੈਰ-ਜ਼ਰੂਰੀ ਪਰਵਾਸੀ ਮਜ਼ਦੂਰਾਂ ਨੂੰ ਘਟਾਉਣ ਲਈ, ਸਾਰੇ ਠੇਕੇਦਾਰ ਮਜ਼ਦੂਰਾਂ ਲਈ ਯੋਜਨਾ ਤਿਆਰ ਕਰਨਗੇ। ਜਦੋਂ ਮੁਨਾਫ਼ੇ ਦੇ ਇਹਨਾਂ ਸੌਦਾਗਰਾਂ ਨੂੰ ਮਜ਼ਦੂਰਾਂ ਦੀ ਕੋਈ ਲੋੜ ਨਹੀਂ ਰਹਿੰਦੀ, ਉਦੋਂ ਉਹਨਾਂ ਨੂੰ ਦੁੱਧ ਵਿਚੋਂ ਮੱਖੀ ਵਾਂਗੂ ਬਾਹਰ ਕੱਢ ਮਾਰਦੇ ਹਨ। ਮਜ਼ਦੂਰਾਂ ਨੂੰ ਇਨਸਾਨ ਵਜੋਂ ਚਿਤਵਿਆ ਹੀ ਨਹੀਂ ਜਾਂਦਾ!

ਫੁੱਟਬਾਲ ਕੱਪ ਦੇ ਪ੍ਰਬੰਧਕ ਇਸ ਉੱਪਰ ਪਰਦਾ ਪਾ ਰਹੇ ਹਨ। ਇੱਕ ਪ੍ਰੈੱਸ ਕਾਨਫਰੰਸ ਦੌਰਾਨ ਫੀਫਾ ਦੇ ਪ੍ਰਧਾਨ ਇਨਫੈਂਟੀਨੋ ਨੇ ਕਤਰ ਦੇ 'ਜ਼ਮੀਨੀ ਸੁਧਾਰਾਂ' ਦੀ ਤਾਰੀਫ਼ ਕੀਤੀ ਜੋ 'ਹਜ਼ਾਰਾਂ ਕਾਮਿਆਂ ਦੇ ਜੀਵਨ ਨੂੰ ਬਿਹਤਰੀ ਲਈ ਬਦਲ ਰਹੇ ਹਨ।' ਉਸ ਨੇ ਇਸ ਆਲਮੀ ਫੁੱਟਬਾਲ ਕੱਪ ਨੂੰ 'ਸ਼ਾਂਤੀ ਅਤੇ ਏਕਤਾ ਦਾ ਸੁਨੇਹਾ' ਦੱਸਿਆ ਹੈ ਪਰ ਸੱਚਾਈ ਇਹ ਹੈ ਕਿ ਇਹ ਫੁੱਟਬਾਲ ਕੱਪ ਹਜ਼ਾਰਾਂ ਮਜ਼ਦੂਰਾਂ ਦੀ ਅੰਨ੍ਹੀ ਲੁੱਟ ਅਤੇ ਸੈਂਕੜੇ ਲਾਸ਼ਾਂ ਉੱਪਰ ਮਨਾਇਆ ਜਾ ਰਿਹਾ ਜਸ਼ਨ ਹੈ। ਇਸ ਜਸ਼ਨ ਵਿਚ ਅਮੀਰਜ਼ਾਦੇ ਇੱਕ ਇੱਕ ਮੈਚ ਦੀ ਟਿਕਟ ਲਈ ਕਰੀਬ 5000 ਡਾਲਰ ਖਰਚ ਕੇ 'ਸ਼ੌਕ' ਪੂਰੇ ਕਰਨਗੇ।

ਲੁੱਟ ਤੇ ਜਬਰ ਉੱਪਰ ਟਿਕੇ ਅਤੇ ਮੁਨਾਫੇ ਕੇਂਦਰਤ ਸਰਮਾਏਦਾਰਾ ਪ੍ਰਬੰਧ ਵਿਚ ਕਤਰ ਉਹ ਮਾਰੂਥਲ ਹੈ ਜਿੱਥੇ ਪਿੰਡੇ ਲੂੰਹਦਾ ਤਪਦਾ ਸੂਰਜ ਹੈ ਜਿਸ ਵਿਚ ਮਜ਼ਦੂਰ ਉਸਾਰੀ ਦਾ ਕੰਮ ਕਰਦੇ ਹਨ। ਮਾਨਸਿਕ ਦਬਾਅ, ਹੱਡ ਗਾਲ਼ਣ ਵਾਲਾ ਸਰੀਰਕ ਕੰਮ, ਛੋਟੀ ਉਮਰੇ ਮੌਤ ਦਾ ਕਾਰਨ ਬਣ ਜਾਂਦਾ ਹੈ। ਮਜ਼ਦੂਰਾਂ ਦੀਆਂ ਭਿਆਨਕ ਕੰਮ ਹਾਲਾਤ ਬਦਲਣ, ਚੰਗੇ ਜੀਵਨ ਪੱਧਰ, ਲੁੱਟ ਦੇ ਹਰ ਰੂਪ ਨੂੰ ਖਤਮ ਕਰਨ ਲਈ ਇੱਕੋ-ਇੱਕ ਰਾਹ ਜਥੇਬੰਦ ਹੋ ਕੇ ਸੰਘਰਸ਼ਾਂ ਦੇ ਰਾਹ ਪੈਣਾ ਹੈ। ਕਤਰ ਵਰਗੇ ਜਾਂ ਹੋਰ ਦੇਸ਼ਾਂ ਵਿਚ ਜਿੱਥੇ ਮਜ਼ਦੂਰ ਕੰਮ ਦੀ ਭਾਲ ਵਿਚ ਪਰਵਾਸ ਕਰਦੇ ਹਨ, ਉੱਥੇ ਅਲੱਗ ਅਲੱਗ ਦੇਸ਼ਾਂ ਦੇ ਮਜ਼ਦੂਰਾਂ ਨੂੰ ਧਾਰਮਿਕ, ਕੌਮੀ, ਨਸਲੀ, ਜਾਤੀ ਭੇਦਭਾਵ ਤੋਂ ਉੱਪਰ ਉੱਠ ਕੇ ਇੱਕਜੁਟ ਹੋ ਕੇ ਕੌਮਾਂਤਰੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ।

# ਫੀਫਾ ਵਿਸ਼ਵ ਕੱਪ ਅਤੇ ਕਤਰ ਨਾਲ ਜੁੜੇ ਵਿਵਾਦ ਕੀ ਨੇ

(ਸਫਾ 2 ਦੀ ਬਾਕੀ)

### ਸਰਦੀਆਂ ਵਿੱਚ ਕਰਵਾਇਆ ਗਿਆ ਵਿਸ਼ਵ ਕੱਪ

ਇਸ ਵਾਰ ਦਾ ਵਿਸ਼ਵ ਕੱਪ ਸਰਦੀ ਰੁੱਤੇ ਨਵੰਬਰ ਮਹੀਨੇ ਕਰਵਾਇਆ ਜਾ ਰਿਹਾ ਹੈ ਕਿਉਂਕਿ ਜੂਨ ਜੁਲਾਈ ਵਿੱਚ ਕਰਤ ਦਾ ਤਾਪਮਾਨ 40 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ ਤੇ ਕਈ ਵਾਰ ਇਸ ਤੋਂ ਵੀ ਵੱਧ ਹੋ ਜਾਂਦਾ ਹੈ।

* ਨਵੰਬਰ ਮਹੀਨੇ ਵੀ ਤਾਪਮਾਨ 25 ਡਿਗਰੀ ਸੈਲਸੀਅਸ ਤੱਕ ਹੈ।
* ਟੂਰਨਾਮੈਂਟਾਂ ਵਿੱਚ ਕਾਰਬਨ ਦਾ ਵਧੇਰੇ ਨਿਕਾਸ
* ਟੂਰਨਾਮੈਂਟ ਦੌਰਾਨ 36 ਲੱਖ ਟਨ ਕਾਰਬਨ ਡਾਈਆਕਸਾਈਡ ਦਾ ਨਿਕਾਸ ਹੋਵੇਗਾ।
* ਰੂਸ ਵਿਚ ਇਹ 21 ਲੱਖ ਟਨ ਸੀ।

### ਖਿਡਾਰੀਆਂ ਵਲੋਂ ਵੱਖ ਵੱਖ ਤਰੀਕੇ ਨਾਲ ਵਿਰੋਧ ਪ੍ਰਦਰਸ਼ਨ

ਕੌਮਾਂਤਰੀ ਸਿਆਸਤਦਾਨਾਂ ਅਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਦੀ ਆਲੋਚਨਾ ਦੇ ਨਾਲ-ਨਾਲ ਜ਼ਮੀਨ ਤੋਂ ਵੀ ਵਿਰੋਧ ਦੀਆਂ ਆਵਾਜ਼ਾਂ ਉੱਠ ਰਹੀਆਂ ਹਨ। ਡੈਨਮਾਰਕ ਮੈਚਾਂ ਦੌਰਾਨ ਆਪਣੀ 'ਛੋਟੀ ਜਰਸੀ' ਪਹਿਨੇਗਾ, ਜਿਸ 'ਤੇ ਦੇਸ਼ ਅਤੇ ਬ੍ਰਾਂਡ ਦੇ ਲੋਕ ਸ਼ਾਇਦ ਹੀ ਨਜ਼ਰ ਆਉਣਗੇ। ਟੀਮਾਂ ਦੀਆਂ ਬੇਨਤੀਆਂ ਦੇ ਬਾਵਜੂਦ, ਫੀਫਾ ਨੇ ਅਜੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਕੀ ਉਨ੍ਹਾਂ ਦੇ ਅਜਿਹਾ ਕਰਨ ਨਾਲ ਵਿਸ਼ਵ ਕੱਪ ਦੇ ਕਿਸੇ ਕਾਨੂੰਨ ਦੀ ਉਲੰਘਣਾ ਹੋਵੇਗੀ ਜਾਂ ਨਹੀਂ।

ਵਿਸ਼ਵ ਕੱਪ ਦੇ ਨਿਯਮਾਂ ਤਹਿਤ ਖਿਡਾਰੀਆਂ ਨੂੰ ਮੈਚ ਦੌਰਾਨ ਸਿਆਸੀ ਚਿੰਨ੍ਹਾਂ ਦੀ ਵਰਤੋਂ ਕਰਨ ਜਾਂ ਸਿਆਸੀ ਸੰਦੇਸ਼ ਦੇਣ ਦੀ ਇਜਾਜ਼ਤ ਨਹੀਂ ਹੈ। ਕੌਮਾਂਤਰੀ ਖੇਡ ਕਾਨੂੰਨ ਮਾਹਿਰ ਡਾਕਟਰ ਗ੍ਰੇਗਰੀ ਲੋਨਾਈਡਜ਼ ਦਾ ਮੰਨਣਾ ਹੈ ਕਿ ਫੁੱਟਬਾਲ ਦੀ ਅਧਿਕਾਰਿਤ ਬਾਡੀ ਦੇ ਸਾਹਮਣੇ ਸਖ਼ਤ ਚੁਣੌਤੀ ਹੈ। ਉਸ ਨੇ ਇਹ ਫ਼ੈਸਲਾ ਕਰਨਾ ਹੈ ਕਿ ਲੀਕ ਕਿੱਥੇ ਖਿੱਚਣੀ ਹੈ। ਉਹ ਕਹਿੰਦੇ ਹਨ,"ਨਾਰਵੇ ਦੇ ਖਿਡਾਰੀਆਂ ਨੇ ਹਾਲ ਹੀ ਵਿੱਚ ਆਪਣੀਆਂ ਟੀ-ਸ਼ਰਟਾਂ 'ਤੇ ਇੱਕ ਸੰਦੇਸ਼ ਲਿਖਿਆ ਹੈ, ਸਵਾਲ ਇਹ ਹੈ - ਕੀ ਇਸ ਨੂੰ ਸਿਆਸੀ ਸੰਦੇਸ਼ ਮੰਨਿਆ ਜਾਵੇਗਾ?"

"ਮੈਨੂੰ ਨਹੀਂ ਪਤਾ, ਕੀ ਤੁਸੀਂ ਇਹ ਪਰਿਭਾਸ਼ਿਤ ਕਰ ਸਕਦੇ ਹੋ ਕਿਹੜਾ ਸੰਦੇਸ਼ ਸਿਆਸੀ ਹੈ? ਮੈਨੂੰ ਨਹੀਂ ਲਗਦਾ ਕਿ ਕੋਈ ਵੀ ਇਸ ਨੂੰ ਪਰਿਭਾਸ਼ਿਤ ਕਰ ਸਕਦਾ ਹੈ, ਅਤੇ ਇਹ ਉਹ ਸਮੱਸਿਆ ਹੈ ਜਿਸ ਦਾ ਸਾਹਮਣਾ ਫੀਫਾ ਇਸ ਸਮੇਂ ਕਰ ਰਿਹਾ ਹੈ।" ਪਾਲ ਅਮਾਨ ਦਾ ਮੰਨਣਾ ਹੈ ਕਿ ਸਮਲਿੰਗੀ ਅਧਿਕਾਰ "ਇੱਕ ਬੁਨਿਆਦੀ ਸਮਾਜਿਕ ਮੁੱਦਾ ਹੈ, ਇਹ ਰਾਜਨੀਤਿਕ ਨਹੀਂ ਹੈ" ਅਤੇ ਸਮਲਿੰਗੀ ਅਧਿਕਾਰਾਂ 'ਤੇ ਬੋਲਣ ਲਈ ਖਿਡਾਰੀਆਂ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ। ਪਰ ਖਿਡਾਰੀਆਂ ਅਤੇ ਸਮਰਥਕਾਂ ਨੂੰ ਹੁਣ ਜਦੋਂ ਟੂਰਨਾਮੈਂਟ ਸ਼ੁਰੂ ਹੋ ਚੁੱਕੇ ਹਨ ਪਤਾ ਲੱਗੇਗਾ ਕਿ ਨਿਯਮਾਂ ਦੀ ਪਾਲਣਾ ਕਿਵੇਂ ਕੀਤੀ ਹੋਈ।

### ਮੱਧ ਪੂਰਬ ਨਾਲ ਵਿਤਕਰਾ

ਵਿਰੋਧ ਪ੍ਰਦਰਸ਼ਨਾਂ ਦੇ ਬਾਵਜੂਦ, ਕਤਰ ਦੇ ਸ਼ਾਸਕ ਤਮਾਮ ਬਿਨ ਹਮਾਦ ਅਲ਼ ਥਾਨੀ ਨੇ ਆਪਣੇ ਦੇਸ ਵਲੋਂ ਵਿਸ਼ਵ ਕੱਪ ਦੀ ਮੇਜ਼ਬਾਨੀ ਨੂੰ ਲੈ ਕੇ ਹੋ ਰਹੀ ਆਲੋਚਨਾ ਦਾ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ, "ਦਹਾਕਿਆਂ ਤੋਂ, ਮੱਧ ਪੂਰਬ ਨੂੰ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ। ਮੈਂ ਦੇਖਿਆ ਹੈ ਕਿ ਅਜਿਹੇ ਵਿਤਕਰੇ ਦਾ ਵੱਡਾ ਕਾਰਨ ਹੈ ਕਿ ਲੋਕ ਸਾਡੇ ਬਾਰੇ ਨਹੀਂ ਜਾਣਦੇ। ਬਹੁਤ ਸਾਰੇ ਮਾਮਲਿਆਂ ਵਿੱਚ ਉਹ ਸਾਨੂੰ ਸਮਝਣ ਤੋਂ ਕੋਰਾ ਹੀ ਇਨਕਾਰ ਕਰ ਦਿੰਦੇ ਹਨ।" ਉਸਨਾਂ ਇਹ ਵੀ ਦਾਅਵਾ ਕੀਤਾ ਹੈ ਕਿ ਕੁਝ ਲੋਕਾਂ ਨੇ, "ਹਮਲੇ ਕੀਤੇ ਹਨ, ਜੋ ਕਿ ਪਹਿਲਾਂ ਕਦੇ ਨਹੀਂ ਦੇਖੇ ਗਏ ਸਨ, ਅਜਿਹੇ ਹਮਲੇ ਉਦੋਂ ਨਹੀਂ ਹੋਏ ਜਦੋਂ ਕਿਸੇ ਹੋਰ ਦੇਸ ਜਾਂ ਕਿਸੇ ਹੋਰ ਮਹਾਂਦੀਪ ਵਿੱਚ ਅਜਿਹਾ ਵੱਡਾ ਖੇਡ ਸਮਾਗਮ ਆਯੋਜਿਤ ਕੀਤਾ ਗਿਆ ਹੋਵੇ।" ਉਹਨਾਂ ਕਿਹਾ ਹੈ ਕਿ 'ਕਤਰ ਨੇ ਤਰੱਕੀ, ਸੁਧਾਰ ਅਤੇ ਵਿਕਾਸ' ਕੀਤਾ ਹੈ ਜਿਸ ਉਪਰ ਉਨ੍ਹਾਂ ਨੂੰ ਮਾਣ ਹੈ। ਪਰ ਵਿਸ਼ਵ ਕੱਪ ਸ਼ੁਰੂ ਹੋਣ ਤੋਂ ਬਾਅਦ ਇਨ੍ਹਾਂ ਵਿਵਾਦਾਂ ਤੇ ਕੁਝ ਵਿਸ਼ਰਾਮ ਜ਼ਰੂਰ ਲੱਗਿਆ ਪਰ ਇਹ ਖ਼ਤਮ ਨਹੀਂ ਹੋਏ।

### ਕਤਰ ਨੂੰ ਫੀਫਾ ਵਰਲਡ ਕੱਪ 2022 ਦੀ ਮੇਜ਼ਬਾਨੀ ਕਿਵੇਂ ਮਿਲੀ

ਸਾਲ 2010 ਵਿੱਚ ਜਦੋਂ ਫੀਫਾ ਨੇ ਕਤਰ ਵਾਸਤੇ ਮੇਜ਼ਬਾਨੀ ਐਲਾਨ ਕੀਤਾ ਤਾਂ ਉਸ ਸਮੇਂ ਤੋਂ ਹੀ ਇਹ ਵਿਸ਼ਵ ਕੱਪ ਵਿਵਾਦਾਂ ਵਿੱਚ ਹੈ। ਕਤਰ ਨੇ ਅਮਰੀਕਾ, ਆਸਟ੍ਰੇਲੀਆ, ਦੱਖਣੀ ਕੋਰੀਆ ਤੇ ਜਾਪਾਨ ਵਰਗੇ ਦੇਸ਼ਾਂ ਨੂੰ ਪਿੱਛੇ ਛੱਡ ਕੇ ਇਹ ਮੇਜ਼ਬਾਨੀ ਹਾਸਲ ਕੀਤੀ ਸੀ। ਇਹ ਐਲਾਨ ਕਈਆਂ ਵਾਸਤੇ ਝਟਕੇ ਵਰਗਾ ਸੀ।

ਇਹ ਇਲਜ਼ਾਮ ਵੀ ਲੱਗੇ ਸਨ ਕਿ ਕਤਰ ਨੇ ਇਸ ਮੇਜ਼ਬਾਨੀ ਲਈ ਫੀਫਾ ਦੀ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਹੈ। ਬਾਅਦ ਵਿੱਚ ਫੀਫਾ ਵੱਲੋਂ ਇਨ੍ਹਾਂ ਇਲਜ਼ਾਮਾਂ ਦੀ ਜਾਂਚ ਕਰਵਾਈ ਗਈ ਜਿਸ ਵਿਚ ਕੋਈ ਠੋਸ ਸਬੂਤ ਨਹੀਂ ਮਿਲੇ। ਕਤਰ ਨੇ ਇਨ੍ਹਾਂ ਇਲਜ਼ਾਮਾਂ ਨੂੰ ਨਕਾਰਿਆ ਸੀ ਕੀ ਉਨ੍ਹਾਂ ਨੇ ਵੋਟਾਂ ਖਰੀਦੀਆਂ ਹਨ ਪਰ ਫਰਾਂਸੀਸੀ ਅਧਿਕਾਰੀਆਂ ਵੱਲੋਂ ਸ਼ੁਰੂ ਕੀਤੀ ਗਈ ਜਾਂਚ ਹੁਣ ਤੱਕ ਜਾਰੀ ਹੈ। ਸਾਲ 2020 ਵਿੱਚ ਅਮਰੀਕਾ ਨੇ ਫੀਫਾ ਦੇ ਤਿੰਨ ਅਧਿਕਾਰੀਆਂ ਉੱਤੇ ਪੈਸੇ ਲੈਣ ਦੇ ਇਲਜ਼ਾਮ ਲਗਾਏ ਸਨ।




## ਬੱਚਿਆਂ ਦਾ ਭਾਰ ਵਧਾਉਣ ਲਈ ਇਨ੍ਹਾਂ ਚੀਜ਼ਾਂ ਨੂੰ ਖ਼ੁਰਾਕ 'ਚ ਕਰੋ ਸ਼ਾਮਲ

ਅਕਸਰ ਮਾਪੇ ਆਪਣੇ ਬੱਚਿਆਂ ਦੇ ਘਟਦੇ ਭਾਰ ਨੂੰ ਲੈ ਕੇ ਚਿੰਤਤ ਰਹਿੰਦੇ ਹਨ। ਦਰਅਸਲ ਜਿਵੇਂ-ਜਿਵੇਂ ਬੱਚੇ ਵੱਡੇ ਹੁੰਦੇ ਹਨ, ਉਨ੍ਹਾਂ ਦੇ ਭਾਰ 'ਤੇ ਵੀ ਅਸਰ ਪੈਂਦਾ ਹੈ। ਘੱਟ ਵਜ਼ਨ ਕਾਰਨ ਬੱਚਿਆਂ ਨੂੰ ਕਈ ਬੀਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਾਰਨ ਮਾਪੇ ਚਿੰਤਾ 'ਚ ਰਹਿੰਦੇ ਹਨ। ਤੁਸੀਂ ਉਨ੍ਹਾਂ ਦੀ ਡਾਈਟ 'ਚ ਕੁਝ ਅਜਿਹੀਆਂ ਖਾਣ ਵਾਲੀਆਂ ਚੀਜ਼ਾਂ ਨੂੰ ਸ਼ਾਮਲ ਕਰ ਸਕਦੇ ਹੋ, ਜਿਸ ਨਾਲ ਬੱਚਿਆਂ ਦਾ ਭਾਰ ਆਸਾਨੀ ਨਾਲ ਵਧ ਸਕਦਾ ਹੈ।

ਕੇਲਾ- ਕੇਲੇ ਵਿੱਚ ਆਇਰਨ, ਕੈਲਸ਼ੀਅਮ, ਪੋਟਾਸ਼ੀਅਮ, ਫੋਲਿਕ ਐਸਿਡ ਅਤੇ ਕਈ ਹੋਰ ਪੋਸ਼ਕ ਤੱਤ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਜੋ ਭਾਰ ਵਧਾਉਣ 'ਚ ਮਦਦ ਕਰਦਾ ਹੈ। ਕੇਲੇ ਨੂੰ ਬੱਚਿਆਂ ਦੀ ਖ਼ੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਤੁਸੀਂ ਚਾਹੋ ਤਾਂ ਬੱਚਿਆਂ ਲਈ ਕੇਲੇ ਦਾ ਸ਼ੇਕ ਵੀ ਬਣਾ



ਸਕਦੇ ਹੋ। ਉਨ੍ਹਾਂ ਨੂੰ ਇਹ ਪੀਣਾ ਬਹੁਤ ਸਵਾਦ ਲੱਗੇਗਾ।

ਘਿਓ- ਘਿਓ ਵਿੱਚ ਵਿਟਾਮਿਨ-ਡੀ, ਕੈਲਸ਼ੀਅਮ ਅਤੇ ਹੋਰ ਪੋਸ਼ਕ ਤੱਤ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ। ਬੱਚਿਆਂ ਦੀ ਖ਼ੁਰਾਕ ਵਿੱਚ ਘਿਓ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਉਦਾਹਰਣ ਵਜੋਂ ਦਾਲ, ਚੌਲ, ਰੋਟੀ ਆਦਿ ਵਿੱਚ ਘਿਓ ਮਿਲਾ ਕੇ ਉਨ੍ਹਾਂ ਨੂੰ ਭੋਜਨ ਵਿੱਚ ਦਿੱਤਾ ਜਾ ਸਕਦਾ ਹੈ। ਇਹ ਬੱਚਿਆਂ ਦਾ ਭਾਰ ਵਧਾਉਣ 'ਚ ਮਦਦਗਾਰ ਹੈ। ਬੱਚਿਆਂ ਨੂੰ ਭੋਜਨ ਵਿੱਚ ਦੁੱਧ, ਪਨੀਰ, ਦਹੀਂ ਵੀ ਲੈਣਾ ਚਾਹੀਦਾ ਹੈ। ਡੇਅਰੀ ਉਤਪਾਦਾਂ ਵਿੱਚ ਪ੍ਰੋਟੀਨ ਦੀ ਮਾਤਰਾ ਵਧੇਰੇ ਹੁੰਦੀ ਹੈ।

ਆਂਡੇ- ਆਂਡੇ ਕੈਲਸ਼ੀਅਮ, ਪ੍ਰੋਟੀਨ ਅਤੇ ਹੋਰ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੇ ਹਨ। ਜੋ ਕਿ ਬੱਚਿਆਂ ਦੀ ਸਿਹਤ ਲਈ ਫਾਇਦੇਮੰਦ ਹੁੰਦਾ ਹੈ। ਤੁਸੀਂ ਬੱਚਿਆਂ ਨੂੰ ਉਬਲੇ ਹੋਏ ਆਂਡੇ ਖੁਆ ਸਕਦੇ ਹੋ।

ਆਲੂ- ਆਲੂਆਂ 'ਚ ਕਾਰਬੋਹਾਈਡ੍ਰੇਟ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ, ਜੋ ਬੱਚਿਆਂ ਦਾ ਭਾਰ ਵਧਾਉਣ 'ਚ ਬਹੁਤ ਮਦਦਗਾਰ ਹੁੰਦਾ ਹੈ। ਬੱਚੇ ਵੀ ਆਲੂ ਖਾਣਾ ਪਸੰਦ ਕਰਦੇ ਹਨ, ਇਸ ਲਈ ਤੁਸੀਂ ਉਨ੍ਹਾਂ ਨੂੰ ਉਬਲੇ ਜਾਂ ਤਲੇ ਹੋਏ ਆਲੂ ਵੀ ਖਾਣ ਲਈ ਦੇ ਸਕਦੇ ਹੋ। ਇਹ ਭਾਰ ਵਧਾਉਣ ਵਿੱਚ ਮਦਦ ਕਰ ਸਕਦੇ ਹਨ।

ਓਟਸ- ਓਟਸ ਕਾਰਬੋਹਾਈਡਰੇਟ ਅਤੇ ਕੈਲੋਰੀ ਨਾਲ ਭਰਪੂਰ ਹੁੰਦਾ ਹੈ, ਜੋ ਭਾਰ ਵਧਾਉਣ ਵਿੱਚ ਮਦਦ ਕਰਦਾ ਹੈ। ਤੁਹਾਨੂੰ ਆਪਣੇ ਬੱਚਿਆਂ ਦੀ ਖ਼ੁਰਾਕ ਵਿੱਚ ਓਟਸ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਇਹ ਭਾਰ ਵਧਾਉਣ ਵਿੱਚ ਮਦਦਗਾਰ ਹੋ ਸਕਦੇ ਹਨ।

ਸੁੱਕੇ ਮੇਵੇ- ਬੱਚਿਆਂ ਦਾ ਵਜ਼ਨ ਵਧਾਉਣ 'ਚ ਸੁੱਕੇ ਮੇਵੇ ਫਾਇਦੇਮੰਦ ਸਾਬਤ ਹੋ ਸਕਦੇ ਹਨ। ਇਹ ਪ੍ਰੋਟੀਨ ਅਤੇ ਹੋਰ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦਾ ਹੈ। ਤੁਸੀਂ ਬੱਚਿਆਂ ਦੀ ਖ਼ੁਰਾਕ ਵਿੱਚ ਮੂੰਗਫਲੀ, ਕਿਸ਼ਮਿਸ਼, ਅਖਰੋਟ ਆਦਿ ਨੂੰ ਸ਼ਾਮਲ ਕਰ ਸਕਦੇ ਹੋ।

## ਤਣਾਅ ਸਿਰਦਰਦ ਸਮੇਤ ਸ਼ੂਗਰ, ਕਬਜ਼ ਜਿਹੀਆਂ ਬਿਮਾਰੀਆਂ ਦਾ ਵੀ ਕਾਰਨ

ਸਰੀਰ ਦੇ ਹੋਰ ਅੰਗਾਂ ਵਾਂਗ ਦਿਮਾਗ ਨੂੰ ਵੀ ਆਰਾਮ ਦੀ ਲੋੜ ਹੁੰਦੀ ਹੈ। ਜਦੋਂ ਦਿਮਾਗ 'ਤੇ ਦਬਾਅ ਇਸਦੀ ਕੰਮ ਕਰਨ ਦੀ ਸਮਰੱਥਾ ਤੋਂ ਵੱਧ ਜਾਂਦਾ ਹੈ, ਤਾਂ ਇਹ ਇਸਦਾ ਭਾਰ ਨਹੀਂ ਝੱਲ ਸਕਦਾ। ਜਦੋਂ ਇਸ ਦੇ ਨਿਊਰੋਟ੍ਰਾਂਸਮੀਟਰ ਸਮੱਸਿਆਵਾਂ ਨੂੰ ਹੱਲ ਕਰਨ ਤੋਂ ਥੱਕ ਜਾਂਦੇ ਹਨ, ਤਾਂ ਵਿਅਕਤੀ ਦਾ ਤਣਾਅ ਸਿਰ ਦਰਦ ਅਤੇ ਚਿੜਚਿੜੇਪਨ ਵਰਗੇ ਲੱਛਣਾਂ ਦੇ ਰੂਪ 'ਚ ਪ੍ਰਗਟ ਹੁੰਦਾ ਹੈ। ਤਣਾਅ ਦਾ ਕਾਰਨ ਮਨੋਵਿਗਿਆਨਕ ਹੋ ਸਕਦਾ ਹੈ, ਪਰ ਇਸ ਦਾ ਵਿਅਕਤੀ ਦੀ ਸਰੀਰਕ ਸਿਹਤ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਦਿਮਾਗ ਸਾਡੇ ਸਰੀਰ 'ਚ ਇਕ ਮਾਸਟਰ ਕੰਪਿਊਟਰ ਵਾਂਗ ਕੰਮ ਕਰਦਾ ਹੈ। ਜਦੋਂ ਕੋਈ ਵਿਅਕਤੀ ਕਿਸੇ ਵੀ ਕਾਰਨ ਤਣਾਅ 'ਚ ਰਹਿੰਦਾ ਹੈ, ਤਾਂ ਇਹ ਉਸਨੂੰ ਕਈ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਨਾਲ ਪਰੇਸ਼ਾਨ ਕਰਨ ਲੱਗਦਾ ਹੈ, ਜੋ ਕਿ ਇਸ ਪ੍ਰਕਾਰ ਹਨ...

**ਇਨਸੌਮਨੀਆ-** ਤਣਾਅ ਦਾ ਅਸਰ ਸਭ ਤੋਂ ਪਹਿਲਾਂ ਵਿਅਕਤੀ ਦੀ ਨੀਂਦ 'ਤੇ ਪੈਂਦਾ ਹੈ। ਜਦੋਂ ਦਿਮਾਗ 'ਚ ਮੌਜੂਦ ਸਿੰਪੇਥੈਟਿਕ ਨਰਵ ਟ੍ਰਾਂਸਮੀਟਰ ਇਸ ਨਾਲ ਲੜਨ ਲਈ ਜ਼ਿਆਦਾ ਸਰਗਰਮ ਹੋ ਜਾਂਦੇ ਹਨ, ਤਾਂ ਵਿਅਕਤੀ ਨੂੰ ਇਨਸੌਨੀਆ ਦੀ ਸਮੱਸਿਆ ਹੁੰਦੀ ਹੈ।

**ਜ਼ੁਕਾਮ ਅਤੇ ਫਲੂ-** ਜੋ ਲੋਕ ਅਕਸਰ ਪਰੇਸ਼ਾਨ ਰਹਿੰਦੇ ਹਨ, ਉਨ੍ਹਾਂ ਦੇ ਦਿਮਾਗ ਦੇ ਨਿਊਰੋਟ੍ਰਾਂਸਮੀਟਰ ਤਣਾਅ ਨਾਲ ਲੜ ਕੇ ਕਮਜ਼ੋਰ ਹੋ ਜਾਂਦੇ ਹਨ। ਇਸ ਨਾਲ ਸਰੀਰ ਦਾ ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਜਦੋਂ ਅਸੀਂ ਤਣਾਅ ਵਿਚ ਹੁੰਦੇ ਹਾਂ ਤਾਂ ਜ਼ੁਕਾਮ ਅਤੇ ਬੁਖਾਰ ਵਰਗੀਆਂ ਸਮੱਸਿਆਵਾਂ ਸਾਨੂੰ ਵਾਰ-ਵਾਰ ਪਰੇਸ਼ਾਨ ਕਰਦੀਆਂ ਰਹਿੰਦੀਆਂ ਹਨ।

**ਹਾਈ ਬਲੱਡ ਪ੍ਰੈਸ਼ਰ-** ਤਣਾਅ 'ਚ,



ਸਰੀਰ ਦੀਆਂ ਖੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ ਅਤੇ ਦਿਲ ਦੀ ਧੜਕਣ ਵੱਧ ਜਾਂਦੀ ਹੈ। ਅਜਿਹੇ 'ਚ ਖੂਨ ਦਾ ਵਹਾਅ ਵਧਣਾ ਸੁਭਾਵਕ ਹੈ, ਜਿਸ ਕਾਰਨ ਵਿਅਕਤੀ ਦਾ ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ। ਜੇਕਰ ਸਹੀ ਸਮੇਂ 'ਤੇ ਇਸ 'ਤੇ ਕਾਬੂ ਨਾ ਪਾਇਆ ਜਾਵੇ, ਤਾਂ ਇਹ ਸਮੱਸਿਆ ਦਿਲ ਦੇ ਰੋਗਾਂ ਦਾ ਕਾਰਨ ਬਣ ਜਾਂਦੀ ਹੈ।

**ਸ਼ੂਗਰ-** ਤਣਾਅ ਦੇ ਕਾਰਨ, ਸ਼ੂਗਰ ਨੂੰ ਗਲੂਕੋਜ਼ 'ਚ ਬਦਲਣ ਵਾਲੇ ਹਾਰਮੋਨ, ਇਨਸੁਲਿਨ ਦੇ ਸੀਕ੍ਰੀਸ਼ਨ 'ਚ ਰੁਕਾਵਟ ਆਉਂਦੀ ਹੈ, ਜਿਸ ਕਾਰਨ ਖੂਨ 'ਚ ਸ਼ੂਗਰ ਦਾ ਪੱਧਰ ਵੱਧ ਜਾਂਦਾ ਹੈ।

**ਸਾਹ ਸਬੰਧੀ ਸਮੱਸਿਆਵਾਂ-** ਤਣਾਅ ਦੀ ਸਥਿਤੀ 'ਚ, ਸਾਹ ਲੈਣ ਦੀ ਗਤੀ ਤੇਜ਼ ਹੋ ਜਾਂਦੀ ਹੈ। ਇਸ ਕਾਰਨ ਵਿਅਕਤੀ 'ਚ ਅਸਥਮਾ ਵਰਗੇ ਲੱਛਣ ਦਿਖਾਈ ਦਿੰਦੇ ਹਨ। ਜੇਕਰ ਕਿਸੇ ਨੂੰ ਇਹ ਬੀਮਾਰੀ ਪਹਿਲਾਂ ਤੋਂ ਹੀ ਹੈ ਤਾਂ ਤਣਾਅ ਇਸ ਨੂੰ ਹੋਰ ਵਧਾ ਦਿੰਦਾ ਹੈ।

**ਮਾਈਗ੍ਰੇਨ-** ਜਦੋਂ ਹਾਲਾਤ ਪ੍ਰਤੀਕੂਲ ਹੁੰਦੇ ਹਨ, ਤਾਂ ਦਿਮਾਗ ਨੂੰ ਅਨੁਕੂਲ ਹੋਣ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ, ਜਿਸ ਨਾਲ ਵਿਅਕਤੀ ਲਈ ਤਣਾਅ ਪੈਦਾ ਹੁੰਦਾ ਹੈ। ਤਣਾਅ ਨਾਲ ਲੜਨ ਲਈ, ਦਿਮਾਗ ਤੋਂ ਕੁਝ ਕਿਸਮ ਦੇ ਰਸਾਇਣਾਂ ਦਾ ਸੀਕ੍ਰੀਸ਼ਨ ਹੁੰਦਾ ਹੈ, ਜਿਸ ਕਾਰਨ ਇਸ ਦੀਆਂ ਨਸਾਂ ਸੁੰਗੜ ਜਾਂਦੀਆਂ ਹਨ।

ਇਸ ਨਾਲ ਵਿਅਕਤੀ ਨੂੰ ਅਸਥਾਈ, ਪਰ ਗੰਭੀਰ ਸਿਰ ਦਰਦ ਜਾਂ ਮਾਈਗ੍ਰੇਨ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

## ਸਰਦੀਆਂ ਲਈ ਬਿਹਤਰੀਨ ਫਲ ਹੈ ਖਜੂਰ



ਸਰਦੀਆਂ ਦਾ ਮੌਸਮ ਸ਼ੁਰੂ ਹੋ ਗਿਆ ਹੈ ਅਤੇ ਜੇਕਰ ਤੁਸੀਂ ਇਸ ਮੌਸਮ 'ਚ ਰੋਜ਼ਾਨਾ ਦੋ ਖਜੂਰ ਖਾਓ ਤਾਂ ਕਈ ਫਾਇਦੇ ਹੋ ਸਕਦੇ ਹਨ। ਅਸਲ ਵਿੱਚ ਖਜੂਰ ਚਬਾਉਣ ਵਾਲੇ ਅਤੇ ਮਿੱਠੇ ਫਲ ਹਨ, ਜਿਸ ਵਿੱਚ ਬਹੁਤ ਸਾਰੇ ਖਣਿਜ, ਵਿਟ-ਾਮਿਨ ਅਤੇ ਫਾਈਬਰ ਹੁੰਦੇ ਹਨ। ਖਜੂਰ, ਜਿਸ ਨੂੰ ਫੀਨਿਕਸ ਡੈਕਟੀਲੀਫੇਰਾ ਵੀ ਕਿਹਾ ਜਾਂਦਾ ਹੈ, ਉੱਤਰੀ ਅਤੇ ਦੱਖਣੀ ਅਫਰੀਕਾ ਅਤੇ ਮੱਧ ਪੂਰਬ ਵਿੱਚ ਵਿਆਪਕ ਤੌਰ 'ਤੇ ਕਾਸ਼ਤ ਕੀਤੀ ਜਾਂਦੀ ਹੈ।

**ਕਬਜ਼ ਦੀ ਸਮੱਸਿਆ ਦੂਰ ਹੋ ਜਾਂਦੀ ਹੈ**

ਖਜੂਰ ਵਿੱਚ ਫਾਈਬਰ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਜੋ ਕਬਜ਼ ਤੋਂ ਛੁਟਕਾਰਾ ਪਾਉਣ ਅਤੇ ਪਾਚਨ ਵਿੱਚ ਸਹਾਇਤਾ ਕਰਨ ਵਿੱਚ ਮਦਦ ਕਰਦੀ ਹੈ। ਬ੍ਰਿਟਿਸ਼ ਜਰਨਲ ਆਫ ਨਿਊਟ੍ਰੀਸ਼ਨ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਅਨੁਸਾਰ, 21 ਦਿਨਾਂ ਲਈ ਇੱਕ ਦਿਨ ਵਿੱਚ ਸੱਤ ਖਜੂਰ ਖਾਣ ਨਾਲ ਅੰਤੜੀਆਂ ਦੀਆਂ ਗਤੀਵਿਧੀਆਂ ਵਿੱਚ ਮਹੱਤਵਪੂਰਨ ਸੁਧਾਰ ਹੋ ਸਕਦਾ ਹੈ। ਇਸ ਲਈ ਜੇਕਰ ਤੁਸੀਂ ਕਬਜ਼ ਤੋਂ ਪੀੜਤ ਹੋ, ਤਾਂ ਤੁਹਾਨੂੰ ਆਪਣੇ ਦਿਨ ਦੀ ਸ਼ੁਰੂਆਤ ਖਜੂਰਾਂ ਨਾਲ ਕਰਨੀ ਚਾਹੀਦੀ ਹੈ, ਇਨ੍ਹਾਂ ਨੂੰ ਆਪਣੀ ਸਵੇਰ ਦੀ ਸਮੂਦੀ, ਦਹੀਂ ਜਾਂ ਸਲਾਦ ਵਿੱਚ ਸ਼ਾਮਲ ਕਰੋ।

**ਕੈਂਸਰ ਦੇ ਖਤਰੇ ਨੂੰ ਘਟਾਉਂਦਾ ਹੈ**


2015 ਦੇ ਇਕ ਅਧਿਐਨ ਨੇ ਸੁਝਾਅ ਦਿੱਤਾ ਹੈ ਕਿ ਖਜੂਰਾਂ ਦਾ ਸੇਵਨ ਕੋਲਨ ਕੈਂਸਰ ਦੇ ਜ਼ੋਖਮ ਨੂੰ ਘਟਾ ਸਕਦਾ ਹੈ। ਖਜੂਰ 'ਚ ਪਾਏ ਜਾਣ ਵਾਲੇ ਹਾਈ ਫਾਈਬਰ ਅਤੇ ਪੌਲੀਫੇਨੋਲ ਕੈਂਸਰ ਤੋਂ ਬਚਾਉਂਦੇ ਹਨ।

**ਖਜੂਰ ਐਂਟੀ ਆਕਸੀਡੈਂਟਸ ਨਾਲ ਭਰਪੂਰ ਹੁੰਦੇ ਹਨ**

ਖਜੂਰ ਪੌਲੀਫੇਨੋਲ, ਫਲੇਵੋਨੋਇਡਸ ਅਤੇ ਕੈਰੋਟੀਨੋਇਡਸ ਨਾਲ ਭਰਪੂਰ ਐਂਟੀਆਕਸੀਡੈਂਟ ਹਨ, ਜੋ ਪੁਰਾਣੀ ਬਿਮਾਰੀ ਦੇ ਖਤਰੇ ਨੂੰ ਰੋਕਣ ਵਿੱਚ ਮਦਦ ਕਰਦੇ ਹਨ।ਸਾਰੇ ਸਮਾਨ ਕਿਸਮਾਂ ਦੇ ਸੁੱਕੇ ਮੇਵਿਆਂ ਵਿੱਚ ਖਜੂਰ ਵਿੱਚ ਸਭ ਤੋਂ ਵੱਧ ਐਂਟੀਆਕਸੀਡੈਂਟ ਤੱਤ ਹੁੰਦੇ ਹਨ। ਪੌਲੀਫੇਨੋਲ ਕੈਂਸਰ ਜਾਂ ਦਿਲ ਦੀ ਬਿਮਾਰੀ ਦੇ ਜੋਖਮ ਨੂੰ ਘਟਾ ਸਕਦੇ ਹਨ। ਫਲੇਵੋਨੋਇਡਸ ਮਹੱਤਵਪੂਰਨ ਐਂਟੀਆਕਸੀਡੈਂਟ ਵੀ ਹਨ, ਜੋ ਸੋਜਸ਼ ਨੂੰ ਘਟਾਉਣ ਅਤੇ ਸ਼ੂਗਰ, ਕੈਂਸਰ ਜਾਂ ਅਲਜ਼ਾਈਮਰ ਰੋਗ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਕੈਰੋਟੀਨੋਇਡ ਦਿਲ ਦੀ ਰੱਖਿਆ ਵੀ ਕਰਦੇ ਹਨ। ਖਜੂਰ ਵਿੱਚ ਬੀ ਵਿਟਾਮਿਨ ਦੇ ਨਾਲ-ਨਾਲ ਵਿਟਾਮਿਨ ਕੇ, ਆਇਰਨ, ਕੈਲਸ਼ੀਅਮ, ਮੈਂਗਨੀਜ਼, ਪੋਟਾਸ਼ੀਅਮ ਅਤੇ ਜ਼ਿੰਕ ਵੀ ਭਰਪੂਰ ਹੁੰਦਾ ਹੈ।

## ਪੇਟ ਦਰਦ ਦੀ ਸਮੱਸਿਆ ਨੂੰ ਚੁਟਕੀਆਂ 'ਚ ਦੂਰ ਕਰਦੈ ਕਾਲਾ ਲੂਣ

ਆਯੁਰਵੈਦ ਦੀ ਮੰਨੀਏ ਤਾਂ ਵਾਤ ਦੋਸ਼ ਕਾਰਨ ਪੇਟ ਦਰਦ ਦੀ ਸਮੱਸਿਆ ਹੁੰਦੀ ਹੈ। ਜਦੋਂ ਵਾਤ ਦੋਸ਼ ਅਸੰਤੁਲਿਤ ਹੋ ਜਾਂਦਾ ਹੈ ਤਾਂ ਪੇਟ ਵਿਚ ਕਿੱਲਾਂ ਚੁਭਣ ਵਰਗਾ ਦਰਦ ਹੁੰਦਾ ਹੈ। ਵਾਤ ਦੋਸ਼ ਕਾਰਨ ਪਾਚਨ ਤੰਤਰ ਕਮਜ਼ੋਰ ਹੋ ਜਾਂਦਾ ਹੈ। ਪਾਚਨ ਤੰਤਰ ਕਮਜ਼ੋਰ ਹੋਣ 'ਤੇ ਪੇਟ ਵਿਚ ਦਰਦ ਤੋਂ ਇਲਾਵਾ ਕਬਜ਼, ਗੈਸ ਦੀ ਸਮੱਸਿਆ, ਬਦਹਜ਼ਮੀ, ਐਸੀਡਿਟੀ ਆਦਿ ਲੱਛਣ ਮਹਿਸੂਸ ਹੁੰਦੇ ਹਨ। ਪੇਟ ਨਾਲ ਜੁੜੀਆਂ ਸਮੱਸਿਆਵਾਂ ਦੂਰ ਕਰਨ ਲਈ ਕਾਲੇ ਲੂਣ ਦਾ ਸੇਵਨ ਕਰ ਸਕਦੇ ਹੋ। ਕਾਲੇ ਲੂਣ 'ਚ ਲੈਕਸੇਟਿਵ ਗੁਣ ਪਾਇਆ ਜਾਂਦਾ ਹੈ। ਇਸ ਦਾ ਸੇਵਨ ਕਰਨ ਨਾਲ ਛਾਤੀ 'ਚ ਸਾੜ, ਸੋਜ਼ਿਸ਼ ਤੇ ਅਫਰੇਵੇਂ ਵਰਗੀ ਸਮੱਸਿਆ ਤੋਂ ਛੁਟਕਾਰਾ ਮਿਲਦਾ ਹੈ। ਅੱਗੇ ਜਾਣਦੇ ਹਾਂ ਪੇਟ ਦਰਦ 'ਚ ਲੂਣ ਦਾ ਸੇਵਨ ਕਰਨ ਦੇ 5 ਤਰੀਕੇ। ਇਸ ਵਿਸ਼ੇ ਬਾਰੇ ਬਿਹਤਰ ਜਾਣਕਾਰੀ ਲਈ ਅਸੀਂ ਲਖਨਊ ਦੇ ਵਿਕਾਸ ਨਗਰ ਸਥਿਤ ਪ੍ਰਾਂਜਲ ਆਯੁਰਵੈਦਿਕ ਕਲੀਨਿਕ ਦੇ ਡਾ. ਮਨੀਸ਼ ਸਿੰਘ ਨਾਲ ਗੱਲਬਾਤ ਕੀਤੀ।



**ਕਾਲਾ ਲੂਣ ਤੇ ਗੁਣਗੁਣਾ ਪਾਣੀ-** 1 ਛੋਟੇ ਚਮਚ ਅਦਰਕ ਦੇ ਰਸ ਨੂੰ ਕਾਲੇ ਲੂਣ ਨਾਲ ਮਿਲਾਓ। ਇਸ ਨੂੰ ਗੁਣਗੁਣੇ ਪਾਣੀ ਨਾਲ ਮਿਲਾ ਕੇ ਸਵੇਰੇ-ਸ਼ਾਮ ਪੀਓ। ਕਾਲਾ ਲੂਣ ਤੇ ਗੁਣਗੁਣੇ ਪਾਣੀ ਦਾ ਮਿਸ਼ਰਨ ਪੇਟ ਲਈ ਫਾਇਦੇਮੰਦ ਮੰਨਿਆ ਜਾਂਦਾ ਹੈ। ਇਸ ਵਿਚ ਪੇਟ ਦਰਦ, ਗੈਸ, ਬਦਹਜ਼ਮੀ, ਐਸੀਡਿਟੀ ਵਰਗੀ ਸਮੱਸਿਆ ਦੂਰ ਹੁੰਦੀ ਹੈ। ਪੁਦੀਨਾ ਤੇ ਕਾਲੇ ਲੂਣ ਦਾ ਮਿਸ਼ਰਨ ਵੀ ਪੇਟ ਦਰਦ ਦੂਰ ਕਰਨ ਦਾ ਸੌਖਾ ਇਲਾਜ ਹੈ। ਨਿੰਬੂ ਦਾ ਰਸ, ਪੁਦੀਨੇ ਦਾ ਰਸ, ਸ਼ਹਿਦ ਤੇ ਕਾਲਾ ਨਮਕ ਇਕ ਗਿਲਾਸ 'ਚ ਪਾਓ ਤੇ ਉਸ ਵਿਚ ਗੁਣਗੁਣਾ ਪਾਣੀ ਮਿਲਾ ਕੇ ਪੀ ਲਓ। ਪੇਟ ਦਰਦ ਦੂਰ ਹੋ ਜਾਵੇਗਾ।

ਅਜਵਾਈਨ ਤੇ ਕਾਲਾ ਲੂਣ- ਪੇਟ ਦਰਦ ਦੂਰ ਕਰਨ ਲਈ ਆਸਾਨ ਉਪਾਅ ਅਜ਼ਮਾਉਣਾ ਹੈ ਤਾਂ ਅਜਵਾਈਨ ਤੇ ਕਾਲੇ ਲੂਣ ਦਾ ਸੇਵਨ ਕਰੋ। ਅਜਵਾਈਨ ਨੂੰ ਤਵੇ 'ਤੇ ਹਲਕਾ ਜਿਹਾ ਭੁੰਨ ਲਓ। ਉਸ ਵਿਚ ਕਾਲਾ ਲੂਣ ਪਾਓ। ਇਸ ਮਿਸ਼ਰਨ ਨੂੰ ਬਿਨਾਂ ਚਬਾਏ, ਗੁਣਗੁਣੇ ਪਾਣੀ ਨਾਲ ਖਾ ਲਓ। ਦਿਨ ਵਿਚ 2 ਵਾਰ ਇਸ ਮਿਸ਼ਨਰ ਦਾ ਸੇਵਨ ਕਰੋ। ਯਾਤਰਾ ਦੌਰਾਨ ਇਸ ਮਿਸ਼ਰਨ ਨੂੰ ਏਅਰਟਾਈਟ ਕੰਟੇਨਰ 'ਚ ਰੱਖੋ। ਕਦੀ ਵੀ ਇਸ ਦਾ ਸੇਵਨ ਕਰ ਸਕਦੇ ਹੋ।

**ਧੁੰਨੀ 'ਤੇ ਲਗਾ ਕਾਲਾ ਲੂਣ ਤੇ ਹਿੰਗ-** ਪੇਟ ਦਰਦ ਮਹਿਸੂਸ ਹੋਣ 'ਤੇ 2 ਗ੍ਰਾਮ ਹਿੰਗ ਤੇ 2 ਗ੍ਰਾਮ ਕਾਲੀ ਮਿਰਚ ਨੂੰ ਮਿਲਾਓ। ਉਸ ਵਿਚ ਸਰ੍ਹੋਂ ਦਾ ਤੇਲ ਪਾ ਕੇ ਪੇਸਟ ਤਿਆਰ ਕਰੋ। ਇਸ ਪੇਸਟ ਨੂੰ ਧੁੰਨੀ 'ਚ ਗੋਲਾਈ 'ਚ ਲਗਾਓ। ਇਸ ਨਾਲ ਪੇਟ ਦਰਦ ਤੋਂ ਰਾਹਤ ਮਿਲੇਗੀ। ਪ੍ਰੈਗਨੈਂਸੀ ਦੌਰਾਨ ਕਬਜ਼ ਦੀ ਸਮੱਸਿਆ ਦੂਰ ਕਰਨ ਲਈ ਵੀ ਇਹ ਉਪਾਅ ਅਜ਼ਮਾ ਸਕਦੇ ਹੋ।

**ਕਾਲੇ ਲੂਣ ਦਾ ਚੂਰਨ-** ਕਾਲੇ ਲੂਣ ਦਾ ਸੇਵਨ ਕਰਨ ਨਾਲ ਪੇਟ 'ਚ ਮਰੋੜ ਤੇ ਦਰਦ ਦੀ ਸਮੱਸਿਆ ਦੂਰ ਹੁੰਦੀ ਹੈ। ਕਾਲੇ ਲੂਣ ਦਾ ਚੂਰਨ ਬਣਾਉਣ ਲਈ 2 ਗ੍ਰਾਮ ਸੁੱਕੀ ਅਦਰਕ ਲਓ ਤੇ ਉਸ ਵਿਚ 2 ਗ੍ਰਾਮ ਕਾਲੀ ਮਿਰਚ, 2 ਗ੍ਰਾਮ ਹਿੰਗ ਪਾਊਡਰ ਪਾ ਕੇ ਚੂਰਨ ਤਿਆਰ ਕਰੋ। ਇਸ ਚੂਰਨ ਨੂੰ ਸਵੇਰੇ ਗੁਣਗੁਣੇ ਪਾਣੀ ਨਾਲ ਲਓ। ਇਸ ਚੂਰਨ ਦਾ ਸੇਵਨ ਕਰਨ ਨਾਲ ਹਾਜ਼ਮਾ ਦਰੁਸਤ ਰਹਿੰਦਾ ਹੈ।

**ਕਾਲਾ ਲੂਣ ਤੇ ਲਸਣ ਦਾ ਰਸ-** ਪੇਟ ਦਰਦ ਤੋਂ ਛੁਟਕਾਰਾ ਪਾਉਣ ਲਈ 1 ਛੋਟਾ ਚਮਚ ਲਸਣ ਦਾ ਰਸ ਲਓ ਤੇ ਉਸ ਵਿਚ ਚੁਟਕੀ ਭਰ ਕਾਲਾ ਲੂਣ ਪਾ ਕੇ ਪੀ ਲਓ। ਸਵੇਰੇ-ਸ਼ਾਮ ਇਸ ਦਾ ਸੇਵਨ ਕਰਨ ਵਾਲੇ ਗੇਸ ਦੀ ਸਮੱਸਿਆ ਤੋਂ ਛੁਟਕਾਰਾ ਮਿਲੇਗਾ ਤੇ ਪੇਟ ਦਰਦ ਠੀਕ ਹੋ ਜਾਵੇਗਾ।

ਪੇਟ ਦਰਦ ਦੀ ਸਮੱਸਿਆ ਦੂਰ ਕਰਨ ਲਈ ਕਾਲੇ ਲੂਣ ਤੇ ਗੁਣਗੁਣੇ ਪਾਣੀ ਦਾ ਕੌਂਬੀਨੇਸ਼ਨ ਫਾਇਦੇਮੰਦ ਹੈ। ਕਾਲੇ ਲੂਣ ਨੂੰ ਚੂਰਨ ਦੇ ਰੂਪ 'ਚ ਖਾ ਸਕਦੇ ਹੋ। ਧੁੰਨੀ 'ਤੇ ਕਾਲਾ ਲੂਣ ਤੇ ਹਿੰਗ ਦੀ ਪੇਸਟ ਵੀ ਲਗਾ ਸਕਦੇ ਹੋ।

# MISSION
## PEAK BROCKERS, INC

**CALL A PROFESSIONAL AND GET THE BEST POSSIBLE PRICES AND HIGHEST PROFITS**

**I am a top rated Business and Commercial Real Estate broker with vast experience in Sales.**

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

**Acquisition and Financing of Commercial Real Estate.**






# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com
www.missionpeakbrokers.com

## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CABB
REALTOR

